# ਗਿਆਨੀ ਗਿਆਨ ਸਿੰਘ ਅਧਿਐਨ

ਪੰਜਾਬੀ ਸਾਹਿੱਤ ਸਮੀਖਿਆ ਬੋਰਡ
ਜਲੰਧਰ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

[illegible]

[illegible]

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਗਿਆਨੀ

# ਗਿਆਨ ਸਿੰਘ

ਅਧਿਐਨ

ਪ੍ਰਕਾਸ਼ਕ

ਪੰਜਾਬੀ ਸਾਹਿੱਤ ਸਮੀਖਿਆ ਬੋਰਡ

ਜਲੰਧਰ

Digitized by Panjab Digital Library | www.panjabdigilib.org



ਸਭ ਹੱਕ ਰਾਖਵੇਂ ਹਨ

**ਪਹਿਲੀ ਵਾਰ : ਦਸੰਬਰ ੧੯੬੦**

**ਚਿਤ੍ਰਕਾਰ : ਦਲੀਪ**

ਮਿਲਣ ਦਾ ਪਤਾ :

**ਲੁਧਿਆਨਾ ਬੁਕ ਸ਼ਾਪ**

ਦੀਪਕ ਸਿਨੇਮਾ ਰੋਡ, ਲੁਧਿਆਨਾ

ਪ੍ਰਿੰਟਰ :

**ਗਿ: ਸ਼ਾਦੀ ਸਿੰਘ ਐਮ. ਏ:**

**ਈਸਟ ਪੰਜਾਬ ਪ੍ਰਿੰਟਿੰਗ ਪ੍ਰੈਸ ਜਲੰਧਰ**

ਮੂਲ :

Digitized by Panjab Digital Library | www.panjabdigilib.org

ਗਿਆਨੀ ਗਿਆਨ ਸਿੰਘ ਜੀ
ਦੀ ਮਹਾਨ ਘਾਲਣਾ ਤੇ
ਪਵਿਤਰ ਯਾਦ
ਨੂੰ

Digitized by Panjab Digital Library | www.panjabdigilib.org

# ਪੁਸ਼ਪਮਾਲਾ


| | | |
|---|---|---|
| ਸ਼ਰਧਾ ਦੇ ਫੁਲ | ਸ੍ਰੀ ਵਿਦਿਆਲੰਕਾਰ ਤੇ ਸ: ਲਾਲ ਸਿੰਘ | |
| ਪ੍ਰਸਤਾਵਨਾ | ਪ੍ਰੋ: ਕਿਰਪਾਲ ਸਿੰਘ ਕਸੇਲ | ੫-੬ |
| ਗਿ: ਗਿਆਨ ਸਿੰਘ ਤੇ ਸੰਪ੍ਰਦਾਵਾਂ | ਮਹਾਰਾਜ ਗੁਰੂ ਜਗਜੀਤ ਸਿੰਘ | ੭ |
| ਵੰਸ਼ ਪ੍ਰਣਾਲੀ | ਪੱਧਤੀ ਨਾਮਾ | ੯ |
| ਗਿਆਨੀ ਜੀ ਦੀ ਵੰਸ਼ ਪਰੰਪਰਾ | ਸੰਤ ਚਕਰਵਰਤੀ | ੧੪ |
| ਗਿਆਨੀ ਗਿਆਨ ਸਿੰਘ:ਜੀਵਨ | ਪ੍ਰੋ: ਕਿਰਪਾਲ ਸਿੰਘ | ੧੭ |
| ਇਤਿਹਾਸਕਾਰ ਗਿ: ਗਿਆਨ ਸਿੰਘ | ਨਿਰਮਲ ਅਖਾੜਾ | ੭੩ |
| ਗਿ: ਜੀ ਦੀਆਂ ਲਿਖਤੀ ਯਾਦਗਾਰਾਂ | ਭਾਈ ਰਣਧੀਰ ਸਿੰਘ | ੭੭ |
| ਗਿ: ਗਿਆਨ ਸਿੰਘ ਰਚਿਤ ਪੰਥ ਪ੍ਰਕਾਸ਼ | ਅਵਤਾਰ ਸਿੰਘ ਅਜ਼ਾਦ | ੭੯ |
| ਗਿ: ਗਿਆਨ ਸਿੰਘ ਤੇ ਸ਼ਹੀਦ ਭੰਗੂ | ਪ੍ਰੋ: ਸ: ਸ: ਅਮੋਲ | ੯੪ |
| ਗਿ: ਜੀ ਦੀਆਂ ਹਿੰਦੀ ਰਚਨਾਵਾਂ | ਸ੍ਰੀ ਸ਼ਮਸ਼ੇਰ ਸਿੰਘ ਅਸ਼ੋਕ | ੧੦੪ |
| ਗਿ: ਗਿਆਨ ਸਿੰਘ ਦੇ ਪੁਰਖੇ | ਸ੍ਰੀ ਪ੍ਰੀਤਮ ਰਾਹੀ | ੧੧੭ |
| ਗਿ: ਗਿਆਨ ਸਿੰਘ ਦੀ ਵਾਰਤਕ | ਪ੍ਰ: ਪਰਮਿੰਦਰ ਸਿੰਘ | ੧੨੨ |
| ਗਿ: ਗਿਆਨ ਸਿੰਘ ਮੇਰੀ ਨਜ਼ਰ ਵਿਚ | ਸ: ਈਸ਼ਰ ਸਿੰਘ ਅਟਾਰੀ | ੧੨੯ |
| | | ੧੩੩ |


Digitized by Panjab Digital Library | www.panjabdigilib.org

Digitized by Panjab Digital Library | www.panjabdigilib.org



anjab Digital Library | www.pa

# ਸ਼ਰਧਾਂਜਲੀ

ਗਿਆਨੀ ਗਿਆਨ ਜੀ (੧੮੨੨-੧੯੨੧ ਈ.) ਪੰਜਾਬ ਦੇ ਇਕ ਮਹਾਨ ਸਾਹਿਤਕਾਰ ਹੋ ਗੁਜ਼ਰੇ ਹਨ। ਇਨ੍ਹਾਂ ਨੇ ਇਤਿਹਾਸ ਜੇਹੇ ਖੁਸ਼ਕ ਮਜ਼ਮੂਨ ਨੂੰ ਮਨੋਰੰਜਕ ਢੰਗ ਨਾਲ ਪੰਜਾਬੀ ਤੇ ਹਿੰਦੀ ਬੋਲੀਆਂ ਰਾਹੀਂ ਅੰਕਿਤ ਕੀਤਾ ਹੈ। ਤਵਾਰੀਖ਼ ਗੁਰੂ ਖ਼ਾਲਸਾ, ਸ਼ਮਸ਼ੇਰ ਖ਼ਾਲਸਾ, ਗੁਰਧਾਮ ਸੰਗ੍ਰਹਿ, ਨਿਰਮਲ ਪੰਥ ਪ੍ਰਦੀਪਕਾ, ਤਵਾਰੀਖ਼ ਅੰਮ੍ਰਿਤਸਰ ਤੇ ਲਾਹੌਰ, ਇਤਿਹਾਸ ਬਾਗੜੀਆਂ ਆਦਿ ਪੰਜਾਬੀ ਦੀਆਂ ਮਹਾਨ ਕਿਰਤਾਂ ਇਨ੍ਹਾਂ ਨੇ ਤਿਆਰ ਕੀਤੀਆਂ ਹਨ। ਇਸੇ ਤਰ੍ਹਾਂ ਹਿੰਦੀ ਭਾਸ਼ਾ ਦੇ ਖੇਤਰ ਵਿਚ ਪੰਥ ਪ੍ਰਕਾਸ਼ ਤੇ ਰਿਪੁਦਮਨ-ਪ੍ਰਕਾਸ਼ ਇਨ੍ਹਾਂ ਦੀਆਂ ਬਹੁਮੁੱਲੀਆਂ ਰਚਨਾਵਾਂ ਹਨ। ਅਜਿਹੇ ਮਹਾਨ ਪੰਜਾਬੀ ਨੂੰ, ਜਿਸ ਨੇ ਪੰਜਾਬੀ ਤੇ ਹਿੰਦੀ ਦੋਹਾਂ ਭਾਸ਼ਾਵਾਂ ਰਾਹੀਂ ਆਪਣੀ ਪ੍ਰਤਿਭਾ ਨੂੰ ਉਜਾਗਰ ਕੀਤਾ, ਮੈਂ ਸ਼ਰਧਾਂਜਲੀ ਭੇਟ ਕਰਦਾ ਹਾਂ। ਜੇ-ਕਰ ਸਮੂਹ ਪੰਜਾਬੀ ਇਨ੍ਹਾਂ ਦੇ ਪਾਏ ਪੂਰਨਿਆਂ ਤੇ ਚਲਣ ਤਾਂ ਪੰਜਾਬ ਉੱਨਤੀ ਦੇ ਪਥ ਤੇ ਛਾਲਾਂ ਮਾਰਦਾ ਅੱਗੇ ਵਧੇਗਾ।

ਗਿਆਨੀ ਗਿਆਨ ਸਿੰਘ ਜੀ ਦੀ ਯਾਦ ਪੰਜਾਬੀਆਂ ਨੂੰ ਹਰ ਸਾਲ ਮਨਾਉਣੀ ਲੋੜੀਂਦੀ ਸੀ, ਪਰ ਬੀਤ ਚੁੱਕੇ ਸਮੇਂ ਵਿਚ ਆਲਸ ਨੇ ਸਾਨੂੰ ਮਧੋਲੀ ਰੱਖਿਆ ਪਰਤੀਤ ਹੁੰਦਾ ਹੈ ਜਿਸ ਕਰਕੇ ਇਸ ਵਲੇ ਸਾਡਾ ਧਿਆਨ ਹੁਣ ਤਕ ਨਹੀਂ ਗਿਆ। ਪੰਜਾਬੀ ਸਾਹਿਤਕ ਮੀਖਿਆ ਬੋਰਡ, ਜਾਲੰਧਰ ਧੰਨਵਾਦ ਦਾ ਪਾਤਰ ਹੈ ਕਿ ਉਸ ਨੇ ਗਿਆਨੀ ਗਿਆਨ ਸਿੰਘ ਦੀ ਯਾਦ ਉਨ੍ਹਾਂ ਦੀ ਜਨਮ-ਭੂਮੀ ਪਿੰਡ ਲੌਂਗੋਵਾਲ ਜ਼ਿਲਾ ਸੰਗਰੂਰ ਵਿਚ ਮਨਾਉਣ ਦੀ ਪਰਪਾਟੀ ਚਲਾਈ ਹੈ। ਮੈਂ ਆਸ ਕਰਦਾ ਹਾਂ ਕਿ ਅੱਗੇ ਨੂੰ ਪੰਜਾਬ ਦੇ ਸਾਹਿਤਕਾਰ ਗਿਆਨੀ ਗਿਆਨ ਸਿੰਘ ਜੀ ਦੀ ਯਾਦ ਹਰ ਵਰ੍ਹੇ ਮਨਾਉਣ ਦਾ ਪਰੋਗਰਾਮ ਚਾਲੂ ਰੱਖਣਗੇ।

ਗਿਆਨੀ ਗਿਆਨ ਸਿੰਘ ਜੀ ਨਰਮਲੇ ਸਾਧੂ ਸਨ। ਨਿਰਮਲ ਪੰਥ ਪੰਜਾਬ ਦੇ ਸਾਹਿੱਤਕ ਖੇਤਰ ਵਿਚ ਸੱਚ-ਮੁੱਚ ਹੀ ਨਿਰਮਲਤਾ ਤੇ ਉੱਜਲਤਾ ਲਿਆਉਣ ਦੀ ਸਰਿਤਾ ਨੂੰ ਸਦ-ਪਰਵਾਹਿਤ ਰੱਖਣ ਵਾਸਤੇ ਚਲਾਇਆ ਗਿਆ ਸੀ। ਇਹ ਖ਼ੁਸ਼ੀ ਦੀ ਗੱਲ ਹੈ ਕਿ ਨਿਰਮਲ ਸੰਪ੍ਰਦਾਇ ਪਿਛਲੇ ਢਾਈ ਸੌ ਸਾਲਾਂ ਤੋਂ ਗੁਰੂ ਜੀ ਦੇ ਨਿਸਚਿਤ ਕੀਤੇ ਮਹਾਨ ਉਦੇਸ਼ ਨੂੰ ਪੂਰਾ ਕਰਦੀ ਆ ਰਹੀ ਹੈ। ਪੰਡਿਤ ਨਿਹਾਲ ਸਿੰਘ, ਈਸ਼ਰ ਸਿੰਘ, ਸਾਧੂ ਸਿੰਘ, ਤਾਰਾ ਸਿੰਘ ਨਰੋਤਮ, ਸੰਤ ਮੰਗਲ ਸਿੰਘ ਜੋਤਿਸ਼ੀ, ਕਵਿਰਾਜ ਸੰਤ ਸੰਗਤ ਸਿੰਘ ਤੋਲਾਵਾਲੀਏ, ਮਹੰਤ ਗਣੇਸ਼ਾ ਸਿੰਘ ਆਦਿ ਇਸੇ ਪ੍ਰਣਾਲੀ ਦੇ ਵਿਦਵਾਨ ਲੇਖਕ ਤੇ ਕਵੀ ਹੋ ਗੁਜ਼ਰੇ ਹਨ ਜਿਨ੍ਹਾਂ ਨੇ ਚੋਖਾ ਸਾਹਿੱਤ ਸਿਰਜਿਆ ਹੈ। ਗਿਆਨੀ ਗਿਆਨ ਸਿੰਘ ਜੀ ਵੀ ਇਕ ਅਜਿਹੇ ਹੀ ਸਾਹਿੱਤ-ਰਤਨ ਸਨ ਜਿਨ੍ਹਾਂ ਦੀ ਘਾਲ ਇਤਿਹਾਸਕ ਖੇਤਰ ਵਿਚ ਸੁਨਹਿਰੀ ਅੱਖਰਾਂ ਨਾਲ ਲਿਖੀ ਜਾਣ ਵਾਲੀ ਹੈ।

ਮੈਂ ਇਸ ਮਹਾਨ ਸਾਹਿੱਤਕਾਰ ਤੇ ਇਤਿਹਾਸਕਾਰ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦਾ ਹਾਂ।

ਅਮਰ ਨਾਥ ਵਿਦਿਆਲੰਕਾਰ,
ਵਿਦਿਆ ਤੇ ਭਾਸ਼ਾ ਮੰਤ੍ਰੀ, ਪੰਜਾਬ

Digitized by Panjab Digital Library | www.panjabdigilib.org

# ਸ਼ਰਧਾ ਦੇ ਫੁਲ

ਮਾਲਵੇ ਦੇ ਅਮੋਲਕ ਰਤਨਾਂ ਵਿਚੋਂ ਪਰਸਿਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਜੀ ਦਾ ਨਾਂ ਸੂਰਜ ਵਾਂਗ ਚਮਕ ਰਿਹਾ ਹੈ। ਪੰਜਾਬ ਦਾ ਇਤਿਹਾਸ ਲਿਖਣ ਲਈ ਜਿਤਨੀ ਘਾਲ ਉਨ੍ਹਾਂ ਨੇ ਘਾਲੀ ਉਹ ਅਜੇ ਤਕ ਕਿਸੇ ਹੋਰ ਇਕ ਲੇਖਕ ਦੇ ਹਿਸੇ ਨਹੀਂ ਆਈ । ਇਹ ਵੀ ਉਸ ਸਮੇਂ ਜਦੋਂ ਕਿ ਨਵੀਂ ਜਾਗਰਤੀ ਦੀ ਪ੍ਰਭਾਤ ਪੂਰੀ ਤਰ੍ਹਾਂ ਨਹੀਂ ਸੀ ਚੜ੍ਹੀ।ਉਹੋ ਜਿਹੇ ਹਾਲਾਤ ਵਿਚ ਆਪ ਨੇ ਜੋ ਪੰਜਾਬ ਦੀ ਅਤੇ ਪੰਜਾਬੀ ਜ਼ਬਾਨ ਦੀ ਸੇਵਾ ਕੀਤੀ, ਉਹ ਸਚ ਮੁਚ ਹੀ ਸੁਨਹਿਰੀ ਅਖਰਾਂ ਵਿਚ ਲਿਖੀ ਜਾਣ ਵਾਲੀ ਹੈ। ਗ਼ਰੀਬੀ ਦੀ ਹਾਲਤ ਵਿਚ ਘਰੋਂ ਨਿਕਲਕੇ ਤੇ ਥਾਂ ਥਾਂ ਫਿਰ ਕੇ ਵਿਦਿਆ ਪਰਾਪਤ ਕਰਨ ਉਪਰੰਤ ਜਿਵੇਂ ਉਨ੍ਹਾਂ ਲੇਖਕ ਦੇ ਤੌਰ ਤੇ ਆਪਣੇ ਆਪ ਨੂੰ ਤਿਆਰ ਕੀਤਾ, ਇਹ ਦਿਲਚਸਪ ਕਹਾਣੀ ਹੈ ਜੋ ਬਣਨ ਵਾਲੇ ਲੇਖਕਾਂ ਲਈ ਚਾਨਣ-ਮੁਨਾਰੇ ਦਾ ਕੰਮ ਦੇਣ ਵਾਲੀ ਹੈ।

ਪੰਜਾਬੀ ਸਾਹਿਤ ਨੂੰ ਆਪ ਦੀ ਸਭ ਤੋਂ ਵਡੀ ਦੇਣ ਪੰਜਾਬ ਦਾ ਇਤਿਹਾਸ ਹੈ ਜੋ ਚਾਰ ਪੰਜ ਹਿਸਿਆਂ ਵਿਚ ਵੇਰਵੇ-ਸਹਿਤ ਲਿਖਿਆ ਹੈ। ਉਹ ਜ਼ਮਾਨੇ ਜਦੋਂ ਕਿ ਇਸ, ਕੰਮ ਲਈ ਇਤਨੀ ਸਮਗਰੀ ਤੇ ਸਾਧਨ ਮੌਜੂਦ ਨਹੀਂ ਸਨ, ਆਪ ਨੇ ਨਵੀਆਂ ਲੀਹਾਂ ਪਾ ਕੇ ਇਕ ਮੋਢੀ ਇਤਿਹਾਸਤਕਾਰ ਵਾਲਾ ਕੰਮ ਕੀਤਾ। ਸਿੰਘ ਸਭਾ ਲਹਿਰ ਵਰਗੀ ਸੁਧਾਰਕ ਲਹਿਰ ਨੂੰ ਆਪਣੇ ਬੀਤੇ ਦੇ ਚਮਤਕਾਰ ਦਿਖਾ ਕੇ ਉਤਸ਼ਾਹਤ ਤੇ ਪਰੇਰਤ ਕਰਨਾ ਆਪ ਦੀ ਕਲਮ ਦਾ ਹੀ ਕੰਮ ਸੀ।

ਗਿਆਨੀ ਜੀ ਦੀ ਅਣਥਕ ਘਾਲ ਪੂਰਨ ਤੌਰ ਤੇ ਸਫਲ ਹੋਈ ਅਤੇ ਇਹਨਾਂ ਤੋਂ ਪਰੇਰਨਾ ਲੈ ਕੇ ਸਰਦਾਰ ਕਰਮ ਸਿੰਘ, ਬਾਬਾ ਪਰੇਮ ਸਿੰਘ ਹੋਤੀ, ਡਾਕਟਰ ਗੰਡਾ ਸਿੰਘ ਜੀ ਆਦਿ ਸਜਣ ਪੰਜਾਬ ਦੇ ਇਤਿਹਾਸ ਦੀ ਸੇਵਾ ਵਿਚ ਜੁਟ ਗਏ। ਅਜ ਪੰਜਾਬ ਦੇ ਇਤਿਹਾਸ ਦਾ ਮੁਹਾਂਦਰਾ ਨਿਖਰਦਾ ਆ ਰਿਹਾ ਹੈ। ਪ੍ਰਿਨਸੀਪਲ ਸੀਤਾ ਰਾਮ ਕੋਹਲੀ ਤੇ ਡਾਕਟਰ ਹਰੀ ਰਾਮ ਗੁਪਤਾ ਜੀ ਨੇ ਇਤਿਹਾਸ ਨੂੰ ਵਿਗਿਆਨਕ ਰੂਪ ਵਿਚ ਪੇਸ਼ ਕਰਨ ਦਾ ਸ਼ਲਾਘਾ-ਯੋਗ ਉਦਮ ਕੀਤਾ ਹੈ। ਅਸੀਂ ਆਸ ਕਰਦੇ ਹਾਂ ਕਿ ਸ਼ੀਘਰ ਹੀ ਪੰਜਾਬ ਦਾ ਇਤਿਹਾਸ ਵੀ ਉਸੇ ਛਬ ਨਾਲ ਦਮਕੇ ਗਾ ਜਿਵੇਂ ਭੂ-ਮੰਡਲ ਵਿਚ ਪੰਜਾਬਦੀ ਮਰਦਮ ਖੇਜ਼ ਧਰਤੀ ਡਲ੍ਹਕਦੀ ਹੈ ਭਵਿਖ ਦੀ ਇਸ ਛਬੀ ਨੂੰ ਪਿਛੋਕੜ ਵਿਚ ਗਿਆਨੀ ਗਿਆਨ ਸਿੰਘ ਜੀ ਦੀ ਮਰਜੀਵੜੀ ਘਾਲ ਰੌਸ਼ਨ ਕਰ ਰਹੀ ਹੋਵੇਗੀ। ਇਨ੍ਹਾਂ ਸ਼ਬਦਾਂ ਨਾਲ ਮੈਂ ਗਿਆਨੀ ਜੀ ਦੀ ਅਮਰ ਸ਼ਖਸੀਅਤ ਨੂੰ ਸ਼ਰਧਾਂ-ਜਲੀ ਭੇਟ ਕਰਦਾ ਹਾਂ।

ਲਾਲ ਸਿੰਘ

ਪ੍ਰਧਾਨ ਸੰਚਾਲਕ, ਭਾਸ਼ਾ ਵਿਭਾਗ, ਪੰਜਾਬ

Digitized by Panjab Digital Library | www.panjabdigilib.org

# ਪਰਸਤਾਵਨਾ

ਪੰਜਾਬੀ ਸਾਹਿਤ ਸਮੀਖਿਆ ਬੋਰਡ ਦੀ ਸਿਮਰਤੀ - ਗ੍ਰੰਥ ਲੜੀ ਦੀ ਇਹ ਦੂਜੀ ਪੁਸਤਕ ਹੈ । ਇਸ ਤੋਂ ਪੂਰਵ, ਇਕ ਰਚਨਾ, "ਭਾਈ ਵੀਰ ਸਿੰਘ ਸਿਮਰਤੀ ਗ੍ਰੰਥ' ਪ੍ਰਕਾਸ਼ਿਤ ਹੋ ਚੁਕੀ ਹੈ। ਹੁਣ ਇਸ ਪੁਸਤਕ ਨੂੰ ਪਾਠਕਾਂ ਸਾਹਮਣੇ ਭੇਟ ਕਰਕੇ ਬੋਰਡ ਨੂੰ ਉਚੇਚੀ ਖੁਸ਼ੀ ਮਹਿਸੂਸ ਹੋ ਰਹੀ ਹੈ ਕਿਉਂ ਜੋ ਇਸ ਦੁਆਰਾ ਬੋਰਡ ਦੇ ਆਪਣੇ ਆਦਰਸ਼ ਫਲੀ-ਭੂਤ ਹੋ ਰਹੇ ਹਨ ।

ਜਿਥੇ ਬੋਰਡ ਨੇ ਆਲੋਚਨਾ ਦੇ ਖੇਤਰ ਵਿਚ ਨਵੀਆਂ ਸੇਧਾਂ ਦੇਣੀਆਂ ਤੇ ਲੀਹਾਂ ਤੋਰਨੀਆਂ ਹਨ, ਉਥੇ ਹੋ ਚੁਕੇ ਮਹਾਨ ਸਾਹਿਤਕਾਰਾਂ ਨੂੰ ਵੀ ਲੋਕਾਂ ਦੀ ਯਾਦ-ਸ਼ਿਲਾ ਵਿਚ ਸੁਰਜੀਤ ਰੱਖਣਾ ਹੈ । ਇਸੇ ਉਦੇਸ਼ ਨੂੰ ਮੁਖ ਰਖ ਕੇ ਭਾਈ ਵੀਰ ਸਿੰਘ ਸਿਮਰਤੀ ਗ੍ਰੰਥ ਤੇ ਸਿਮਰਤੀ ਸਮਾਗਮ ਕੀਤਾ ਗਿਆ ਸੀ ਤੇ ਪਿਛੋਂ ਗਿਆਨੀ ਗਿਆਨ ਸਿੰਘ ਸਿਮਰਤੀ ਪੁਸਤਕ ਲਿਖਣ ਅਤੇ ਉਨ੍ਹਾਂ ਦੀ ਯਾਦ ਵਿਚ ਇਕ ਸਮਾਗਮ ਕਰਨ ਦੀ ਵਿਉਂਤ ਬਣਾਈ ਗਈ ਸੀ ।

ਗਿਆਨੀ ਗਿਆਨ ਸਿੰਘ ਜੀ ਪੰਜਾਬ ਦੇ ਮਹਾਨ ਸਾਹਿਤਕਾਰ ਤੇ ਇਤਿਹਾਸ-ਕਾਰ ਹੋ ਗੁਜ਼ਰੇ ਹਨ । ਆਪਣੀ ਸਾਰੀ ਜ਼ਿੰਦਗੀ ਹੀ ਉਨ੍ਹਾਂ ਨੇ ਦੇਸ਼-ਸੇਵਾ ਤੇ ਸਾਹਿਤ-ਰਚਨਾ ਵਿਰ ਖਰਚ ਕੀਤੀ ਹੈ । ਉਨ੍ਹਾਂ ਦੀ ਮਹਾਨ-ਰਚਨਾ 'ਪੰਥ ਪ੍ਰਕਾਸ਼' ਤੇ 'ਤਵਾਰੀਖ਼ ਗੁਰੂ ਖ਼ਾਲਸਾ' ਨੇ ਅਣਗਿਣਤ ਲੋਕਾਂ ਨੂੰ ਪ੍ਰੇਰਨਾ ਤੇ ਗਿਆਨ ਦਿਤਾ ਹੈ ਅਤੇ ਦੇਸ਼-ਸੇਵਾ ਦੀ ਲਗਨ ਲਾਈ ਹੈ। ਉਹ ਬ੍ਰਜ-ਭਾਸ਼ਾ ਦੇ ਮਹਾਨ-ਕਵੀ ਤੇ ਪੰਜਾਬੀ ਦੇ ਸਿਰਮੌਰ ਗਦਕਾਰ ਸਨ ਅਤੇ ਉਨ੍ਹਾਂ ਦੀ ਸਾਹਿਤਕ-ਘਾਲਣਾ ਇਕ ਵੱਡੇ-ਪ੍ਰਵਾਹ ਵਿਚ ਸਿੰਧੂ ਦੀ ਧਾਰਾ ਸਮਾਨ ਵਹਿੰਦੀ ਰਹੀ ਹੈ। ਅਜਿਹੇ ਮਾਰਤੰਡ ਤੇ ਉਤਕ੍ਰਿਸ਼ਟ ਸਾਹਿਤਕਾਰਾਂ ਦੇ ਕੀਤੇ ਉਪਕਾਰਾਂ ਨੂੰ ਵਿਸਰ ਜਾਣਾ, ਕਿਸੇ ਵੀ ਕੌਮ ਲਈ ਉਚਿਤ ਗਲ ਨਹੀਂ ਹੋ ਸਕਦੀ। ਸਗੋਂ ਉਨ੍ਹਾਂ ਦੀ ਯਾਦ ਨੂੰ, ਉਨ੍ਹਾਂ ਦੀ ਰਚਨਾ ਨਾਲ ਪ੍ਰੇਮ ਦਰਸਾ ਕੇ ਹਿਰਦਿਆਂ ਨਾਲ ਜੋੜੀ ਰਖਣ ਵਿਚ ਹੀ ਸਿਆਣਪ ਤੇ ਸੂਝ ਹੈ । ਗਿਆਨੀ ਜੀ ਦੀਆਂ ਪੁਸਤਕਾਂ ਗਿਆਨ ਤੇ ਕਾਵਿ ਦਾ ਅਖੁਟ ਭੰਡਾਰ ਹਨ ਅਤੇ ਉਨ੍ਹਾਂ ਦੀ ਆਪਣੀ ਦ੍ਰਿਸ਼ਟੀ ਬੜੀ ਵਿਸ਼ਾਲ ਤੇ ਉਤਮ ਹੈ । ਉਨ੍ਹਾਂ ਦੀ ਰਚਨਾ ਨੂੰ ਪੜ੍ਹਕੇ ਪਾਠਕ ਇਉਂ ਮਹਿਸੂਸ ਕਰਦਾ ਹੈ, ਜਿਵੇਂ ਉਹ ਕਿਸੇ ਮਹਾਨ-ਅਨੁਭਵੀ, ਸੁਚੀ ਲਗਨ ਵਾਲੀ ਮਹਾਂ-ਹੱਸਤੀ ਦੀ ਛੁਹ ਪ੍ਰਾਪਤ ਕਰ



Digitized by Panjab Digital Library | www.panjabdigilib.org

ਰਿਹਾ ਹੋਵੇ। ਕੀ ਕਵਿਤਾ ਤੇ ਕੀ ਗਦ, ਉਤਮ ਰੂਪ ਵਿਚ, ਉਨ੍ਹਾਂ ਵਿਚੋਂ ਇਕ ਝਰਨੇ ਵਾਂਗ ਝਰਦੀ ਹੈਅਤੇ ਉਸਦੇ ਭਰਪੂਰ ਉਛਾਲੇ ਤੇ ਤਰੰਗਾਂ ਪਾਠਕਾਂ ਦੇ ਮਨ ਨੂੰ ਮੋਂਹਦੀਆਂ ਜਾਂਦੀਆਂ ਹਨ। ਇਤਿਹਾਸਕਾਰ ਦੇ ਤੌਰ ਤੇ ਉਨ੍ਹਾਂ ਦਾ ਨਾਮ ਬੜਾ ਪ੍ਰਸਿੱਧ ਹੈ ਅਤੇ ਉਨ੍ਹਾਂ ਦੀ ਸੂਝ ਬਹੁਤ ਹੱਦ ਤੱਕ ਪਰਮਾਣੀਕ ਤੇ ਟਕਸਾਲੀ ਹੈ। ਭਾਈਸੰਤੋਖ ਸਿੰਘ ਜੀ ਤੋਂ ਪਿਛੋਂ, ਇਸ ਖੇਤਰ ਦੇ ਉਹ ਦੂਜੇ ਸ਼ਾਹਸਵਾਰ ਸਨ। ਇਹੋ ਕਾਰਣ ਹੈ ਕਿ ਮੈਨੂੰ ਇਸ ਪੁਸਤਕ ਰਾਹੀਂ ਬੋਰਡ ਵਲੋਂ ਸਵਰਗੀ ਗਿਆਨੀ ਜੀ ਨੂੰ ਸ਼ਰਧਾਂਜਲੀ ਭੇਟ ਕਰਕੇ ਖੁਸ਼ੀ ਪ੍ਰਾਪਤ ਹੋ ਰਹੀ ਹੈ। ਬੋਰਡ ਇਸ ਪੁਸਤਕ ਨਾਲ ਆਪਣੇ ਇਕ ਫਰਜ਼ ਤੋਂ ਸੁਰਖਰੂ ਹੋਇਆ ਹੈ।

ਇਸ ਪੁਸਤਕ ਵਿਚ, ਅਸੀਂ ਆਪਣੇ ਵਲੋਂ ਪੂਰਾ ਜਤਨ ਕੀਤਾ ਹੈ ਕਿ ਗਿਆਨੀ ਜੀ ਦੀ ਪ੍ਰਤਿਭਾ ਦੇ ਵੱਧ ਤੋਂ ਵੱਧ ਪੱਖਾਂ ਉਤੇ ਪ੍ਰਕਾਸ਼ ਪਾਉਣ ਦਾ ਯਤਨ ਕਰੀਏ—ਕੁਝ ਸੱਜਣਾਂ ਦੇ ਲੇਖ ਵੇਲੇ ਸਿਰ ਨਾ ਪੁਜਣ ਕਰਕੇ ਹੋ ਸਕਦਾ ਹੈ ਕਿ ਕੁਝ ਪੱਖ ਹਾਲੀਂ ਵੀ ਰਹਿ ਗਏ ਹੋਣ; ਫਿਰ ਵੀ ਇਹ ਪੁਸਤਕ ਕਾਫ਼ੀ ਹੱਦ ਤਕ ਉਨ੍ਹਾਂ ਦੀ ਪ੍ਰਤਿਭਾ ਨਾਲ ਨਿਆਂ ਕਰ ਸਕਣ ਦੇ ਸਮਰਥ ਹੈ ਅਤੇ ਇਸਦੇ ਲੇਖ ਬੜੀ ਮਿਹਨਤ ਤੇ ਖੋਜ ਭਾਲ ਤੋਂ ਪਿਛੋਂ ਲਿਖੇ ਗਏ ਹਨ। ਸੰਤ ਇੰਦਰ ਸਿੰਘ ਚਕਰਵਰਤੀ, ਜੋ ਬੋਰਡ ਦੇ ਸਰਗਰਮ ਮੈਂਬਰ ਹਨ, ਦਾ ਲੇਖ ਖਾਸ ਤੌਰ ਤੇ ਉਲੇਖਯੋਗ ਹੈ। ਉਨ੍ਹਾਂ ਨੇ ਕਈ ਦੁਰਲੱਭ ਸੋਮਿਆਂ ਤੋਂ ਸਾਮਗ੍ਰੀ ਇਕੱਤਰ ਕਰਕੇ ਗਿਆਨੀ ਜੀ ਦੇ ਜੀਵਨ ਤੇ ਰਚਨਾਵਾਂ ਸਬੰਧੀ ਭਰਪੂਰ ਵਾਕਫੀਅਤ ਦੇਣ ਦਾ ਯਤਨ ਕੀਤਾ ਹੈ ਅਤੇ ਗਿਆਨੀ ਜੀ ਸਬੰਧੀ ਇਹ ਆਪਣੀ ਕਿਸਮ ਦਾ ਪਹਿਲਾ ਲੇਖ ਹੈ। ਅਸੀਂ ਸ: ਰਣਧੀਰ ਸਿੰਘ ਰੀਸਰਚ ਸਕਾਲਰ,ਸਿਖ ਇਤਿਹਾਸ ਤੇ ਪ੍ਰੋ: ਕਿਰਪਾਲ ਸਿੰਘ ਅਧਿਅਖਸ਼ ਸਿਖ ਇਤਿਹਾਸ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ ਦੇ ਵਿਸ਼ੇਸ਼ ਤੌਰ ਤੇ ਧੰਨਵਾਦੀ ਹਾਂ ਜਿਨ੍ਹਾਂ ਨੇ ਸਾਨੂੰ ਆਪਣੇ ਕੀਮਤੀ ਲੇਖ ਇਸ ਪੁਸਤਕ ਲਈ ਛਾਪਣ ਲਈ ਭੇਜੇ। ਇਸ ਤੋਂ ਉਪ੍ਰੰਤ ਬੋਰਡ ਦੇ ਮੈਂਬਰਾਂ ਦਾ ਵੀ ਉਚੇਚਾ ਧੰਨਵਾਦ ਹੈ, ਜਿਨ੍ਹਾਂ ਨੇ ਇਸ ਪੁਸਤਕ ਲਈ ਲੇਖ ਲਿਖੇ ਤੇ ਬੋਰਡ ਦੇ ਇਸ ਯਤਨ ਨੂੰ ਸਫਲ ਬਣਾਇਆ ਹੈ। ਪੰਡਤ ਅਮਰ ਨਾਥ ਵਿਦਿਆਲੰਕਾਰ ਜੀ ਵਿਦਿਆ ਮੰਤਰੀ ਪੰਜਾਬ ਦੇ ਵੀ ਅਸੀਂ ਦਿਲੋਂ ਰਿਣੀ ਹਾਂ ਜਿਨ੍ਹਾਂ ਨੇ ਇਸ ਅਵਸਰ ਉਤੇ ਇਸ ਪੁਸਤਕ ਲਈ ਸ਼ੁਭ ਇਛਾਵਾਂ ਦਾ ਸੰਦੇਸ਼ ਭੇਜਿਆ ਹੈ ਤੇ ਇਸ ਸਮਾਰੋਹ



Digitized by Panjab Digital Library | www.panjabdigilib.org

ਦੀ ਪ੍ਰਧਾਨਗੀ ਕਰਨ ਦਾ ਮਾਣ ਬਖ਼ਸ਼ਿਆ ਹੈ। ਬੋਰਡ ਇਸ ਅਵਸਰ ਉਤੇ ਪੰਜਾਬ ਸਰਕਾਰ ਤੇ ਭਾਸ਼ਾ ਵਿਭਾਗ ਦਾ ਵੀ ਰਿਣੀ ਹੈ ਜਿਨ੍ਹਾਂ ਦੀ ਮਾਇਕ ਸਹਾਇਤਾ ਦਵਾਰਾ ਇਹ ਪੁਸਤਕ ਪਾਠਕਾਂ ਤਕ ਆ ਸਕੀ ਹੈ। ਬੋਰਡ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦਾ ਵੀ ਧੰਨਵਾਦੀ ਹੈ ਜਿਨਾਂ ਨੇ ਇਸ ਉਦੇਸ਼ ਲਈ ੨੦੦ ਰੁਪੈ ਦੀ ਸਹਾਇਤਾ ਦੇਣੀ ਪ੍ਰਵਾਨ ਕੀਤੀ ਹੈ। ਮਹਾਰਾਜਾ ਸ੍ਰੀ ਜਗਜੀਤ ਸਿੰਘ ਜੀ ਦਾ ਵੀ ਹਾਰਦਿਕ ਧੰਨਵਾਦ ਹੈ, ਜਿਨ੍ਹਾਂ ਨੇ ਸਾਡੀ ਬੇਨਤੀ ਨੂੰ ਪ੍ਰਵਾਨ ਕਰਕੇ ਇਕ ਲੇਖ ਇਸ ਪੁਸਤਕ ਲਈ ਭੇਜਿਆ ਹੈ ਅਤੇ ਗਿਆਨੀ ਗਿਆਨ ਸਿੰਘ ਸਿਮਰਤੀ ਸਮਾਰੋਹ ਵਿਚ ਦਰਸ਼ਨ ਦੇ ਕੇ ਇਸ ਸਮਾਗਮ ਨੂੰ ਉਦਘਾਟਣ ਕਰਨ ਦੀ ਖੁਸ਼ੀ ਦਿਤੀ ਹੈ।

ਅੰਤ ਵਿਚ, ਮੈਂ ਸ: ਈਸ਼ਰ ਸਿੰਘ ਅਟਾਰੀ, ਸਕਤ੍ਰ, ਪੰਜਾਬੀ ਸਾਹਿਤ ਸਮੀਖਿਆ ਬੋਰਡ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਬੜੀ ਕਠਿਨ ਮਿਹਨਤ ਕਰਕੇ ਉਤਸ਼ਾਹ ਤੇ ਗਰਮ ਜੋਸ਼ੀ ਨਾਲ ਇਸ ਪੁਸਤਕ ਨੂੰ ਇਤਨੇ ਸੁੰਦਰ ਰੂਪ ਵਿਚ ਤਿਆਰ ਕਰਵਾਇਆ ਹੈ ਅਤੇ ਇਸ ਦੇ ਲੇਖ ਇਕਤਰ ਕਰਨ ਅਤੇ ਇਸ ਨੂੰ ਛਪਵਾਉਣ ਵਿਚ ਦਿਨ-ਰਾਤ ਮਿਹਨਤ ਕੀਤੀ ਹੈ। ਸੰਤ ਇੰਦਰ ਸਿੰਘ ਚਕ੍ਰਵਰਤੀ ਜੀ ਨੇ, ਗਿਆਨ ਸਿੰਘ ਸਿਮਰਤੀ ਸਮਾਰੋਹ ਕਮੇਟੀ ਦੇ ਕਨਵੀਨਰ ਦੇ ਰੂਪ ਵਿਚ ਇਸ ਯੋਜਨਾ ਨੂੰ ਸਿਰੇ ਚਾੜ੍ਹਨ ਵਿਚ, ਜੋ ਉਚੇਰਾ ਉਦਮ ਕੀਤਾ ਹੈ ਅਤੇ ਉਨ੍ਹਾਂ ਦੇ ਨਾਲ ਹੀ ਪੰਜਾਬੀ ਸਾਹਿਤ ਸਭਾ ਬਰਨਾਲਾ ਤੇ ਵਿਸ਼ੇਸ਼ ਕਰਕੇ ਸ: ਜਗੀਰ ਸਿੰਘ ਜਗਤਾਰ ਨੇ ਇਸ ਸੰਬੰਧ ਵਿਚ ਜੋ ਬਹੁਮੁਲਾ ਸਹਿਯੋਗ ਦਿਤਾ ਹੈ,ਉਸ ਪ੍ਰਤੀ ਵੀ ਬੋਰਡ ਹਾਰਦਿਕ ਧੰਨਵਾਦ ਪ੍ਰਗਟ ਕਰਦਾ ਹੈ।

ਕਿਰਪਾਲ ਸਿੰਘ ਕਸੇਲ
ਜਨਰਲ ਸਕੱਤਰ
ਪੰਜਾਬੀ ਸਾਹਿਤ ਸਮੀਖਿਆ ਬੋਰਡ

ਜਲੰਧਰ
੨੯-੧੨-੬੦



Digitized by Panjab Digital Library | www.panjabdigilib.org

# ਗਿਆਨੀ ਗਿਆਨ ਸਿੰਘ ਜੀ

ਤੇ

# ਸ੍ਰੀ ਗੁਰੂ ਨਾਨਕ ਸੰਪ੍ਰਦਾਵਾਂ

ਮੈਨੂੰ ਇਸ ਗਲ ਦੀ ਹਾਰਦਕ ਪ੍ਰਸੰਨਤਾ ਹੈ ਕਿ ਮੈਨੂੰ ਸ੍ਰੀ ਮਾਨ ਗਿਆਨੀ ਗਿਆਨ ਸਿੰਘ ਜੀ ਸਿਮ੍ਰਤੀ ਸਮਾਰੋਹ, ਅਵਸਰ ਵੇਖਣ ਦਾ ਇਹ ਸੁਭਾਗ ਪ੍ਰਾਪਤ ਹੋਇਆ ਹੈ। ਇਹ ਸਮਾਰੋਹ ਸਿਮ੍ਰਤੀ-ਸਮਾਰੋਹ ਨਾ ਹੋ ਕੇ ਜੇ ਕਿਤੇ; ਜਦ ਗਿਆਨ ਜੀ ਦਾ ਦੇਵਾਵਿਸਾਨ (ਦਿਹਾਂਤ) ਨਹੀਂ ਸੀ ਹੋਇਆ, ਤਦ ਅਭਿਨੰਦਨ—ਸਮਾਰੋਹ ਹੁੰਦਾ, ਉਸਦੀ ਗਿਆਨੀ ਜੀ ਨੂੰ ਤੇ ਕੋਈ ਖੁਸ਼ੀ ਹੁੰਦੀ ਜਾਂ ਨਾ ਪਰ ਮੇਰੇ ਪੂਜਯ ਪਿਤਾ ਗੁਰੂ ਦੇਵ ਬਹੁਤ ਹੀ ਪ੍ਰਸੰਨ ਹੁੰਦੇ।

ਸੰਨ ੧੯੨੧ ਈ: ਦੇ ਸਾਵਨ ਦੇ ਸ਼ਾਇਦ ਦਿਹਾੜੇ ਸਨ। ਮੇਰੇ ਅਟਲ ਪ੍ਰਤਾਪੀ ਸ੍ਰੀ ਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਨੇ, ਆਪਣੇ ਨਿਜ ਸੇਵਕ ਅਤੇ ਨਾਮਧਾਰੀ ਦਰਬਾਰ ਦੇ ਕਾਰਜ ਕਰਤਾ, ਸੰਤ ਇੰਦਰ ਸਿੰਘ ਚਕ੍ਰਵਰਤੀ ਨੂੰ, ਗਿਆਨੀ ਜੀ ਨੂੰ ਸ਼ਰਧਾਂਜਲੀ ਸਿਰੋਪਾ ਅਰਪਨ ਕਰਨ, ਰੇਸ਼ਮੀ ਦਸਤਾਰ, ਮਾਲਾ, ਊਪਏ, ਆਸਣ, ਗੜਵਾ ਅਤੇ ੧੦੧ ਰੁਪੈ ਦੇ ਕੇ ਨਾਭੇ ਗਿਆਨੀ ਜੀ ਦੀ ਸੇਵਾ ਵਿਚ ਭੇਜਿਆ ਸੀ ! ਉਸ ਸਮੇਂ ਪ੍ਰੇਮਾਂਸੂ ਵਹਾਉਂਦਿਆਂ ਜੋ ਉਦਗਾਰ ਗਿਆਨੀ ਜੀ ਨੇ ਪ੍ਰਗਟ ਕੀਤੇ ਸਨ, ਉਨ੍ਹਾਂ ਦਾ ਕੁਝ ਕੁਝ ਵਖਾਨ ਜੇ ਮੈਂ ਭੁਲਦਾ ਨਹੀਂ, ਤਦ ਸ੍ਰੀ ਚਕ੍ਰਵਤੀ ਜੀ ਨੇ ਇੰਜ ਕੀਤਾ ਸੀ— "ਮੇਰੀ (ਗਿਆਨੀ ਗਿਆਨ ਸਿੰਘ ਜੀ ਦੀ) ਸਦਾ ਇਹ ਖਾਹਸ਼ ਰਹੀ ਕਿ ਪੰਥ ਮੇਰੀ ਮਿਹਨਤ ਦਾ ਮੁਲ ਅੰਕਨ ਕਰ ਕੇ ਮੇਰੀ ਰਚਨਾ ਤੇ ਪ੍ਰਸੰਨ ਹੋ ਕੇ, ਇਸ ਦੀ ਕਦਰ ਕੀਮਤ ਪਾ ਕੇ ਮੈਨੂੰ ਨਿਵਾਜੇ ਪਰ ਪੰਥ ਦੇ ਕਿਸੇ ਵੀ ਹਿਸੇ ਨੇ, ਕਿਸੇ ਵੀ ਅੰਕ ਨੇ, ਇਸ ਪਾਸੇ ਧਿਆਨ ਨਾ ਦਿਤਾ। ਅਜ ਮੇਰੀ ਉਹ ਖਾਹਸ਼, ਉਹ ਚਾਹਨਾ, ਉਹ ਇੱਛਾ, ਉਹ ਲਾਲਸਾ ਨਾਮਧਾਰੀ ਦਰਬਾਰ ਨੇ ਪੂਰਨ ਕਰ ਦਿਤੀ। ਅਜ ਮੇਰਾ ਰੋਮ ਰੋਮ ਪ੍ਰਸੰਨ ਹੈ ਅਤੇ ਹੁਣ ਮੈਂ ਖੁਸ਼ੀ ਖੁਸ਼ੀ ਸਤਿਗੁਰੂ ਜੀ ਦੇ ਚਰਨਾਂ ਵਿਚ ਹਾਜ਼ਰ ਹੋ ਸਕਾਂਗਾ।"

ਕਾਸ਼ ! ਅਜ ਗਿਆਨੀ ਜੀ ਸਾਡੇ ਵਿਚ ਹੁੰਦੇ, ਤਦ ਉਨ੍ਹਾਂ ਦੀ ਪ੍ਰਸੰਨਤਾ ਦਾ ਪਾਰਾਵਾਰ ਨਾ ਹੋ ਸਕਦਾ।

ਇਹ ਗਲ ਨਹੀਂ ਕਿ ਗਿਆਨੀ ਜੀ ਝੂਠੀ ਸ਼ੋਹਰਤ ਅਤੇ ਵਾਹ ਵਾਹ ਦੇ ਭੁਖੇ



Digitized by Panjab Digital Library | www.panjabdigilib.org

ਸਨ ? ਨਹੀਂ ਸਗੋਂ ਇਹ ਸਾਡਾ ਸਿਖ ਕੌਮ ਦਾ ਫਰਜ਼ ਬਣਦਾ ਸੀ ਕਿ ਅਸੀਂ ਉਨ੍ਹਾਂ ਨੂੰ ਸਨਮਾਨਤ ਕਰਦੇ। ਉਨ੍ਹਾਂ ਸਾਡੇ ਤੇ ਪੰਜਾਬ ਤੇ, ਸਿਖ ਕੌਮ ਤੇ ਜੋ ਅਹਿਸਾਨ, ਜੋ ਉਪਕਾਰ ਕੀਤਾ ਹੈ, ਉਸਦਾ ਇਵਜ਼ਾਨਾ ਜਾਂ ਬਦਲਾ ਅਸੀਂ ਕਿਸੇ ਸੂਰਤ ਚੁਕਾ ਨਹੀਂ ਸਕਦੇ।

ਇਹ ਇਕ ਅਟੱਲ ਸਚਿਆਈ ਹੈ ਕਿ ਜੇ ਗਿਆਨੀ ਗਿਆਨ ਸਿੰਘ ਜੀ ਉਦਮ ਕਰਕੇ, 'ਤਵਾਰੀਖ ਗੁਰੂ ਖਾਲਸਾ' ਦੀ ਸਿਰਜਣਾ ਨਾ ਕਰਦੇ ਤਦ ਵਿਗਿਆਨਕ ਤੇ ਅਜਿਹੀ ਅਮੁਲ ਇਤਿਹਾਸ ਤੋਂ, ਅਸੀਂ ਸੱਖਣੇ ਤੇ ਕੋਰੇ ਦੇ ਕੋਰੇ ਹੀ ਰਹਿ ਜਾਂਦੇ।

ਗਿਆਨੀ ਜੀ ਦੇ ਦਿਲ ਵਿਚ, ਪੰਥਕ ਮਿਲਾਪ ਏਕਤਾ ਤੇ ਇਤਫਾਕ ਦੀ ਪਰਮ ਪਾਵਨ ਭਾਗੀਰਥੀ-ਗੰਗਾ-ਇਕ ਰਸ ਪ੍ਰਵਾਹਤ ਹੁੰਦੀ ਸੀ। ਉਨ੍ਹਾਂ ਆਪਣੇ ਇਸ ਸਿਧਾਂਤ ਦੀ ਪੂਰਤੀ ਆਪਣੀ ਜਗਤ ਪ੍ਰਸਿਧ ਮਹਾਨ ਰਚਨਾ "ਪੰਥ ਪ੍ਰਕਾਸ਼" ਵਿਚ ਕਰਦਿਆਂ ਕਿਹਾ ਹੈ :—

"ਇਹ ਕੂਕੇ ਇਹ ਨਿਰਮਲੇ, ਇਹ ਨਿਹੰਗ ਇਹ ਔਰ।
ਭੇਦ ਭਰਮ ਸਭ ਛੋਡ ਕੇ ਰਖੋ ਏਕਤਾ ਗੋਰ।
ਖਾਨ ਪਾਨ ਪਹਿਰਾਨ ਤਕ ਕ੍ਰਿਯਾ ਢੰਗ ਰੰਗ ਰੂਪ।
ਇਹ ਇਕ ਭਏ ਨ ਹੋਇ ਹੈ, ਅਰ ਨਿਭ ਸਕੈ ਨ ਖੂਪ।
ਇਨ ਬਿਨ ਔਰੇਂ ਏਕਤਾ ਇਸ਼ਟ ਉਪਾਸਨ ਨਾਮ।
ਹਿਲ ਮਿਲ ਰਹਿਨੋ ਪਿਆਰ ਯੁਤ, ਇਹ ਨਿਭ ਸਕੈ ਤਮਾਮ।
ਸਾਧੂ ਸੰਗਤ ਗੁਰ ਖਾਲਸਾ, ਸਬਮਮ ਬਿਸ਼ਨ ਉਦਾਰ।
ਹਾਥ ਜੋੜ ਸਭ ਕੋ ਨਮੋ ਬਖਸੋ ਭੂਲ ਵਿਚਾਰ।
(ਪੰਥ ਪ੍ਰਕਾਸ਼, ਸਫਾ ੧੧੧੫)

ਉਨ੍ਹਾਂ ਨੇ ਸ੍ਰੀ ਗੁਰੂ ਨਾਨਕ ਸਰਬ ਸੰਪ੍ਰਦਾਇਕ ਵਰਨਣ ਬਹੁਤ ਆਹਲਾ, ਬਹੁਤ ਪ੍ਰਮਾਣੀਕ ਅਤੇ ਬਹੁਤ ਨਿਰਪੱਖਤਾ ਨਾਲ ਉਚਾਰਨ ਕੀਤਾ ਹੈ। ਉਹ ਆਖਦੇ ਹਨ :—

ਐਬ ਦਿਖਾਵਨ ਨਹਿ ਕਰੇ ਰਚੇ ਜਗਾਵਨ ਹੇਤ।
ਜਿਉਂ ਤਿਉਂ ਕਰ ਨਿਜ ਪੰਥ ਕੀ ਕਰੋ ਉਨਤੀ ਚੇਤ।

ਗਿਆਨੀ ਜੀ ਨੇ ਇਹ ਪੰਥਕ ਦਿਗ-ਦਰਸ਼ਨ ਮੰਡਨ ਰੂਪ ਵਿਚ ਹੀ ਕੀਤਾ ਹੈ,



Digitized by Panjab Digital Library | www.panjabdigilib.org

ਖੰਡਨ ਵਿਚ ਨਹੀਂ । ਪੰਥਕ ਵਰਨਣ ਕਰਦਿਆਂ, ਜੋ ਮਹਾਨ ਉਤਕ੍ਰਿਸ਼ਟ ਰਚਨਾ ਗਿਆਨੀ ਜੀ ਨੇ ਕੀਤੀ ਹੈ ਉਸ ਦਾ ਉਦਾਹਰਣ ਦੇਣ ਦੇ ਲੋਭ ਤੇ ਮੈਂ ਕਾਬੂ ਨਹੀਂ ਪਾ ਸਕਿਆ । ਨਿਰਮਲ ਸੰਪ੍ਰਦਾ, ਜਿਸਦੇ ਧਾਰਣੀ ਹੋਣ ਦਾ ਉਨ੍ਹਾਂ ਨੂੰ ਸੁਘੰ ਮਾਣ ਪ੍ਰਾਪਤ ਸੀ, ਸਬੰਧੀ ਉਨ੍ਹਾਂ ਲਿਖਿਆ ਹੈ :

ਦਸਮ ਗੁਰੂ ਕੇ ਵਕਤ ਮੈਂ ਹੁਤੇ ਨਿਰਮਲੇ ਜੋਇ ।
ਰਹਿਤ ਬਨੇ ਬਿਰਕਤ ਬਹੁ ਮਿਲੇ ਪੰਥ ਮੇਂ ਸੋਇ ।
ਸਤੋ ਗੁਣੀ ਕਿਰਿਆ ਥੇ ਰਖਤੇ ।
ਹਰਿ ਗੁਰ ਭਗਤੀ. ਕਾ ਰਸ ਚਖਤੇ ।
ਸਾਸ਼ਤ੍ਰ ਸਤ ਥੇ ਪਢ ਤੈ ਸੁਨਤੇ ।
ਚਰਚਾ ਗਿਆਨ ਬ੍ਰਹਮਾਦਿਕ ਸੁਨਤੇ ।
ਭਜਨ ਮਾਂਹਿ ਥੇ ਨਿਸਦਿਨ ਰਹਿਤੇ ।
ਸਤਿਗੁਰ ਤਿਨੈ ਨਿਰਮਲੇ ਕਹਿਤੇ ।

ਇਸ ਤੋਂ ਅਗੇ ਗਿਆਨੀ ਜੀ ਨੇ ਨਿਹੰਗ ਸਿੰਘਾਂ ਦਾ ਜੋ ਬਖਾਨ ਕੀਤਾ ਹੈ ਉਸ ਵਿਚ ਇਤਿਹਾਸਕ ਮਹਾਨਤਾ ਤੋਂ ਬਿਨਾ ਕਾਵਿਕ ਪੱਖ ਤੋਂ ਵੀ ਉਹ ਬਹੁਤ ਹੀ ਮਹਾਨ ਤੇ ਉਚਾ ਹੈ । ਉਸ ਦੀ ਜ਼ਰਾ ਜਿੰਨੀ ਵੰਨਗੀ ਹੈ :—

ਪਾਲੀ ਹਿੰਦ ਹੱਦ ਮੱਦ ਧਰਮ ਕੀ ਬਿਹੱਦ ਜਾਂਹਿ,
ਗਾਲੀ ਜੱਦ ਦੁੱਜਨ ਕੀ ਰੱਦ ਕਰ ਡਾਲੀ ਹੈ ।
ਗਾਲੀ ਮੋਹ ਜਾਲੀ ਕਾਮ ਕਰੋਧ ਕੀ ਪ੍ਰਨਾਲੀ ਸਾਲੀ,
ਦੀਨਤਾ ਮਲੀਨਤਾ ਕਮੀਨਤਾ ਨਿਕਾਲੀ ਹੈ ।
ਘਾਲੀ ਹੈ ਸੁ ਭਾਰੀ ਘਾਲ ਤੀਨ ਕਾਲ ਗਿਆਨ ਸਿੰਘ,
ਸੀਤ ਵਾਤ ਆਤਮ ਬਿਸਾਲੀ ਝਾਲ ਝਾਲੀ ਹੈਂ ।
ਟਾਲੀ ਹੈ ਗਲੀਚਤਾ ਅਨੀਚਤਾ ਬਹਾਲੀ ਪਾਸ,
ਦੇਗ ਤੇਗ ਵਾਲੀ ਸਿੰਘ ਗੁਰੂ ਕੇ ਅਕਾਲੀ ਹੈਂ ।

ਇਸ ਸੰਪ੍ਰਦਾਇਕ ਬਿਵਰਨ ਵਿਚ ਤੀਜਾ ਸਥਾਨ ਉਨ੍ਹਾਂ ਕੂਕਿਆਂ ਨੂੰ ਦਿਤਾ ਹੈ । ਕੂਕਿਆਂ ਸਬੰਧੀ ਜੋ ਵੀ ਲਿਖਿਆ ਹੈ, ਉਹ ਬਹੁਤ ਮਹਾਨ, ਬਹੁਤ ਪ੍ਰਮਾਣੀਕਤਾ ਸਹਿਤ ਲਿਖਆ ਹੈ, ਉਸ ਵਿਚ ਅਕਥਨੀ ਅਤੇ ਸ਼ੱਕ ਲਈ ਕੋਈ ਵੀ ਗੁੰਜੈਸ਼ ਨਹੀਂ । ਉਨ੍ਹਾਂ ਕਿਉਂਕਿ ਨਾਮਧਾਰੀ ਲਹਿਰ ਸਬੰਧੀ ਵਿਚ ਰਹਿ ਕੇ ਅਧੈਨ ਕੀਤਾ ਸੀ ਇਸ ਲਈ ਉਨ੍ਹਾਂ ਦਾ ਲਿਖਣਾ ਓਪਰਾ ਤੇ ਉਤੋਂ ਉਤੋਂ ਨਹੀਂ । ਉਨ੍ਹਾਂ ਨੇ ਅੰਗ੍ਰੇਜ਼ ਦੇ ਜ਼ੁਲਮ ਤਸ਼ੱਦਦ ਦੀ ਕੋਈ ਪ੍ਰਵਾਹ ਨਾ ਕੀਤੀ ਤੇ ਨਾਂ ਹੀ ਸਮਾਜ ਤੋਂ ਡਰ ਕੇ ਹੀ ਥਿੜਕੇ । ਜੋ ਕੁਝ ਵੀ ਲਿਖਿਆ ਉਹ ਓਹੀ ਲਿਖਿਆ ਜੋ ਉਨ੍ਹਾਂ ਦੇ ਅੰਤਰਆਤਮ ਦੀ ਪ੍ਰੇਰਨਾ



Digitized by Panjab Digital Library | www.panjabdigilib.org

ਤੇ ਸਤਿਗੁਰ ਦਰਸ਼ਨ ਦਾ ਪ੍ਰਭਾਵ ਸੀ । ਕੂਕਿਆਂ ਸਬੰਧੀ ਉਨ੍ਹਾਂ ੨੮ ਕਬਿਤ ਤੇ ੨ ਦੋਹਿਰੇ ਲਿਖੇ ਹਨ । ਜਿਨ੍ਹਾਂ ਵਿਚੋਂ ਵੰਨਗੀ ਮਾਤਰ ਇਕ ਹੈ :

ਬਾਲਕ ਮ੍ਰਿਗੇਸ਼ ਤੇ ਵਸ਼ੇਸ਼ ਉਪਦੇਸ਼ ਨਾਮਯੱਦੀ ਨਰਨਾਰੀ ਲੈ ਅਪਾਰੀ ਭਾਵ ਤੈ ਤਰੇ ।
ਔਰ ਇਲਹਾਮ ਕਰਤਾਰ ਕਈ ਬਾਰ ਦਯੋ ਨਾਮ ਦੈ ਉਧਾਰ ਕਰ ਜੀਵਨ ਨਾ ਤੂੰ ਖਰੇ ।
ਐਪੈ ਗੁਰਦਸ਼ਮ ਦਰਸਦ ਜੋ ਕਹਿਓ ਤਾਂਹਿ, ਮੇਰੋ ਅਵਤਾਰ ਅੰਸ ਰਾਮ ਸਿੰਘ ਹੈਵ ਭਰੇ ।
ਬਾਂਹਿ ਹੇਤ ਤਾਂਹਿ ਨਾਂਹਿ ਔਰ ਕਾਂਹੂੰ ਮਾਂਹਿ, ਨਿਜ ਸ਼ਕਤਿ ਰਖਾਈ ਗੁਰਵਾਕ ਦਿਢ ਥੇ ਧਰੇ

ਇਸ ਤੋਂ ਅੱਗੇ ਗਿਆਨੀ ਜੀ ਨੇ ਉਦਾਸੀ ਸੰਪ੍ਰਦਾ ਦਾ ਸੰਖੇਪ ਅਸਰ ਭਰਪੂਰ ਤੇ ਵਾਕਫ਼ੀ ਭਰਪੂਰ ਹਾਲ ਲਿਖਿਆ ਹੈ। ਕਿਸੇ ਨਾਲ ਵੀ ਬੇਇਨਸਾਫ਼ੀ ਤੇ ਗ਼ੈਰ ਜ਼ੁੰਮੇਵਾਰੀ ਦੀ ਵਰਤੋਂ ਨਹੀਂ ਕੀਤੀ । ਉਦਾਸੀ ਸੰਪ੍ਰਦਾ ਦਾ ਆਰੰਭ ਉਨ੍ਹਾਂ ਸ੍ਰੀ ਬਾਬਾ ਸ੍ਰੀ ਚੰਦ ਜੀ ਮਹਾਰਾਜ ਤੇ ਸ੍ਰੀ ਬਾਬਾ ਗੁਰਦਿਤਾ ਜੀ ਤੋਂ ਹੋਇਆ ਮੰਨਿਆ ਹੈ ।

ਇੰਜ ਹੀ ਉਹਨਾਂ ਨੇ ਸਾਰੀਆਂ ਸੰਪਰਦਾਵਾਂ ਦਾ ਹਾਲ ਬੜੀ ਨਿਰਪੱਖਤਾ ਤੇ ਉਦਾਰਤਾ ਨਾਲ ਲਿਖਿਆ ਹੈ । ਸਥਾਨ ਭਾਵ ਕਰ ਕੇ ਅਸੀਂ ਹੋਰ ਉਦਾਹਰਣ ਦੇਣ ਤੋਂ ਅਸਮਰਥ ਹਾਂ । ਇਤਨੇ ਤੇ ਹੀ ਸੰਤੋਖ ਕਰਦੇ ਹਾਂ । ਲੋੜ ਅਨੁਸਾਰ ਸਾਰੇ ਪਾਠਕ ਪੰਥ ਪ੍ਰਕਾਸ਼ ਵਿਰ ਸਾਰਾ ਹਾਲ ਵੇਖ ਸਕਦੇ ਹਨ ।

ਅੰਤ ਵਿਚ ਮੈਨੂੰ ਇਸ ਗਲ ਦੀ ਬਹੁਤ ਪ੍ਰਸੰਨਤਾ ਹੈ ਕਿ ਪੰਜਾਬੀ ਸਾਹਿਤ ਸਮੀਖਿਆ ਬੋਰਡ ਵਲੋਂ ਗਿਆਨੀ ਗਿਆਨ ਸਿੰਘ ਜੀ ਦੀ ਯਾਦ ਵਿਚ ਸਿਮਰਤੀ ਗਰੰਥ ਤਿਆਰ ਕਰ ਕੇ ਉਨ੍ਹਾਂ ਦਾ ਪੁਰਬ ਕੀਤਾ ਜਾ ਰਿਹਾ ਹੈ । ਇਹ ਇਕ ਨਵੀਂ ਪਰਪਾਟੀ ਹੈ ਜੋ ਹੋ ਚੁਕੇ ਸਾਹਿਤਕਾਰਾਂ ਦੀ ਯਾਦ ਨੂੰ ਤਾਜ਼ਾ ਕਰਨ ਵਿਚ ਸਹਾਈ ਹੋ ਸਕਦੀ ਹੈ ਅਤੇ ਨਵੇਂ ਸਾਹਿਤਕਾਰਾਂ ਨੂੰ ਇਸ ਤੋਂ ਪ੍ਰੇਰਨਾ ਜਾਂ ਅਗਵਾਈ ਮਿਲ ਸਕਦੀ ਹੈ । ਮੈਨੂੰ ਆਸ ਹੈ ਕਿ ਪੰਜਾਬੀ ਸਾਹਿਤ ਸਮੀਖਿਆ ਬੋਰਡ ਪਹਿਲੇ ਹੋ ਚੁਕੇ ਹੋਰਨਾਂ ਸਾਹਿਤਕਾਰਾਂ ਦੀ ਯਾਦ ਵੀ ਸਮੇਂ ਸਮੇਂ ਸਿਰ ਮਨਾਉਣ ਦਾ ਪਰੀਸ਼ਰਮ ਕਰਦਾ ਰਹੇਗਾ ।



Digitized by Panjab Digital Library | www.panjabdigilib.org

# ਵੰਸ਼ ਪ੍ਰਣਾਲੀ : ਗਿਆਨੀ ਗਿਆਨ ਸਿੰਘ ਜੀ

**ਮਾਨਯੋਗ ਗਿਆਨੀ ਹਮੀਰ ਸਿੰਘ ਜੀ ਦੀ ਸੂਚਨਾ ਅਨੁਸਾਰ ਗਿਆਨੀ ਗਿਆਨ ਸਿੰਘ ਜੀ ਦੀ ਵੰਸ਼ ਪ੍ਰਣਾਲੀ ਹੇਠ ਲਿਖੇ ਅਨੁਸਾਰ ਹੈ**




zed by Panjab Digital Library | www.panjabdigi

ਹਰੀ ਸਿੰਘ ਭਾਗ ਸਿੰਘ

ਅਤਰ ਸਿੰਘ ਫਤੇ ਸਿੰਘ ਬੀਰ ਸਿੰਘ

ਲਾਲ ਸਿੰਘ ਹਰਦਮ ਸਿੰਘ

ਦੀਪ ਸਿੰਘ ਸਦਾ ਸਿੰਘ **ਗਿਆਨ ਸਿੰਘ** ਵਗੈਰਾ ੪

ਕਦਾਰ ਸਿੰਘ **ਗਿਆਨੀ** ਪੋਤਾ

ਬਗਾ ਸਿੰਘ

ਨਥਾ ਸਿੰਘ ਸੁੰਦਰ ਸਿੰਘ ਬੀਬੀ ਪ੍ਰਧਾਨ ਕੌਰ

ਹਮੀਰ ਸਿੰਘ ਗਿਆਨੀ

ਮਤਬੰਨਾ ਗਿਆਨੀ ਗਿਆਨ ਸਿੰਘ

ਪ੍ਰੇਮ ਸਿੰਘ ਅਜੀਤ ਸਿੰਘ ਚੜਤ ਸਿੰਘ

ਮੇਵਾ ਸਿੰਘ

ਲਹਿਣਾ ਸਿੰਘ ਅਣੋਖ ਸਿੰਘ ਸੰਤੋਖ ਸਿੰਘ ਤਲੋਕ ਸਿੰਘ ਪੰਜਾਬ ਸਿੰਘ ਨਰੈਣ ਸਿੰਘ ਕੇ ੨

(ਥਾਂ ਦੀ ਥੁੜ ਕਰਕੇ ਪੂਰੀ ਪ੍ਰਣਾਲ਼ੀ ਨਹੀਂ ਦਿਤੀ ਜਾ ਰਹੀ)

zed by Panjab Digital Library | www.panjabdigi

## ਪੰਜਾਬੀ ਸਾਹਿਤ ਸਮੀਖਿਆ ਬੋਰਡ
## ਦੀਆਂ ਪੁਸਤਕਾਂ

* ਭਾਈ ਵੀਰ ਸਿੰਘ
  ਜੀਵਨ ਤੇ ਰਚਨਾ
* ਏਕਾਦਸ਼ੀ
  ੧੧ ਸਾਹਿਤਕਾਰਾਂ ਬਾਰੇ
* ਗਿਆਨੀ ਗਿਆਨ ਸਿਘ
  ਅਧਿਐਨ
* ਪੰਜਾਬੀ ਸਾਹਿਤ ਦੇ ਸਠ ਸਾਲ
  (੧੯੦੦ ਤੋਂ ੧੯੬੦)
* ਪੰਜਾਬੀ ਸੂਫ਼ੀ ਸਾਹਿਤ
* ਕਿਰਪਾ ਸਾਗਰ
  ਜੀਵਨ ਤੇ ਰਚਨਾ

Digitized by Panjab Digital Library | www.panjabdigilib.org

# ਗਿਆਨੀ ਜੀ ਦੀ ਵੰਸ਼ ਪਰੰਪਰਾ

## ਜਾਂ

# ਕੁਲ ਦਾ ਪਿਛਵਾੜਾ

ਗਿਆਨੀ ਗਿਆਨ ਸਿੰਘ ਜੀ ਦੀ ਵੰਸ਼ ਦਾ ਪਿਛੋਕੜ ਪ੍ਰਿਥੀਰਾਜ ਚੌਹਾਨ ਨਾਲ, ਜਿਸ ਨੂੰ ਆਮ ਤੌਰ ਤੇ 'ਰਾਇ ਪਿਥੌਰਾ' ਕਹਿ ਕੇ ਸਦਿਆ ਜਾਂਦਾ ਹੈ, ਜਾ ਮਿਲਦਾ ਹੈ। ਰਾਇ 'ਪਿਥੌਰਾ' ਤੇ 'ਰਾਏ ਬੀਰ' ਦੋ ਭਰਾ ਸਨ। ਰਾਇ ਪਿਥੌਰਾ 'ਦਿਲ੍ਹੀ' ਦੇ ਤਖ਼ਤ ਦਾ ਮਾਲਕ ਸੀ ਅਤੇ ਰਾਇ ਬੀਰ 'ਆਗਰਾ' ਦੀ ਗੱਦੀ ਤੇ ਬੈਠਦਾ ਸੀ। ਆਗਰਾ ਦਿਲੀ ਦੇ ਹੀ ਅਧੀਨ ਸੀ। 'ਰਾਇ ਬੀਰ' ਦੀ ਅਦਾਲਤ ਵਿਚ ਜੋ ਵੀ ਵਾਦੀ, ਪ੍ਰਤਿਵਾਦੀ, ਭਾਵ ਮੁਦਈ, ਮੁਦਾਲਯ ਹਾਜ਼ਿਰ ਹੁੰਦਾ, ਓਹ ਦੋਹਾਂ ਨੂੰ ਹੀ ਲੁਟ ਖੜਦਾ। ਇਕ ਦਿਨ 'ਰਾਇ ਬੀਰ' 'ਰਾਇ ਪਿਥੌਰਾ' ਨੂੰ ਮਿਲਣ ਦਿਲੀ ਆਏ। ਰਾਇ ਪਿਥੌਰਾ ਨੇ ਵਿਯੰਗ ਨਾਲ ਹਸਦਿਆਂ ਕਿਹਾ—"ਆਓ ਭਰਾ ਦੋਹ-ਲੁਟ' ਜੀ। ਬਸ ਉਸ ਦਿਨ ਤੋਂ ਰਾਇ ਬੀਰ ਦਾ ਨਾਂ ਦੋਹ-ਲਟ ਪ੍ਰਸਿਧ ਹੋ ਗਿਆ। ਅਗੇ ਚਲ ਕੇ ਹੌਲੀ-ਹੌਲੀ 'ਹਾ' ਲੋਪ ਹੋ ਗਿਆ, ਜਿਸ ਤੋਂ ਦੋਹ-ਲੁਟ ਦਾ ਕੇਵਲ 'ਦੁੱਲਟ' ਹੀ ਰਹਿ ਗਿਆ।

ਜਦ ਭਾਰਤ ਵਿਚ ਤੁਰਕਾਂ ਦਾ ਜ਼ੋਰ ਵਧਿਆ, ਮੁਹੰਮਦ ਗੌਰੀ ਨੇ ਪ੍ਰਿਥੀ ਰਾਜ ਨੂੰ ਛਲ ਬਲ ਨਾਲ ਗ੍ਰਿਫਤਾਰ ਕਰਕੇ ਗਜਨੀ ਭੇਜ ਦਿਤਾ ਪਰ ਰਾਇ ਬੀਰ ਓਸ ਦੇ ਕਾਬੂ ਨਾ ਆਇਆ, ਓਹ ਆਗਰੇ ਤੋਂ ਨਸ ਕੇ ਪਰਗਣਾ 'ਸੁਨਾਮ' ਦੇ ਜੰਗਲਾਂ ਵਿਚ ਆ ਟਿਕਿਆ। ਸੁਨਾਮ ਨੱਗਰ ਗੱਜਰ ਕੌਮ ਦੇ ਇਕ ਰਾਜੇ ਦੀ ਰਾਣੀ 'ਸੁਇਨਾ' ਨੇ ਵਸਾਇਆ ਸੀ। ਰਾਜਾ ਆਪ ਤੇ ਮਰ ਗਿਆ ਸੀ ਪਰ ਰਾਜ ਕਾਜ ਦਾ ਸਾਰਾ ਕੰਮ ਰਾਣੀ ਸੁਇਨਾ ਆਪ ਹੀ ਕਰਦੀ ਸੀ। ਓਹ ਬਹੁਤ ਉਦਾਰ, ਸਿਆਣੀ ਤੇ ਰਾਜ ਕਾਜ ਦੀ ਨੀਤੀ ਵਿਚ ਹਰ ਤਰ੍ਹਾਂ ਨਿਪੁੰਨ ਸੀ। ਦੁੱਲਟ ਉਸ ਨੂੰ ਜਾ ਮਿਲਿਆ। ਉਸ ਨੇ ਦੁੱਲਟ ਦੀ ਬਹੁਤ ਹੀ ਖਾਤਰ ਦਾਰੀ ਕੀਤੀ ਅਤੇ ਰਹਿਣ ਲਈ ਇਕ ਮਕਾਨ ਦੇ ਕੇ ਆਪਣੇ ਕੋਲ ਹੀ ਰਖ ਲਿਆ। ਦੁੱਲਟ ਰਾਇ ਦਾ ਨਾਂ ਸੁਣ ਕੇ ਇਲਾਕੇ ਦੇ ਸਾਰੇ ਧਾੜਵੀ ਉਸ ਦੇ ਝੰਡੇ ਹੇਠ ਇਕੱਠੇ ਆ ਹੋਏ। ਇਕ ਤਕੜਾ ਧਾੜਵੀਆਂ ਦਾ



Digitized by Panjab Digital Library | www.panjabdigilib.org

ਗਿਰੋਹ ਕਾਇਮ ਹੋ ਗਿਆ, ਜੋ ਦਿੱਲੀ, ਆਗਰਾ, ਮਥਰਾ ਤੀਕ ਬੇ-ਖੌਫ ਲੁਟਾ ਮਰ ਕਰਨ ਲਗ ਪਿਆ। ਏਸੇ ਰਾਇ ਬੀਰ ਜਾਂ ਰਾਇ ਦੂੱਲਟ ਦੇ ਘਰ ਸਤ ਪੁਤਰ ਪੈਦਾ ਹੋਏ, ਜਿਨ੍ਹਾਂ ਦੇ ਨਾਂ ੧. ਸੂਰ ਰਾਇ ੨. ਧਾਰ ਰਾਇ ੩. ਕੈਬੋ ਰਾਇ ੪. ਬਨ ਰਾਇ ੫. ਲੋਂਗੋ ਰਾਇ ੬. ਰਾਜਾਣਾ ਰਾਇ ੭. ਬਡ ਆਣਾ ਰਾਇ ਸਨ। ਇਨ੍ਹਾਂ ਦੇ ਪੁਤਰ ਪੋਤਰੇ ਬਹੁਤ ਸਾਰੇ ਵਧ ਜਾਣ ਕਰ ਕੇ ਇਨ੍ਹਾਂ ਆਮ ਜਟਾਂ ਨਾਲ ਹੀ ਰਿਸ਼ਤੇ ਨਾਤੇ ਕਰਨੇ ਆਰੰਭ ਕਰ ਦਿਤੇ। ਪਹਿਲਾਂ ਤੇ ਇਨ੍ਹਾਂ ਤੇ ਇਨ੍ਹਾਂ ਦੀ ਦੂਲਟ ਇਕ ਅੱਲ ਜਾਂ ਚੇੜ੍ਹ ਹੀ ਸੀ ਪਰ ਹੁਣ ਤੇ ਇਨ੍ਹਾਂ ਦਾ ਗੋਤਰ ਵੀ ਦੂੱਲਟ ਹੀ ਪਰਸਿੱਧ ਹੋ ਗਿਆ। ਕੁਲ ਦਾ ਵਾਧਾ ਬਹੁਤ ਸਾਰਾ ਹੋਣ ਕਰਕੇ ਇਕ ਥਾਂ ਰਹਿਣਾ ਮੁਸ਼ਕਲ ਹੋ ਗਿਆ। ਜਿਸ ਤੋਂ ਇਨ੍ਹਾਂ ਆਪਣੇ ਲਈ ਹੋਰ ਵੀ ਕਈ ਇਕ ਨੱਗਰ ਵਸਾ ਲਏ। ਜਿਨ੍ਹਾਂ ਵਿਚੋਂ ਬਹੁਤ ਮਸ਼ਹੂਰ, 'ਲੌਂਗੋਵਾਲ' 'ਚਠੇ' 'ਉਪਲੀ' 'ਕੈਬੋਵਾਲ' ਹਨ। ਇਨ੍ਹਾਂ ਵਿਚੋਂ ਕਈ ਇਕ ਬਾਕੀ ਹੋਰ ਖਿਲਰ ਪੁਲਰ ਕੇ ਪੰਜਾਬ ਦੇ ਨੂਰ ਪੁਰੀ ਰਾਜੇ ਦੇ ਨੌਕਰ ਜਾ ਹੋਏ। 'ਮਾਹੀ ਰਾਇ' ਤੇ 'ਮਾਲੀ ਰਾਇ' ਨੇਆਪਣੇ ਜ਼ਾਤੀ ਨਾਂ ਨੂੰ ਕਾਇਮ ਰਖਣ ਲਈ ਬਟਾਲਾ ਦੇ ਕੋਲ 'ਦੂੱਲਟ' ਨਾਂ ਦਾ ਇਕ ਪਿੰਡ ਆਬਾਦ ਕੀਤਾ।

ਜਦ ਸ੍ਰੀ ਸਤਿਗੁਰੂ ਤੇਗ ਬਹਾਦੁਰ ਹਿੰਦ ਦੀ ਚਾਦਰ ਦਿਲੀ ਵਿਚ ਸੀਸ ਭੇਟ ਕਰਕੇ ਤੁਰਕ ਰਾਜ ਨੂੰ ਖਤਮ ਕਰਨ ਲਈ ਜਾ ਰਹੇ ਸਨ ਤਦ ਓਨ੍ਹਾਂ ਵੀ ਆਪਣਾ ਰਾਹ ਇਸ ਜੰਗਲ ਦੇਸ ਵਿਚ ਦੀ ਜਾਣ ਲਈ ਹੀ ਚੁਣਿਆ। ਇਸ ਮਾਲਵਾ ਦੇਸ ਦੇ ਬਹੁਤ ਸਾਰੇ, ਬਲਕਿ ਸਾਰੇ ਦੇ ਸਾਰੇ ਦੂਲਟ ਆਪ ਜੀ ਦੇ ਸਿਖ ਸੇਵਕ ਹੋ ਗਏ। ਫਿਰ ਜਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਸ਼ਟ-ਦਮਨ ਮਹਾਰਾਜ ਨੇ ਖਾਲਸਾ ਪੰਥ ਦੀ ਸਾਜਨਾ ਸਾਜੀ ਤਦ ਦੂਲਟ ਵੀ ਖੰਡੇ ਦੀ ਪੋਹਲ ਪੀਕੇ ਸਿੰਘ ਸਜ ਗਏ। ਔਰੰਗਜ਼ੇਬ ਦੀ ਮੌਤ ਪਿਛੋਂ ਜਦ ਦੇਸ਼ ਵਿਚ ਅਰਾਜਕਤਾ ਫੈਲੀ ਤੇ ਗਦਰ ਪੈ ਗਿਆ ਤਾਂ ਨਾਦਰ ਸ਼ਾਹ ਤੇ ਅਹਿਮਦ ਸ਼ਾਹ ਅਬਦਾਲੀ ਜਿਹੇ ਜ਼ਾਲਮ, ਜ਼ਾਬਰ, ਲੁਟੇਰੇ ਤੇ ਜ਼ਰਵਾਣੇ ਦੇਸ਼ ਲੁਟਣ ਲਈ ਆ ਧਮਕੇ। ਉਸ ਹਫੜਾ ਦਫੜੀ ਤੇ ਰੌਲੇ ਰੱਪੇ ਦੀ ਮਾਰ ਤੋਂ ਦੂੱਲਟ ਵੀ ਇਕ ਥਾਂ ਟਿਕ ਕੇ ਨਾ ਵਸ ਸਕੇ ਅਤੇ ਓਨਾਂ ਨੂੰ ਵੀ ਸਿਰਕੀ-ਵਾਸਾਂ ਵਾਂਗੂ ਫਿਰ ਤੁਰ ਕੇ ਹੀ ਉਦਰ ਪੂਰਨਾ ਕਰਨੀ ਪਈ।

ਸ੍ਰੀ ਮਹਾਰਾਜ ਆਲਾ ਸਿੰਘ ਨੇ ਪਟਿਆਲਾ ਰਾਜ਼ ਸਥਾਪਿਤ ਕਰਕੇ 'ਬਰਨਾਲਾ'



Digitized by Panjab Digital Library | www.panjabdigilib.org

'ਉਭੇਵਾਲ' ਆਦਿ ਨਗਰ ਵਸਾ ਲਏ । ਓਨ੍ਹਾਂ ਦੀ ਨਜ਼ਰ ਲੌਂਗੋਵਾਲ ਦੇ ਥੇਹ ਤੇ ਜਾ ਪਈ । ਓਨ੍ਹਾਂ ਦੂਲਟਾਂ ਨੂੰ ਸਦ ਕੇ ਆਪਣਾ ਉਜੜ ਚੁਕਾ ਤੇ ਢਹਿ ਢੇਰੀ ਥੇਹ ਹੋਇਆ ਲੋਂਗੋਵਾਲ ਪਿੰਡ ਮੁੜ ਵਸਾਉਣ ਲਈ ਕਿਹਾ । ਮਹਾਰਾਜੇ ਦੀ ਸਹਾਇਤਾ ਤੇ ਮੱਦਦ ਨਾਲ ਸੰਮਤ ੧੮੦੬ ਵਿਚ ਦੂਲਟਾਂ ਲੋਂਗੋਵਾਲ ਮੁੜ ਉਸਾਰ ਲਿਆ । ਮਾਲਵੇ ਦੀ ਬਹੁਤ ਵਡੀ ਕਿਲਤ ਪਾਣੀ ਦੀ ਘਾਟ ਸੀ ਪਰ ਓਹ ਇਹਨਾਂ ਦੂਲਟਾਂ ਦੇ ਇਕ ਵਡ ਵਡੇਰੇ 'ਹਿਮਤ ਰਾਇ' ਨੇ ਪਹਿਲੀ ਵਾਰ ਪਿੰਡ ਬੰਨ੍ਹਣ ਸਮੇਂ ਖੂਹ ਲਾ ਕੇ ਪੂਰੀ ਕੀਤੀ ਹੋਈ ਸੀ । ਦੂਲਟ ਲੋਂਗੋਵਾਲ ਇੱਕਠੇ ਹੋ ਕੇ ਮੁੜ ਆ ਕੇ ਵਸੇ ਪਰ 'ਤਕੀਪੁਰ' 'ਢਡਰੀ' ਦੇ ਲੜਾਕੇ ਮੁਸਲਮਾਨ, ਉਨ੍ਹਾਂ ਨੂੰ ਅਮਨ ਤੇ ਸ਼ਾਂਤੀ ਨਾਲ ਵਸਣ ਨਹੀਂ ਸਨ ਦਿੰਦੇ । ਪਰ ਸ੍ਰੀ ਮਹਾਰਾਜਾ ਆਲਾ ਸਿੰਘ ਦੀ ਮੱਦਦ ਨਾਲ, ਦੂਲਟਾਂ ਨੇ ਮੁਸਲਮਾਨ ਮਾਰ ਭਜਾਏ ਅਤੇ ਦੂਲਟਾਂ ਲੋਂਗੋਵਾਲ ਮੁੜ ਆਬਾਦ ਕਰ ਲਿਆ । ਅਜਿਹਾ ਵੱਡਾ ਤੇ ਪਰਸਿੱਧ ਜਟਕਾ ਪਿੰਡ ਸਾਰੇ ਪੰਜਾਬ ਵਿਚ ਸ਼ਾਇਦ ਹੀ ਕੋਈ ਹੋਰ ਹੋਵੇ । ਇਸ ਪਿੰਡ ਦਾ ਇਕ 'ਨਗਾਹੀਆ ਸਿੰਘ' ਦੂਲਟ ਸੀ, ਜਿਸ ਨੇ ਸ੍ਰੀ ਦਸ਼ਮੇਸ਼ ਗੁਰੂ ਜੀ ਤੋਂ ਅੰਮ੍ਰਿਤ ਪਾਨ ਕੀਤਾ ਸੀ । ਓਹ ਮਹਾਨ ਸ਼ਹੀਦ ਭਾਈ ਮਨੀ ਸਿੰਘ ਜੀ ਦਾ ਵੱਡਾ ਭਰਾ ਸੀ । ਉਸ ਦੇ ਘਰ ਸਤ ਪੁਤਰ ੧. ਦਰਬਾਰਾ ਸਿੰਘ ੨. ਅਘੜ ਸਿੰਘ ੩. ਬਰਾਜ ਸਿੰਘ ੪. ਮਰਾੜ ਸਿੰਘ ੫. ਰੁਘਾ ਸਿੰਘ ੬. ਬਖਤਾ ਸਿੰਘ ੭. ਸੁਜਾਨ ਸਿੰਘ ਆਦਿ ਪੈਦਾ ਹੋਏ । ਅਘੜ ਸਿੰਘ ਤੇ ਬਰਾਜ ਸਿੰਘ ਤਾਂ ਬਹੰਗਮ ਹੋ ਕੇ ਨਵਾਬ ਕਪੂਰ ਸਿੰਘ ਦੇ ਨਾਲ ਰਹੇ । ਸੁਖੇ ਦੀ ਦੇਗ ਬਣਾਕੇ ਸਾਰੇ ਜਥੇ ਨੂੰ ਛਕਾਉਣ ਕਰਕੇ ਛੋਟੇ ਨੂੰ ਤਾਂ 'ਬਰਾਜ ਸਿੰਘ ਸੁਖਈ' ਦੇ ਨਾਂ ਤੋਂ ਹੀ ਸੱਦਿਆ ਜਾਂਦਾ ਸੀ । ਇਹ ਦੋਵੇਂ ਘਨੌਲੀ, ਰੋਪੜ ਕੋਲ ਜੈਨ ਖਾਂ ਨਾਲ ਲੜ ਕੇ ਸ਼ਹੀਦ ਹੋਏ, ਜਿਥੇ ਇਨ੍ਹਾਂ ਦਾ ਸ਼ਹੀਦ ਗੰਜ ਬਣਿਆ ਹੋਇਆ ਹੈ ਅਤੇ ਆਮ ਲੋਕੀਂ ਮੰਨਤਾਂ ਮਨਦੇ ਤੇ ਦੇਗਾਂ ਕਰਾਉਂਦੇ ਹਨ । ਸ੍ਰੀ ਦਰਗਾਹਾ ਸਿੰਘ ਜੀ ਨਿਰਮਲੇ ਸੰਤ ਹੋ ਗਏ ਸਨ, ਜਿਨ੍ਹਾਂ ਸ੍ਰੀ ਗੁਰੂ ਅਮਰਦਾਸ ਜੀ ਦਾ ਗੁਰਦੁਵਾਰਾ ਜੋ ਕਨਖਲ, ਹਰਿਦਵਾਰ ਵਿਚ ਵਾਕਿਆ ਹੈ, ਆਬਾਦ ਕੀਤਾ ਅਤੇ ਉਥੇ ਹੀ ਆਪਣਾ ਡੇਰਾ ਵੀ ਬਣਾਇਆ, ਜਿਸ ਦੇ ਸ੍ਰੀ ਮਾਨ ਸੰਤ ਸਾਧੂ ਸਿੰਘ ਜੀ ਅਜ ਕਲ ਮਹੰਤ ਹਨ । ਆਪ ਜੀ ਬਹੁਤ ਉਦਾਰ, ਸੰਤ ਸੇਵੀ, ਨਿਸ਼ਕਾਮ ਪੁਰਖ ਹਨ । ਬਾਕੀ ਚੋਹਾਂ ਭਰਾਵਾਂ ਦੀ ਔਲਾਦ ਲੋਂਗੋਵਾਲ ਵਸਦੀ ਹੈ, ਜਿੰਨ੍ਹਾਂ ਨੂੰ ਲੋਕੀਂ 'ਨਗਾਹੀਏ ਕੇ' ਕਹਿ ਕੇ



Digitized by Panjab Digital Library | www.panjabdigilib.org

ਸਦਦੇ ਹਨ ।

ਬਖਤਾ ਸਿੰਘ ਦੇ ਭਾਗ ਸਿੰਘ ਪੈਦਾ ਹੋਇਆ ਜਿਸ ਦਾ ਵਿਆਹ ਪਰਗਨਾ ਸੁਨਾਮ ਦੇ ਇਕ 'ਸੇਰੋ' ਨਾਮੀ ਪਿੰਡ ਵਿਚ ਭਾਈ ਤਕੜਾ ਸਿੰਘ ਦੀ ਸਪੁਤ੍ਰੀ ਦੇਸ਼ਾਂ, ਜਿਸ ਨੂੰ ਤਕੜਾ ਸਿੰਘ ਜੀ ਦੀ ਧੀ ਹੋਣ ਕਰਕੇ ਤਕੜੋ ਵੀ ਕਿਹਾ ਕਰਦੇ ਸਨ, ਨਾਲ ਹੋਇਆ । ਭਾਈ ਤਕੜਾ ਸਿੰਘ ਜੀ ਇਲਾਕੇ ਦੇ ਮੰਨੇ ਪਰਮੰਨੇ ਸਜਨ ਸਨ ਜਿੰਨ੍ਹਾਂ ਦੇ ਘਰ ਹਰੇਕ ਆਏ ਗਏ ਨੂੰ ਰੋਟੀ ਪਾਣੀ ਦਿਤਾ ਜਾਂਦਾ ਸੀ । ਲੰਗਰ ਚਲਦਾ ਸੀ, ਜਿਸ ਦੀ ਦੇਖ ਰੇਖ ਆਮ ਤੌਰ ਤੇ ਦੇਸ਼ਾਂ ਹੀ ਕਰਦੀ ਕਰਾਉਂਦੀ ਸੀ ।

## ਜਨਮ ਅਤੇ ਬਾਲ ਪਨ

ਗਿਆਨੀ ਗਿਆਨ ਸਿੰਘ ਜੀ ਦਾ ਜਨਮ ਪਿੰਡ ਲੌਂਗੋਵਾਲ, ਪਰਗਨਾ ਸੁਨਾਮ, ਰਿਆਸਤ ਪਟਿਆਲਾ ਵਿਚ ੫ ਵੈਸਾਖ ਸੰਮਤ ੧੮੭੯ ਬਿ. ਵੈਸਾਖ ਸੁਦੀ ੩ ਮਾਤਾ ਦੇਸ਼ਾਂ, ਪਿਤਾ ਭਾਗ ਸਿੰਘ ਜੀ ਦੇ ਘਰ ਹੋਇਆ । ਆਪ ਭਾਈ ਮਨੀ ਸਿੰਘ ਜੀ ਸ਼ਹੀਦ ਦੀ ਪੰਜਵੀਂ ਪੀੜ੍ਹੀ ਵਿਚੋਂ ਸਨ । ਅਤੇ ਆਪਣੇ ਮਾਂ ਪਿਉ ਦੀ ਚੌਥੀ ਸੰਤਾਨ । ਆਪ ਜੀ ਦੇ ਤ੍ਰੈ ਭਰਾ, ਭਾਈ ਸੱਦਾ ਸਿੰਘ, ਭਾਈ ਸੰਤੋਖ ਸਿੰਘ ਤੇ ਭਾਈ ਅਣੋਖ ਸਿੰਘ ਜੀ ਆਪ ਤੋਂ ਵੱਡੇ ਸਨ । ਗਿਆਨ ਸਿੰਘ ਜੀ ਦੀ ਮਾਤਾ, ਗੁਰਬਾਣੀ ਦੀ ਪ੍ਰੇਮਣ, ਸਹਿਨ ਸ਼ੀਲਤਾ ਦੀ ਮੂਰਤੀ ਅਤੇ ਜੇਰੇ ਦਾ ਸਾਕਾਰ ਅਵਿਤਾਰ ਸੀ । ਆਪ ਨੇ ਆਪਣੇ ਬਾਲ ਨੂੰ ਦੁਧ ਦੀ ਹਰ ਘੁਟ ਨਾਲ ਗੁਰਮਤ ਤੇ ਗੁਰ ਇਤਹਾਸ ਦਾ ਸਬਕ ਯਾਦ ਕਰਾਇਆ । ਪੰਜ ਸਾਲ ਤੀਕ ਪੁਜਣ ਤੋਂ ਪਹਿਲਾਂ ਹੀ ਗਿਆਨ ਸਿੰਘ ਨੂੰ ਭਾਈ ਭੋਲਾ ਸਿੰਘ ਜੀ ਦੇ ਸਪੁਰਦ ਕਰ ਦਿਤਾ, ਜਿਨ੍ਹਾਂ ਆਦਿ ਤੇ ਦਸਮ ਗੁਰੂ ਗ੍ਰੰਥ ਦਾ ਪਾਠ ਕਰਵਾ ਕੇ ਫਿਰ "ਸਾਰ ਕਤਾਵਲੀ" "ਭਾਵਰ ਸਾਮ੍ਰਿਤ" 'ਹਨੂਮਾਨ ਨਾਟਕ' 'ਵਾਰਾਂ ਤੇ ਕਬਿੱਤ ਸਵੱਯੇ ਭਾਈ ਗੁਰਦਾਸ ਜੀ ਦੇ' ਗਿਆਨ ਸਿੰਘ ਨੂੰ ਅਰਥਾਂ ਨਾਲ ਪੜ੍ਹਾਏ । ਗਿਆਨ ਸਿੰਘ ਦਾ ਗਲਾ ਬਹੁਤ ਸੁਰੀਲਾ ਸੀ, ਜਦ ਪਾਠ ਕਰਦੇ ਜਾਂ ਹਨੂੰਮਾਨ ਨਾਟਕ ਆਦਿ ਕੋਈ ਪੁਸਤਕ ਪੜ੍ਹਦੇ ਤਦ ਰਾਹ ਜਾਂਦੇ ਰਾਹੀ ਵਾਟ ਭੁਲਕੇ ਸੁਣਨ ਲਈ ਮਜਬੂਰ ਹੋ ਜਾਂਦੇ । ਛੋਟੀ ਉਮਰ ਵਿਚ ਹੀ ਗਿਆਨ ਸਿੰਘ ਨੇ ਭਾਈ ਦੂਲਾ ਸਿੰਘ ਜੀ ਤੋਂ ਅੰਮ੍ਰਿਤ ਪਾਨ ਕਰਕੇ ਸਿਖ ਧਰਮ ਵਿਚ ਸ਼ਰਧਾ ਤੇ ਆਸਥਾ ਨਾਲ ਪਰਵੇਸ਼ ਕੀਤਾ । ਘਰ ਵਿਚ ਸਾਧਾਰਨ ਜਟਕੀ ਹਾਲਤ ਹੋਣ ਕਰਕੇ, ਆਪ ਨੂੰ ਚੰਗੀ ਤੇ ਲੋੜੀਂਦੀ ਖੁਰਾਕ ਨਹੀਂ ਸੀ ਮਿਲ ਰਹੀ ਜਿਸ



Digitized by Panjab Digital Library | www.panjabdigilib.org

ਕਰਕੇ ਜਿਸਮ ਭਰ ਨਾ ਸਕਿਆ ਤੇ ਛੀਂਟਕਾ ਜਿਹਾ ਸੁਬਕ ਹੀ ਰਿਹਾ । ਆਪ ਦਾ ਮਾਮਾ ਕਰਮ ਸਿੰਘ ਲਾਹੌਰ ਦਰਬਾਰ ਦੀ ਸਿਖ ਸੈਨਾ ਵਿਚ ਸੂਬੇਦਾਰ ਸੀ। ਓਹ ਆਪ ਦੀ ਲਿਆਕਤ ਵੇਖ ਕੇ ਅਤੇ ਸੁਰੀਲੀ ਆਵਾਜ਼ ਸਣ ਕੇ ਵਾਪਸ ਜਾਂਦਾ ਹੋਇਆ ਸੰਮਤ ੧੮੮੧ ਬਿ: ਵਿਚ ਆਪ ਨੂੰ ਆਪਣੇ ਨਾਲ ਹੀ ਲਾਹੌਰ ਲੈ ਗਿਆ । ਜਿਥੇ ਸਰਦਾਰ ਧੰਨਾ ਸਿੰਘ ਜੀ ਮਲਵਈ ਸਰਕਾਰੀ ਜ਼ਨਾਨਖਾਨੇ ਦੇ ਨਾਇਬ ਡਿਉਢੀ ਅਫ਼ਸਰ ਸਨ ਉਹ ਆਪ ਦਾ ਪਾਠ ਸੁਣ ਕੇ ਬਹੁਤ ਹੀ ਪ੍ਰਭਾਵਤ ਹੋਏ । ਉਨ੍ਹਾਂ ਗਿਆਨੀ ਜੀ ਨੂੰ ਸ਼ੇਰੇ ਪੰਜਾਬ ਦੇ ਪੇਸ਼ ਕਰ ਦਿਤਾ । ਮਹਾਰਾਜਾ ਨੇ ਖੁਸ਼ ਹੋ ਕੇ ਆਪ ਨੂੰ ਹਰ ਰੋਜ਼ ਅੰਮ੍ਰਿਤ ਵੇਲੇ ਸੁਖ-ਮਣੀ ਸਾਹਿਬ ਦਾ ਪਾਠ ਕਰਨ ਲਈ ਤੇ ਆਪ ਸੁਣਨ ਲਈ ਆਪਣੀ ਹਜ਼ੂਰੀ ਵਿਚ ਹੀ ਰਖ ਲਿਆ । ਭਾਵੇਂ ਆਪ ਅਜੇ ੧੨-੧੩ ਸਾਲ ਦੇ ਬਾਲ ਹੀ ਸਨ ਪਰ ਇਸ ਕੰਮ ਨੂੰ ਆਪ ਨੇ ਬਹੁਤ ਹੀ ਤਤ ਪਰਤਾ ਤੇ ਸਿਆਣਪ ਨਾਲ ਨਿਭਾਇਆ। ਏਥੇ ਆਪ ਨੂੰ ਆਹਲਾ ਖੁਰਾਕ ਮਿਲਣ ਕਰਕੇ ਆਪ ਦਾ ਸਰੀਰ ਕਾਫੀ ਭਰ ਗਿਆ ਤੇ ਪਿਛਲੀ ਮਾਂਦਗੀ ਸਾਰੀ ਦੂਰ ਹੋ ਕੇ ਨਿਕਲ ਗਈ । ਇੰਞ ੬ ਸਾਲ ਆਪ ਨੂੰ ਸ਼ੇਰਿ ਪੰਜਾਬ ਦੇ ਰੋਜ਼ਾਨਾ ਦਰਸ਼ਨ ਕਰਨ ਦਾ ਸ਼ੁਭ ਅਵਸਰ ਪ੍ਰਾਪਤ ਹੁੰਦਾ ਰਿਹਾ ਅਤੇ ਨਾਲ ਹੀ ਸ਼ੇਰਿ ਪੰਜਾਬ ਦੇ ਅੰਦਰਲੇ ਹਾਲ ਚੰਗੀ ਤਰ੍ਹਾਂ ਵੇਖਣ ਸੁਣਨ ਤੇ ਸਮਝਣ ਦਾ ਮੌਕਾ ਹੱਥ ਲਗਾ ਜਿਸਨੇ ਅਗੇ ਜਾ ਕੇ ਆਪ ਨੂੰ ਬਹੁਤ ਫਾਇਦਾ ਪੁਚਾਇਆ । ਪਹਿਲਾਂ ਆਪ ਨੇ ਸ਼ੇਰਿ ਪੰਜਾਬ ਦੇ ਜਲਾਲ ਦਾ ਅਰੂਜ ਡਿਠਾ ਫਿਰ ਉਸ ਦਾ ਜ਼ਵਾਲ ਵੀ ਕਮਜ਼ੋਰੀ ਦੀ ਹਾਲਤ ਵਿਚ ਇੰਞ ਡਿਠਾ ਜਿਵੇਂ ਬਿੱਲੀ ਦੇ ਮੂੰਹ ਵਿੱਚ ਫਾਥਾ ਚੂਹਾ ਫੜ ਫੜਾਂਦਾ ਹੋਇਆ ਤੜਫਕੇ ਇਕ ਦਮ ਸ਼ਾਂਤ ਹੋ ਜਾਂਦਾ ਹੈ ।

ਗਿਆਨੀ ਜੀ ਇਸ ਸਮੇਂ ਨੂੰ ਯਾਦ ਕਰਕੇ ਬਿਹਬਲ ਹੋ ਕੇ ਅਥਰੂ ਵਹਾਉਣ ਲਗ ਜਾਇਆ ਕਰਦੇ ਸਨ ਅਤੇ ਦਾਹਵੇ ਨਾਲ ਕਿਹਾ ਕਰਦੇ ਸਨ ਕਿ ਸ਼ੇਰਿ ਪੰਜਾਬ ਦੀ ਗੌਰਵਤਾ ਇੰਦਰ ਤੇ ਕੁਬੇਰ ਦੇ ਕਾਲਪਨਿਕ ਖਿਆਲ ਨਾਲੋਂ ਵੀ ਕਿਤੇ ਆਹਲਾ ਸੀ ।

ਗਿਆਨੀ ਜੀ ਦਸਦੇ ਸਨ ਕਿ ੯੫ ਸਾਲ ਦੀ ਉਮਰ ਵਿਚ ਉਨ੍ਹਾਂ ਬਹੁਤ ਸਾਰੇ ਰਾਜਿਆਂ ਮਹਾਰਾਜਿਆਂ ਦੇ ਵੱਡੇ ਵਡੇ ਦਰਬਾਰ ਵੇਖੇ ਪਰ ਜਿਨ੍ਹਾਂ ਵਿਚੋਂ ਕੇਵਲ ਦੋ ਹੀ ਅਜਿਹੇ ਸਨ ਜਿਨ੍ਹਾਂ ਵਿਚੋਂ ਕੁਝ ਕੁਝ ਝਲਕ ਸ਼ੇਰਿ ਪੰਜਾਬ ਦੇ ਦਰਬਾਰ ਦੀ ਪੈਂਦੀ ਸੀ ।



Digitized by Panjab Digital Library | www.panjabdigilib.org

(੧) ਸੰਮਤ ੧੯੨੧ ਬਿ: ਵਿਚ ਅਮੀਰ ਕਾਬਲ ਸ਼ੇਰ ਅਲੀ ਖਾਂ, ਦੋ ਹਜ਼ਾਰ ਫੌਜ ਨਾਲ ਲੈ ਕੇ ਬਹੁਤ ਤੇ ਬਾਹਲੀ ਸ਼ਾਨ ਸ਼ੌਕਤ ਨਾਲ ਸਰਹਿੰਦ ਦੀ ਜ਼ਿਆਰਤ ਕਰਨ ਪੰਜਾਬ ਵਿਚ ਆਇਆ ਸੀ। ਅੰਗ੍ਰੇਜ਼ ਰੂਸ ਤੋਂ ਡਰਦੇ, ਅਮੀਰ ਨੂੰ ਆਪਣੇ ਹਥ ਵਿਚ ਰਖਣਾ ਜ਼ਰੂਰੀ ਸਮਝਦੇ ਸਨ। ਉਸਦੇ ਸੁਆਗਤ ਸਤਿਕਾਰ ਵਿਚ ਅੰਗ੍ਰੇਜ਼ ਸਰਕਾਰ ਨੇ ਅੰਬਾਲਾ ਛਾਉਣੀ ਵਿਚ ਇਕ ਸ਼ਾਨਦਾਰ ਜਲਸਾ ਤੇ ਦਰਬਾਰ ਕੀਤਾ ਸੀ ਜਿਸ ਦੇ ਦਰਬਾਰੀਆਂ ਵਿਚ ਸ੍ਰੀ ਗਿਆਨੀ ਜੀ ਵੀ ਸ਼ਾਮਲ ਹੋਏ ਸਨ।

(੨) ਸੰਮਤ ੧੯੨੪ ਬਿ: ਵਿਚ ਮਲਕਾ ਵਿਕਟੋਰੀਆ ਦਾ ਵਡਾ ਪੁੱਤਰ ਪ੍ਰਿੰਸ-ਆਫ ਵੇਲਜ਼ ਭਾਰਤ ਦਾ ਦੌਰਾ ਕਰਨ ਆਇਆ ਸੀ। ਉਸ ਦੇ ਸੁਆਗਤ ਵਿਚ ਤੇ 'ਜੀ ਆਇਆਂ' ਕਹਿਣ ਲਈ ਅੰਗ੍ਰੇਜ਼ ਦੀ ਭਾਰਤੀ ਸਰਕਾਰ ਨੇ ਦਿਲੀ ਤੇ ਮੇਰਠ ਵਿਚ ਦੋ ਦਰਬਾਰ ਕੀਤੇ ਸਨ। ਇਨ੍ਹਾਂ ਵਿਚ ਅੰਗ੍ਰੇਜ਼ ਨੇ ਆਪਣਾ ਸਾਰਾ ਜ਼ੋਰ ਲਾਇਆ ਸੀ ਪਰ ਸ਼ੇਰਿ ਪੰਜਾਬ ਦੇ ਦਰਬਾਰ ਨੂੰ ਉਹ ਵੀ ਨਹੀਂ ਸਨ ਛੁਹ ਸਕੇ। ਉਸ ਸਮੇਂ ਦਾ ਕੋਈ ਮਾਮੂਲੀ ਤੋਂ ਮਾਮੂਲੀ ਸਰਦਾਰ ਵੀ ਜੇ ਕਿਸੇ ਨੂੰ ਆਪਣੀ ਦਰਬਾਰੀ ਪੋਸ਼ਾਕ ਉਤਾਰ ਕੇ ਬਖਸ਼ ਦਿੰਦਾ ਤਦ ਉਸ ਦਾ ੬ ਮਹੀਨੇ ਦਾ ਗੁਜ਼ਾਰਾ ਚੰਗੀ ਤਰ੍ਹਾਂ ਚਲ ਜਾਂਦਾ। ਇਵ੍ਹ ਗਿਆਨੀ ਜੀ ਦਾ ਬਾਲ ਕਾਲ ਲਾਹੌਰ ਵਿਚ ਬਤੀਤ ਹੋਇਆ ਜਿਸ ਤੋਂ ਪਿਛੋਂ ਆਪ ਮੁੜ ਆਪਣੇ ਪਿੰਡ ਲੌਂਗੋਵਾਲ ਆ ਗਏ।

## ਰਸਾਲੇ ਦੀ ਨੌਕਰੀ

ਸੰਮਤ ੧੮੯੮ ਬਿਕ੍ਰਮੀ ਵਿਚ ਸ੍ਰੀ ਗਿਆਨੀ ਜੀ ਦਾ ਤਾਇਆ ਹਰੀ ਸਿੰਘ ਪਿੰਡ ਬਾਲੂ ਬਾਟਾ, ਰਿਆਸਤ ਪਟਿਆਲਾ ਦੀ ਲੜਾਈ ਵਿਚ ਜਾਰਜ ਟਾਮਸਨ ਖਾਡੇ ਰਾਉ ਮਰਹਟਾ ਕੋਲ ਨੌਕਰ ਸੀ। ਇਸਦੀ ਫੌਜੀ ਸੇਵਾ ਤੋਂ ਪ੍ਰਸੰਨ ਹੋ ਕੇ ਮਰਹਟਿਆਂ ਇਸ ਨੂੰ ਝਝਰ ਦਾ ਇਲਾਕਾ ਜਗੀਰ ਵਿਚ ਦੇ ਦਿਤਾ ਸੀ। ਇਸ ਜਗਾ ਦਾ ਹੁਕਮਰਾਨ ਬਣਕੇ ਇਹ ਦੇਸੀ ਰਈਸਾਂ ਨੂੰ ਬਹੁਤ ਤੰਗ ਕਰਦਾ ਸੀ। ਸੰਮਤ ੧੮੫੬ ਫੂਲਕੀਆਂ ਰਿਆ-ਸਤਾਂ ਨੇ ਰਲਕੇ ਅਤੇ ਮਰਹੱਟਾ ਫੌਜ ਦੇ ਮੀਰਨ ਸਾਹਿਬ ਨੂੰ ੪ ਲੱਖ ਦੇਣਾ ਕਰਕੇ ਇਸ ਨੂੰ ਇਲਾਕੇ ਵਿਚੋਂ ਖਦੇੜ ਮਾਰਿਆ ਸੀ।

ਟਾਮਸਨ ਦੇ ਮੁਕਾਬਲੇ ਤੇ ਉਹ ਸ਼ਹੀਦ ਹੋ ਗਿਆ। ਓਹ ਪਟਿਆਲੇ ਦੇ ਰਸਾਲੇ



Digitized by Panjab Digital Library | www.panjabdigilib.org

ਵਿਚ ਸੀ। ਉਨ੍ਹਾਂ ਦਿਨਾਂ ਵਿਚ ਹਕ ਹਕੂਕ ਦਾ ਬਹੁਤ ਖਿਆਲ ਰਖਿਆ ਜਾਂਦਾ ਸੀ। ਓਹ ਕਿਉਂਕਿ ਬੇ ਉਲਾਦ ਸੀ ਉਸ ਦੀ ਜਗ੍ਹਾ ਨੌਕਰੀ ਤੇ ਗਿਆਨ ਸਿੰਘ ਜੀ ਨੂੰ ਬੁਲਾ ਭੇਜਿਆ। ਗਿਆਨ ਸਿੰਘ ਜੀ ਮਹਾਰਾਜਾ ਕਰਮ ਸਿੰਘ ਦੇ ਪੇਸ਼ ਹੋਏ। ਮਹਾਰਾਜਾ ਨੇ ਜਦ ਆਪ ਜੀ ਦੀ ਇਲਮੀ ਲਿਆਕਤ ਦੀ ਵਾਕਫੀਅਤ ਪੁਛੀ ਤਦ ਆਪ ਨੇ ਨਾ ਕੇਵਲ ਜ਼ਬਾਨੀ ਗਲ ਕਰਕੇ ਸਮਾ ਟਪਾਉਣ ਦੀ ਕੀਤੀ ਸਗੋਂ ਹਨੂਮਾਨ ਨਾਟਕ ਦੇ ਅਜਿਹੇ ਵਿਦਵਤਾ ਭਰੇ ਅਰਥ ਕਰਕੇ ਦਸੇ ਜਿਸ ਨੂੰ ਸੁਣ ਕੇ ਮਹਾਰਾਜਾ ਨੇ ਆਪ ਜੀ ਦੀ ਨੌਕਰੀ ਤਹਿਸੀਲ ਵਿਚ ਮੁਕੱਰਰ ਕਰ ਦਿਤੀ। ਉਥੇ ਆਪ ਜੀ ਨੂੰ ਬਹੁਤ ਅਰਾਮ ਤੇ ਸਹੂਲਤਾਂ ਸਨ। 1845 ਨੂੰ

ਸੰਮਤ ੧੯੦੨ ਨੂੰ ਅੰਗ੍ਰੇਜ਼ਾਂ ਦਾ ਤੇ ਦਰਬਾਰ ਲਾਹੌਰ ਦਾ ਇਤਿਹਾਸ-ਪ੍ਰਸਿਧ ਜੰਗ ਆਰੰਭ ਹੋ ਗਿਆ। ਫੂਲਕੀਆਂ ਰਿਆਸਤਾਂ ਅੰਗ੍ਰੇਜ਼ਾਂ ਦੇ ਅਧੀਨ ਸਨ, ਅਤੇ ਕੀਤੇ ਮੁਹਅਦੇ ਅਨੁਸਾਰ, ਮੁਦਕੀ ਲਈ, ਰਸਤ ਬਰਦਾਰੀ, ਖਾਧ ਖੁਰਾਕ ਦਾ ਸਾਰਾ ਸਾਮਾਨ ਮਹਾਰਾਜਾ ਕਰਮ ਸਿੰਘ ਵਲੋਂ ਅਗ੍ਰੇਜ਼ਾਂ ਦੀ ਮੱਦਦ ਲਈ ਭੇਜਿਆ ਜਾਣਾ ਜ਼ਰੂਰੀ ਸੀ। ਇਸ ਕੰਮ ਦੇ ਇੰਤਜ਼ਾਮ ਦੀ ਸੌਂਪਣੀ ਸਰਦਾਰ ਬਦੂਰਦੀਨ ਗੁੱਦਰ ਨੂੰ ਕੀਤੀ ਗਈ ਇਸ ਲਈ ਗਿਆਨ ਸਿੰਘ ਨੂੰ ਵੀ ਓਸ ਜਥੇ ਨਾਲ ਮੁਦਕੀ ਭੇਜ ਦਿਤਾ ਗਿਆ ਜਿਥੇ ਇਨ੍ਹਾਂ ਨੂੰ ਡਾਕ ਵੰਡਣ ਦਾ ਕੰਮ ਮਿਲਿਆ। ਇਥੇ ਰਹਿ ਕੇ ਆਪ ਨੂੰ ਸਿਖ ਸੈਨਾ ਦੀ ਬਹਾਦਰੀ ਤੇ ਡੋਗਰਿਆਂ ਤੇ ਬ੍ਰਾਹਮਣਾਂ ਦੀ ਬੇਈਮਾਨੀ ਤੇ ਲੂਣ ਹਰਾਮੀ ਨੇੜਿਓਂ ਵੇਖਣ ਦਾ ਮੌਕਾ ਮਿਲਿਆ।

ਛਲ ਬਲ ਕਪਟ, ਧੋਖੇ ਤੇ ਬੇਈਮਾਨੀ ਨਾਲ ਅੰਗ੍ਰੇਜ਼ ਜਿਤ ਗਿਆ। ਬਾਕੀ ਭਾਰਤ ਨਾਲ ਪੰਜਾਬ ਵੀ ਆਪਣੀ ਅਜ਼ਾਦੀ ਗੁਆ ਕੇ ਗੁਲਾਮੀ ਦਾ ਤੌਕ ਗਲ ਪੁਆ ਆਇਆ। ਪਟਿਆਲਾ ਦੀ ਫੌਜ ਮੁੜ ਪਟਿਆਲਾ ਆ ਗਈ ਜਿਥੇ ਉਸ ਨੂੰ ੪-੪ ਮਹੀਨੇ ਦੀ ਤਨਖਾਹ ਇਨਾਮ ਵਜੋਂ ਦਿਤੀ ਗਈ।

ਸੰਮਤ ੧੯੦੬-੭ ਬਿ: ਨੂੰ ਇਲਾਕਾ ਜੀਂਦ ਦੇ ਬਾਗੜੂਆਂ ਦੇ ੧੫ ਪਿੰਡਾਂ ਨੇ ਬਗਾਵਤ ਕਰ ਦਿਤੀ। ਚੌਧਰੀ ਨਿਗਾਹੀਆ ਭੂਰੀਆ, ਧਨਪਤ, ਤੇ ਆਸਾ ਰਾਮ ਆਦਿ ਪਿੰਡ ਰਜਵਾਣਾਂ, ਕੋਟ ਭਾਈ, ਆਦਿ ਵਿਚ ਮੋਰਚਾ ਬੰਦੀ ਕਰਕੇ ਮਹਾਰਾਜਾ ਸਰੂਪ ਸਿੰਘ



Digitized by Panjab Digital Library | www.panjabdigilib.org

ਨਾਲ ੬ ਮਹੀਨੇ ਲਗਾਤਾਰ ਲੜਦੇ ਰਹੇ। ਜੀਂਦ ਦਾ ਬਹੁਤ ਸਾਰਾ ਨੁਕਸਾਨ ਕੀਤਾ। ਜਦ ਜੀਂਦ ਸਰਕਾਰ ਓਨ੍ਹਾਂ ਤੇ ਕਾਬੂ ਨਾ ਪਾ ਸਕੀ ਤਦ ਉਸਨੇ ਮਹਾਰਾਜਾ ਪਟਿਆਲਾ ਤੋਂ ਮੱਦਦ ਮੰਗੀ। ਪਟਿਆਲਾ ਸਰਕਾਰ ਨੇ ਕੁਮੇਦਾਨ ਗੁਲਾਬ ਖਾਂ ਤੇ ਸਰਦਾਰ ਨਿਹਾਲ ਸਿੰਘ ਜੱਸੜ ਦੀ ਕਮਾਨ ਹੇਠ ਤੋਪ ਖਾਨਾ ਤੇ ਰਸਾਲਾ ਭੇਜਿਆ। ਉਹਨਾਂ ਜਾ ਕੇ ਬਾਗੀ ਚੌਧਰੀ ਕਾਬੂ ਤੇ ਕਰ ਲਏ ਪਰ ਆਪਣਾ ਵੀ ਬਹੁਤ ਸਾਰਾ ਸਾਮਾਨ ਗੁਆ ਲਿਆ, ਨਾਲ ਹੀ ੩੩ ਸਿਪਾਹੀ ਮੈਦਾਨੇ ਜੰਗ ਵਿਚ ਕੰਮ ਆਏ ਅਤੇ ੮੩ ਜ਼ਖਮੀ ਹੋਏ। ਜ਼ਖਮੀਆਂ ਵਿਚ ਸਾਡੇ ਗਿਆਨੀ ਜੀ ਵੀ ਸਨ, ਜਿੰਨ੍ਹ ਦੇ ਪਟ ਵਿਚ ਗੋਲੀ ਲਗੀ ਜੋ ਹੱਡੀ ਤੋੜ ਕੇ ਪਾਰ ਜਾ ਨਿਕਲੀ ਸੀ। ਜ਼ਖਮ ਵਿਚ ਨਾਸੂਰ ਪੈਦਾ ਹੋ ਜਾਣ ਤੇ ਡੇਢ ਸਾਲ ਮੰਜੇ ਤੇ ਪਏ ਰਹੇ। ਇਸਦੀ ਕਿਸੇ ਵੀ ਖੋਜ ਖਬਰ ਨਾ ਲਈ। ਇਕ ਫਕੀਰ ਦਰਵੇਸ਼ ਨੇ ਅਕ ਦੇ ਦੁਧ ਵਿਚ ਬੱਤੀ ਤਰ ਕਰ ਕੇ ਰਖਣੀ ਸ਼ੁਰੂ ਕੀਤੀ, ਜਿਸ ਤੋਂ ਕੁਝ ਦਿਨਾਂ ਪਿਛੋਂ ਅੰਦਰਲੀ ਹੱਡੀ ਅੰਗੂਠੇ ਜਿਹੀ ਮੋਟੀ ਬਾਹਰ ਆ ਗਈ। ਪਰ ਲਤ ਨਿਕਾਰੀ ਹੋ ਜਾਨ ਤੇ ਘਰ ਦੇ ਕੰਮ ਕਾਜ ਤੋਂ ਅਸਲੋਂ ਹੀ ਵਾਂਝੇ ਗਏ। ਬਾਂਗਰ ਦੇ ਇਲਾਕੇ ਦੇ ਲੋਕੀਂ ਅਜ ਤੀਕ ਇਸ ਲੜਾਈ ਦੀਆਂ ਵਾਰਾਂ ਗਾਉਂਦੇ ਹੋਏ ਆਖਦੇ ਹਨ :—

ਸਰੂਪੇ ਰੇ ਸਰੂਪੈ ਰੇ !
ਤੇਰੇ ਮਹਿਲੋਂ ਮੈਂ ਪੜ ਗਏ ਰੁਕੇ ਰੇ !
ਤੂੰ ਗਠੜੀ ਬੰਨ੍ਹ ਲੈ ਪਾਲੇ ਕੀ !
ਤੂੰ ਫੌਜ ਮੰਗਾਲੈ ਆਲੇ ਕੀ !
ਤੇਰਾ ਗੋਲਾ ਚਾਲੇ ਗੋਬਰ ਕਾ !
ਨਿਗਾਹਿਆ ਜਾਟ ਬਰੋਬਰ ਕਾ !

ਸੰਮਤ ੧੯੦੯ ਬਿ: ਵਿਚ ਗਿਆਨੀ ਜੀ ਦੇ ਇਕ ਖਤਰਨਾਕ ਫੋੜਾ ਨਿਕਲ ਆਇਆ। ਇਕ ਸਾਲ ਫਿਰ ਮੰਜੇ ਤੇ ਪਏ ਰਹੇ। ਜੋ ਕੁਝ ਕੋਲ ਸੀ ਓਹ ਪਹਿਲਾਂ ਹੀ ਖਰਚ ਹੋ ਗਿਆ ਸੀ। ਗ਼ੈਰ ਹਾਜ਼ਰੀ ਦੀ ਵਜਾ ਕਰ ਕੇ ਰਸਾਲੇ ਵਿਚੋਂ ਨਾਂ ਕਟ ਦਿਤਾ ਗਿਆ। ਪੈਨਸ਼ਨ ਦੇਣ ਦਾ ਉਨ੍ਹਾਂ ਦਿਨਾਂ ਵਿਚ ਰਿਵਾਜ ਕੋਈ ਨਹੀਂ ਸੀ। ਘਰ ਦੀ ਰਿਣੀ ਚਿਣੀ ਸਭ ਬੀਮਾਰੀ ਤੇ ਖ਼ਰਚ ਹੋ ਗਈ। ਇਸ ਗਲ ਨੇ ਗਿਆਨੀ ਜੀ ਦੇ ਦਿਲ ਤੇ ਬਹੁਤ ਵਡੀ ਸੱਟ ਮਾਰੀ।



Digitized by Panjab Digital Library | www.panjabdigilib.org

ਸੰਮਤ ੧੯੧੦ ਬਿਕ੍ਰਮੀ ਵਿਚ ਪਿਤਾ ਜੀ ਦਾ ਸਾਇਆ ਵੀ ਸਦਾ ਲਈ ਸਿਰ ਤੋਂ ਉਠ ਗਿਆ। ਆਪ ਜੀ ਚਾਰ ਭਰਾ ਸਨ। ਗਿਆਨ ਸਿੰਘ ਤੇ ਛੜੇ ਛੜਾਂਗ ਹੀ ਰਹੇ ਸਦਾ ਸਿੰਘ ਜਿਸ ਦੇ ਨਥਾ ਸਿੰਘ ਸੁੰਦਰ ਸਿੰਘ ਤੇ ਪ੍ਰਧਾਨ ਕੌਰ ਬਚੇ ਸਨ। ਪ੍ਰਧਾਨ ਕੌਰ ਦੀ ਉਲਾਦ ਵਿਚੋਂ ਗਿਆਨੀ ਹਮੀਰ ਸਿੰਘ ਹੋਏ ਜੋ ਅਜੇ ਜਿਉਂਦੇ ਹਨ। ਅਣੋਖਸਿੰਘ ਤੇ ਸੰਤੋਖ ਸਿੰਘ ਦੀਆਂ ਬੀਬੀਆਂ ਸਨ; ਜਿਨ੍ਹਾਂ ਦਾ ਸ਼ੁਭ ਵਿਵਾਹ ਮਹਾਰਾਜਾ ਹੀਰਾ ਸਿੰਘ ਜੀ ਨਾਭਾ ਨਾਲ ਹੋਇਆ। ਮਹਾਰਾਣੀ ਜਸਮੇਰ ਕੌਰ ਹਰਨੌਲੀ ਦੇ ਮਹਾਰਾਜ ਰਿਪਦਨ ਸਿੰਘ, ਗੁਰਚਰਨ ਸਿੰਘ ਪੈਦਾ ਹੋਏ। ਮਹਾਰਾਣੀ ਜ਼ਸਮੇਰ ਕੌਰ ਨੂੰ ਅਰਨੌਲੀ ਵਾਲੀ ਮਹਾਰਾਣੀ ਵੀ ਕਿਹਾ ਜਾਂਦਾ ਸੀ।

## ਮੁਢਲਾ-ਸੰਕਟ-ਕਾਲ

ਪਿਤਾ ਮਰ ਜਾਣ ਉਤੇ, ਮਾਤਾ ਦਾ ਤੇ ਘਰ ਦੇ ਨਿਰਵਾਹ ਦਾ ਸਾਰਾ ਭਾਰ ਗਿਆਨੀ ਜੀ ਤੇ ਹੀ ਆ ਪਿਆ। ਬੀਮਾਰੀ ਤੇ ਬੇਰੁਜ਼ਗਾਰੀ ਕਰਕੇ ਅਜਿਹੀ ਸਕੀਮੀ ਤੇ ਗਰੀਬੀ ਵਾਪਰੀ ਜੋ ਰੋਟੀ ਖਾਣ ਜੋਗਾ ਅੰਨ ਵੀ, ਆਪ ਜੀ ਕੋਲ ਨਾ ਰਿਹਾ। ਬਾਕੀ ਤ੍ਰੈਵੇ ਭਰਾ ਪਹਿਲਾਂ ਹੀ ਵਖ ਸਨ ਉਤੋਂ ਜਟ ਦੇ ਟੱਬਰ ਵਿਚ ਸ਼ਰਾਕਤ ਵੀ ਇਨਤਹਾ ਦੁਸ਼ਮਣੀ ਦੇ ਰੂਪ ਵਿਚ ਵਟੀਜ ਜਾਇਆ ਕਰਦੀ ਹੈ। ਗਿਆਨੀ ਜੀ ਕਿਉਂਕਿ ਸਭ ਤੋਂ ਛੋਟੇ ਸਨ ਇਸ ਲਈ ਪਰਵਾਰਕ ਰਿਵਾਇਤੀ ਵਿਧਾਨ ਅਨੁਸਾਰ ਪਿਤਾ ਮਾਤਾ ਜੀ ਦਾ ਆਪ ਨਾਲ ਹੀ ਰਹਿਣਾ ਜ਼ਰੂਰੀ ਸੀ। ਮਾਤਾ ਜੀ ਲੋਕਾਂ ਦਾ ਪੀਹਣਾ ਕਤਣਾ ਕਰਕੇ ਗੁਜ਼ਾਰਾ ਤੋਰਦੇ। ਜਿਸ ਦਿਨ ਕੰਮ ਨਾ ਮਿਲਦਾ ਉਸ ਦਿਨ ਪੇਂਝੂ, ਜੋ ਕਰੀਰ ਨੂੰ ਲਗੇ ਪਕੇ ਹੋਏ ਡੇਲੇ ਦੇ ਲਾਲ ਫਲ ਨੂੰ ਕਿਹਾ ਜਾਂਦਾ ਹੈ, ਉਬਾਲ ਕੇ ਖਾ ਕੇ ਢਿਡ ਨੂੰ ਝੁਲਕਾ ਦਿੰਦੇ। ਵੀਹ ਦਿਨ ਇਸ ਤੇ ਹੀ ਗੁਜ਼ਾਰਾ ਕਰਨਾ ਪਿਆ। ਕਰਜ਼ ਲੈਣ ਵਾਲਿਆਂ ਘਰ ਵਿਚ ਮਿਟੀ ਦੇ ਭਾਂਡੇ ਵੀ ਨਾ ਛਡੇ, ਗਿਆਨੀ ਜੀ ਦੇ ਹਿਸੇ ਦੀ ਜ਼ਮੀਨ ਵੀ ਸੂਦ ਖੋਰ ਲਹਿਣੇਦਾਰਾਂ ਨੇ ਦਬਾ ਲਈ।

ਇਕ ਦਿਨ ਮਾਤਾ ਜੀ ਬਾਹਰ ਫਲ ਤੋੜਨ ਲਈ ਗਏ ਹੋਏ ਸਨ, ਆਪ ਦੀ ਭਰਜਾਈ ਨੇ ਤਾਹਨਾ ਮਾਰਦਿਆਂ ਕਿਹਾ...... "ਗਿਆਨੂ ਤੈਨੂੰ ਸ਼ਰਮ ਨਹੀਂ ਆਉਂਦੀ, ਇਸ ਹਾਲਤ ਵਿਚ ਤੇ ਤੂੰ ਖੂਹ ਵਿਚ ਡੁਬ ਮਰੇਂ ਤਾਂ ਚੰਗਾ ਹੈ। ਨਹੀਂ ਕੋਈ ਮਜ਼ਦੂਰੀ ਕਰ ? ਜਾਂ ਚਕੀ ਪੀਹਣ ਵਿਚ ਮਾਂ ਦਾ ਹਥ ਬਟਾਇਆ ਕਰ..."



Digitized by Panjab Digital Library | www.panjabdigilib.org

ਭਰਜਾਈ ਦੀ ਇਹ ਬੋਲੀ ਗਿਆਨੀ ਜੀ ਦੇ ਸੀਨੇ ਵਿਚ ਗੋਲੀ ਵਾਂਗ ਵਜੀ, ਅਤੇ ਮਾਂ ਨਾਲ ਚੱਕੀ ਪੀਹਣ ਦਾ ਕੰਮ ਕਰਾਉਣ ਲਗ ਪਏ । ਇਸ ਤੋਂ ਬਿਨਾਂ ਚਰਖਾ ਕਤਣ ਦੀ ਵੀ ਜਾਚ ਸਿਖ ਲਈ। ਇਨ੍ਹਾਂ ਦੋਹਾਂ ਕੰਮਾਂ ਨਾਲ ਬਾਹਾਂ ਵਿਚ ਕੁਝ ਤਾਕਤ ਵੀ ਆ ਗਈ ਅਤੇ ਇਸ ਨਾਲ ਦੋ ਢਾਈ ਆਨੇ ਰੋਜ਼ ਮਿਲਣ ਲਗ ਪਏ ।ਫਿਰ ਨਾਨਕਿਆਂ ਤੋਂ ਇਕ ਬੈਲ ਵੀ ਲੈ ਆਏ । ਹਿੱਸੇ ਤੇ ਜ਼ਮੀਨ ਲੈ ਕੇ ਵਾਹੀ ਸ਼ੁਰੂ ਕੀਤੀ । ਵਾਹੁਣ ਬੀਜਣ ਦਾ ਕੰਮ ਤੇ ਤੋਰ ਲਿਆ ਪਰ ਗੁਡਾਈ ਵਢਾਈ ਨਾ ਕਰ ਸਕਣ ਦੀ ਮਜਬੂਰੀ ਤੇ ਬਹੁਤ ਦੁਖੀ ਹੁੰਦੇ । ਮਾਤਾ ਜੀ ਸਦਾ ਪੁਰਾਣੇ ਸਿੰਘਾਂ ਦੇ ਕਾਰਨਾਮੇ ਸੁਣਾ ਕੇ ਆਪ ਨੂੰ ਉਤਸ਼ਾਹਤ ਕਰਦੇ ਹੋਏ ਜਗਤ ਦੀ ਅਨਿਤਯਤਾ ਅਤੇ ਨੇਸਤੀ ਦਾ ਉਪਦੇਸ਼ ਕਰਦੇ ਹੋਏ ਆਂਹਦੇ... "ਪੁੱਤਰ ਬੰਦੇ ਤੇ ਜਿਹੋ ਜਿਹਾ ਵੀ ਸਮਾਂ ਆਵੇ ਉਹ ਸਬਰ ਸ਼ੁਕਰ ਵਿਚ, ਗੁਰੂ ਅਕਾਲ ਦੀ ਯਾਦ ਵਿਚ ਗੁਜ਼ਾਰਨਾ ਚਾਹੀਦਾ ਹੈ । ਸਦਾ ਦਿਨ ਇਕੋ ਜਿਹੇ ਨਹੀਂ ਰਹਿੰਦੇ । ਅਨ੍ਹੇਰੀ ਰਾਤ ਮਗਰੋਂ ਸੂਰਜ ਦਾ ਉਜਾਲਾ ਅਵੱਸ਼ ਹੁੰਦਾ ਹੈ । ਸਮਾ ਬਦਲਦਾ ਰਹਿੰਦਾ ਹੈ—"

ਪਰ ਗਿਆਨੀ ਜੀ ਜਦ ਆਪਣੇ ਹਾਣੀਆਂ ਨੂੰ, ਚੰਗਾ ਖਾਂਦਿਆਂ, ਪਹਿਨਦਿਆਂ, ਖੁਸ਼ੀ ਮਨਾਂਦਿਆਂ ਵੇਖਦੇ ਤਦ ਬਹੁਤ ਉਦਾਸ ਹੋ ਜਾਂਦੇ । ਇਕ ਦਿਨ ਜੇਰੇ ਦਾ ਧੀਰਜੀ ਬੰਨ੍ਹ ਅਜਿਹਾ ਟੁਟਿਆ ਕਿ ਮਰਨ ਜਾਂ ਆਤਮਘਾਤ ਕਰਨ ਨੂੰ ਤਿਆਰ ਹੋ ਗਏ । ਪਿਡੋਂ ਬਾਹਰ ਇਕ ਮੀਲ ਤੇ ਰੋਹੀ ਵਿਚ ਖੂਹ ਲਗਾ ਹੋਇਆ ਸੀ, ਉਸ ਵਿਚ ਡੁਬ ਮਰਨ ਦਾ ਦ੍ਰਿੜ ਸੰਕਲਪ ਕਰ ਕੇ, ਡਿਗਣ ਲਈ ਜਾ ਪੁਜੇ । ਜਦ ਮਣ ਤੇ ਖਲੋਕੇ ਅਰਦਾਸ ਕਰਕੇ ਖੂਹ ਵਿਚ ਛਾਲ ਮਾਰਨ ਲਗੇ ਤਦ ਅਚਾਨਕ ਇਕ ਸੰਤ ਜਾਨਕੀ ਦਾਸ ਨਾਮੀ ਨੇ ਬਾਹੋਂ ਜਾ ਫੜਿਆ । ਗਿਆਨੀ ਜੀ ਨੇ ਸੰਤ ਦੇ ਬਹੁਤ ਤਰਲੇ ਕੀਤੇ ਕਿ "ਮੈਨੂੰ ਮਰ ਜਾਣ ਦਿਉ, ਮੇਰੇ ਦੁਖਾਂ ਦਾ ਅੰਤ ਮੌਤ ਤੋਂ ਬਿਨਾਂ ਹੋਰ ਕਿਸੇ ਤਰ੍ਹਾਂ ਨਹੀਂ ਹੋ ਸਕਦਾ ।" ਪਰ ਸੰਤ ਜੀ ਨੇ ਕਿਹਾ "ਤੇਰੇ ਮਥੇ ਤੇ ਹੱਥ ਦੀ ਰੇਖਾ ਦਸਦੀ ਹੈ ਕਿ ਤੇਰਾ ਦੁਖ, ਕਸ਼ਟ ਮੁਸੀਬਤ ਦਾ ਸਮਾਂ ਖਤਮ ਹੋ ਗਿਆ ਹੈ, ਹੁਣ ਇਲਮ ਤੇ ਦੌਲਤ ਦੀ ਪ੍ਰਾਪਤੀ ਦਾ ਵਕਤ ਹੈ, ਘਬਰਾ ਨਾ ਸਬਰ ਕਰ ਆਉਣ ਵਾਲੇ ਚੰਗੇ ਸਮੇਂ ਦੀ ਇੰਤਜ਼ਾਰ ਕਰ ।"

ਇਕ ਦਿਨ ਗਿਆਨੀ ਜੀ ਚਰਖਾ ਕਤ ਰਹੇ ਸਨ । ਇਕ ਆਪ ਦਾ ਤਾਇਆ



Digitized by Panjab Digital Library | www.panjabdigilib.org

ਜਿਸ ਦਾ ਨਾਂ ਪ੍ਰੇਮ ਸਿੰਘ ਸੀ ਪਟਿਆਲੇ ਵਿਚ ਨੌਕਰ ਸੀ ਅਤੇ ਛੁਟੀ ਕਟਣ ਘਰ ਆਇਆ ਹੋਇਆ ਸੀ । ਚਰਖੇ ਦੇ ਸੂਤਰ ਦੀ ਤੰਦ ਬਹੁਤ ਮਹੀਨ ਸੀ । ਪ੍ਰੇਮ ਸਿੰਘ ਜੀ ਨੇ 'ਆਹ' ਭਰ ਕੇ ਚਰਖਾ ਅਗੋਂ ਚੱਕ ਦਿਤਾ ਅਤੇ "ਹਨੂਮਾਨ ਨਾਟਕ" ਪੜ੍ਹਨ ਨੂੰ ਦਿਤਾ । ਉਸ ਸਮੇਂ ਵਿਚ ਇਸ ਨਾਟਕ ਦੇ ਅਰਥਕਾਰਾਂ ਨੂੰ ਮਹਾਂ ਵਿਦਵਾਨ ਸਮਝਿਆ ਜਾਂਦਾ ਸੀ ਪਰ ਗਿਆਨੀ ਜੀ ਨੇ ਲਾਹੌਰ ਰਹਿ ਕੇ ਭਾਈ ਗਿਆਨੀ ਰਾਮ ਸਿੰਘ ਜੀ ਤੋਂ ਅਤੇ ਪਹਿਲਾਂ ਪਿੰਡ ਰਹਿੰਦਿਆਂ, ਭਾਈ ਭੋਲਾ ਸਿੰਘ ਜੀ ਤੋਂ ਭਾਸ਼ਾ ਸੰਸਕ੍ਰਿਤ ਦੇ ਪੁਸਤਕ ਪੰਡਤ ਆਤਮਾ ਰਾਮ ਸਾਧੂ ਤੋਂ ਪੜ੍ਹੇ ਹੋਏ ਸਨ । ਗਿਆਨੀ ਜੀ ਦੀ ਪੜ੍ਹਤ ਤੇ ਉਚਾਰਨ ਢੰਗ ਵੇਖ ਕੇ ਪ੍ਰੇਮ ਸਿੰਘ ਜੀ ਬਹੁਤ ਹੀ ਪ੍ਰਸੰਨ ਹੋਏ ਅਤੇ ਜਾਂਦੇ ਹੋਏ ਉਨ੍ਹਾਂ ਨੂੰ ਆਪਣੇ ਨਾਲ ਹੀ ਪਟਿਆਲੇ ਲੈ ਗਏ । ਉਥੇ ੩॥=) ਮਾਹਵਾਰ ਸਪੈਸ਼ਲ ਗਰੇਡ ਦੁਆਕੇ ਗਰੰਥੀਆਂ ਵਿਚ ਵਿਚ ਲੁਆ ਦਿਤਾ । ਉਨ੍ਹਾਂ ਦਿਨਾਂ ਵਿਚ ਗਰੰਥੀ ਦੀ ਆਮ ਤਨਖਾਹ ੨॥=) ਹੁੰਦੀ ਸੀ ਪਰ ਆਪ ਨੂੰ ੩॥=) ਦਾ ਸਪੈਸ਼ਲ ਗਰੇਡ ਦਿਤਾ ਗਿਆ ਸੀ । ਪਟਿਆਲੇ ਵਿਚ ਆਪ ਨੇ ਭਾਈ ਧਰਮ ਸਿੰਘ ਖੁਸ਼ ਨਵੀਸ ਤੋਂ ਪੰਜਾਬੀ ਦੀ ਖੁਸ਼ਖਤੀ ਦੀ ਸਿਖਿਆ ਪ੍ਰਾਪਤ ਕਰ ਲਈ ਅਤੇ ਪੰਜਾਬੀ ਗੁਰਮੁਖੀ ਦੇ ਪੁਸਤਕ ਲਿਖ ਕੇ ੧੦) ਰੁਪੈ ਮਾਹਵਾਰ ਦੀ ਹੋਰ ਵੀ ਆਮਦਨ ਕਰ ਲਈ । ਡੇਢ ਸਾਲ ਪਿਛੋਂ ਲੌਂਗੋਵਾਲ ਆਕੇ ੩੦) ਰੁਪੈ ਮਾਂ ਦੇ ਚਰਨਾਂ ਵਿਚ ਰਖ ਕੇ ਮਥਾ ਟੇਕਿਆ । ਮਾਤਾ ਜੀ ੩੦) ਵੇਖ ਕੇ ਤੇ ਆਪ ਨੂੰ ਮਿਲ ਕੇ ਬਹੁਤ ਹੀ ਪ੍ਰਸੰਨ ਹੋ ਗਏ । ਪਰ ਹੁਣ ਆਪ ਮੁੜ ਪਟਿਆਲੇ ਆ ਗਏ ।

## ਪਹਿਲੀ ਯਾਤਰਾ ਦਾ ਆਰੰਭ

ਓਨ੍ਹਾਂ ਦਿਨਾਂ ਵਿਚ ਪੰਜਾਬ ਵਿਚ ਖਾਸ ਕਰਕੇ ਮਾਲਵੇ ਵਿਚ, ਇਕ ਉਦਾਸੀ ਸੰਤ ਮਸਤਰਾਮ ਜੀ ਦੀ ਬਹੁਤ ਮਾਨਤਾ ਸੀ । ਮਸਤਰਾਮ ਜੀ ਸਬੰਧੀ ਆਮ ਚਰਚਾ ਸੀ ਕਿ ਉਹ ਜੋ ਵੀ ਵਾਕ ਜ਼ਬਾਨੋਂ ਕਢ ਦੇਣ ਉਹ ਅਵੱਸ਼ ਹੀ ਪੂਰਾ ਹੋ ਜਾਇਆ ਕਰਦਾ ਹੈ । ਸੰਤ ਜੀ ਆਪ ਜੀ ਦੇ ਪਿਤਾ ਦੇ ਬਹੁਤ ਮਿਤਰ ਸਨ । ਓਹ ਲੌਂਗੋਵਾਲ ਆਪ ਦੇ ਘਰ ਆ ਕੇ ਕੁਝ ਦਿਨ ਰਹੇ । ਜਦ ਸੰਤ ਜੀ ਜਾਣ ਲਗੇ ਤਾਂ ਗਿਆਨੀ ਜੀ ਵੀ ਨਾਲ ਹੀ ਉਠ ਤੁਰੇ ਅਤੇ ਮਾਂ ਨੂੰ ਆਖ ਗਏ ਕਿ—"ਮੈਂ ਆਪਣੀ ਨੌਕਰੀ ਤੇ ਪਟਿਆਲੇ ਜਾ ਰਿਹਾ ਹਾਂ—।"



Digitized by Panjab Digital Library | www.panjabdigilib.org

ਪਟਿਆਲੇ ਕੁਝ ਦਿਨ ਸੰਤਾਂ ਨਾਲ ਭੰਡਾਰੇ ਛਕਦੇ ਛਕਾਉਂਦੇ, ਕਾਂਸ਼ੀ (ਵਾਰਾ-ਨਸੀ) ਜਾ ਰਹੇ। ਏਥੋਂ ਮੁੜ ਕੇ ਹਰਿਦੁਆਰ ਹੁੰਦੇ ਹੋਏ ਗੰਗੋਤਰੀ, ਜਮਨੋਤਰੀ, ਟੀਰੀ-ਗੜਵਾਲ ਦੀ ਰਾਜਧਾਨੀ ਸ੍ਰੀ ਨਗਰ,'ਸਤ ਪਥ' 'ਬ੍ਰਹਮ ਪਥ', ਆਦਿ ਬਰਫ ਨਾਲ ਢਕੀਆਂ ਹਿਮਾਲੇ ਦੀਆਂ ਉਚੇਰੀਆਂ ਚੋਟੀਆਂ ਪਰਸਦੇ, 'ਪਤਿਤ ਕੁੰਡ', 'ਮੰਦ ਅਗਨੀ', 'ਭੂਟੀ' 'ਕਿਦਾਰ ਨੀਲਾ' ਦੀ ਯਾਤਰਾ ਕਰਕੇ ਲਛਮਣ ਝੂਲੇ ਆ ਗਏ। ਲਛਮਣ ਝੂਲੇ ਦਾ ਪੁਲ ਤਦ ਅਜ ਜਿਹਾ ਨਹੀਂ ਸੀ ਸਗੋਂ ਗੰਗਾ ਦੇ ਕੰਢਿਆਂ ਉਤੇ ਦੋਹੀਂ ਪਾਸੀਂ ਦੋ ਖੰਭੇ ਗਢ ਕੇ ਇਕ ਮੋਟਾ ਮੁਜ਼ਬੂਤ ਰਸਾ ਵਿਚ ਬੰਨ੍ਹਿਆ ਹੋਇਆ ਹੁੰਦਾ ਸੀ। ਰੱਸੇ ਨੂੰ ਹਥ ਪਾਕੇ ਲਟਕ ਕੇ ਹਥ ਅਗੇ ਵਧਾਂਦਿਆਂ ਤੇ ਝੂਲਦਿਆਂ, ਪਾਰ ਕਰਨਾ ਪੈਂਦਾ ਸੀ। ਇੰਞ ਕਰਨਾ ਇਕ ਤਰ੍ਹਾਂ ਮੌਤ ਦੇ ਮੂੰਹ ਵਿਚ ਫਸ ਕੇ ਬਾਹਰ ਨਿਕਲਣ ਵਾਲੀ ਗਲ ਸੀ। ਕਈ ਕਮਜ਼ੋਰ ਜਦ ਨੀਚੇ ਤਕਦੇ ਦਿਲ ਦਹਿਲ ਕੇ ਹਥ ਛੁਟ ਕੇ ਗੰਗਾ ਮੱਈਆ ਦੀ ਭੇਟ ਚੜ੍ਹ ਜਾਂਦੇ। ਰਸਾ ਫੜ ਕੇ ਪਾਰ ਹੋਕੇ, ਤਪੋ ਬਣ ਪਰਸਦੇ ਰਿਖੀ ਕੇਸ਼ ਹੁੰਦੇ ਡਿਹਰਾ ਦੂਨ ਮਹੰਤ ਨਿਰੈਣ ਦਾਸ ਜੀ ਕੋਲ ਆ ਗਏ। ਉਥੋਂ ਪਉਂਟੇ ਸਾਹਿਬ ਭੰਗਾਣੀ ਸਾਹਿਬ ਦੇ ਦੇ ਦਿਦਾਰ ਕਰਦੇ 'ਟੋਕੇ' 'ਮੋਰਨੀ ਦੇ ਤਾਲ' 'ਰਾਣੀ ਦੇ ਰਾਇ' ਪੁਰ 'ਕਮਾਲ ਮੋਚਨ' 'ਲਾਲੜੂ'ਆਦਿ ਵਿਚ ਦੀ ੧੯੧੨ ਦੀ ਭਾਦਰੋਂ ਨੂੰ ਕਰੁਖੇਤ੍ਰ ਸੂਰਜ ਗ੍ਰਹਿਨ ਆ ਵੇਖਿਆ। ਏਥੇ ਭਾਈ ਜਵਾਹਰ ਸਿੰਘ ਜੀ ਨਿਰਮਲੇ ਸੰਤ ਸਕਲਾ ਪੁਰੀਏ ਨਾਲ ਕੁਰਖੇਤ੍ਰ ਭੂੰਮੀ ਦੇ ੩੬੦ ਤੀਰਥ ਪਰਸੇ।

ਇੰਞ ਪੈਰ ਬਾਹਰ ਨਿਕਲਣ ਅਤੇ ਘੁਮੱਕੜ ਸੰਤਾਂ ਦੀ ਸੰਗਤ ਨਾਲ ਫਿਰਨ ਤੁਰਨ ਕਰਕੇ ਕਾਫੀ ਤਜਰਬਾ, ਅਕਲ, ਤੇ ਵਿਦਿਆ ਪ੍ਰਾਪਤਿ ਕਰ ਲਈ। ਕੁਰਖੇਤ੍ਰ ਤੋਂ ਕੈਂਥਲ ਚਲੇ ਗਏ। ਜਿਥੇ ਭਾਈ ਸੰਤੋਖ ਸਿੰਘ ਜੀ ਮਹਾਂਕਵੀ ਦੇ ਸਥਾਨ ਦੇ ਦਰਸ਼ਨ ਕੀਤੇ। ਇਥੋਂ ਧਮਧਾਨ ਸਾਹਿਬ ਦਾ ਗੁਰ ਅਸਥਾਨ ਜਿਥੇ ਮਹੰਤ ਆਪ ਦੀ ਭੂਆ ਦੇ ਪੁਤਰ ਭਾਈ ਤਖਾ ਸਿੰਘ ਜੀ ਸਨ, ਕੋਲ ਜਾ ਰਹੇ, ਉਨ੍ਹਾਂ ਬਹਤ ਜ਼ੋਰ ਦਿਤਾ ਕਿ ਏਥੇ ਰਹੋ ਪਰ ਆਪ ਨੇ ਕਿਹਾ--''ਪਾਣੀ ਚਲਤਾ ਰਹੇ ਬਿਹਤਰ ਸਾਧੂ ਰਮਤਾ ਰਹੇ ਬਿਹਤਰ—''ਇੰਞ ਦਰਸ਼ਨ ਪਰਸ਼ਨ ਕਰਦੇ ਲੌਂਗੋਵਾਲ ਵਾਪਸ ਆ ਕੇ ਮਾਤਾ ਜੀ ਦੇ ਚਰਨ ਪਰਸਕੇ ਸੰ. ੧੯੧੩ ਬਿ: ਵੈਸਾਖੀ ਸਮੇਂ ਦਮਦਮਾ ਸਾਹਿਬ ਦੇ ਦਰਸ਼ਨ ਕੀਤੇ। ਉਥੇ ਹੀ ਆਪ ਨੂੰ ਸੰਤ ਹਰਦਿਤ ਸਿੰਘ ਜੀ ਦਾਨ ਗੜੀਆ ਮਿਲ ਗਏ, ਜਿੰਨ੍ਹਾਂ ਕੋਲ ਰਹਿੰਦਿਆਂ ਗਿਆਨੀ ਜੀ ਨੇ



Digitized by Panjab Digital Library | www.panjabdigilib.org

ਸਤੋਜ ਪਿੰਡ ਦੇ ਮਹੱਬਤ ਸਿੰਘ ਜੀ ਤੋਂ ਵੇਦਾਂਤ ਪ੍ਰਕ੍ਰਿਆ ਦਾ ਬਹੁਤ ਚੰਗੀ ਤਰ੍ਹਾਂ ਮੁਤਾ-ਲਿਆ ਕੀਤਾ। ਫਿਰ ਪਟਿਆਲੇ ਜਾ ਕੇ ਤਾਇਆ ਜੀ ਨੂੰ ਮਿਲੇ ਅਤੇ ਵੇਦਾਂਤ ਪ੍ਰਕਰਣ ਸੁਣਾਇਆ, ਜਿਸ ਨੂੰ ਸੁਣ ਕੇ ਉਹ ਬਹੁਤ ਹੀ ਪ੍ਰਸੰਨ ਹੋਏ।

## ਦੁਬਾਰਾ ਰਿਖੀ ਕੇਸ਼

ਆਪ ਦਾ ਮਨ ਵੈਰਾਗ ਤੇ ਤਿਆਗ ਨਾਲ ਭਰਪੂਰ ਸੀ, ਇਸ ਲਈ ਆਪ ਦੁਬਾਰਾ ਫਿਰ ਰਿਖੀ ਕੇਸ਼ ਚਲੇ ਗਏ। ਉਸ ਸਮੇਂ ਰਿਖੀ ਕੇਸ਼ ਵਿਚ ਕੋਈ ਸਦਾ ਵਰਤ ਨਹੀਂ ਸੀ ਕੇਵਲ ਇਕ ਬ੍ਰਹਮਚਾਰਨੀ ਮਾਈ, ਇਕ ਰੋਟੀ, ਮੁਠੀ ਭਰ ਚੌਲ ਤੇ ਕੜਛੀ ਦਾਲ, ਹਰ ਇਕ ਸਾਧੂ ਨੂੰ ਅਠੀਂ ਪਹਿਰੀਂ ਦਿਆ ਕਰਦੀ ਸੀ। ਦਸ ਬਾਰਾਂ ਸਾਧੂ ਉਥੇ ਰਹਿੰਦੇ ਸਨ, ਜੋ ਇਕ ਵੇਲੇ ਉਸ ਸਦਾ ਵਰਤ ਤੋਂ ਰੋਟੀ ਲੈ ਕੇ ਬਾਕੀ ਜੰਗਲੀ ਫਲ ਫੂਲ ਖਾ ਕੇ ਢਿਡ ਦੀ ਭੁਖ-ਅਗਨੀ ਨੂੰ ਸ਼ਾਂਤ ਕਰ ਲਿਆ ਕਰਦੇ ਸਨ।

ਭਾਈ ਅਮੋਲਕ ਸਿੰਘ ਜੀ ਦੇ ਬਾੜੇ ਵਿਚ ਮਹੰਤ ਸਾਉਣ ਸਿੰਘ ਨੇ ਇਕ ਕੁਟੀਆ ਆਪ ਨੂੰ ਦੇ ਰਖੀ ਸੀ। ਜਿਥੇ ਸਤਿਸੰਗ ਦਾ ਰੰਗ ਜੰਮਿਆ ਰਹਿੰਦਾ। ਕਿਸ਼ਨ ਸਿੰਘ ਵਰੱਕਤ, ਸੰਤ ਸਿੰਘ, ਜੋਗਾ ਨੰਦ, ਪੰਡਤ ਖਜ਼ਾਨ ਸਿੰਘ ਠੀਕਰੀ ਵਾਲਾ, ਜੋ ਆਪਣੀ ਧਰਮ ਸ਼ਾਲਾ ਵਿਚ ਰਹਿੰਦੇ ਸਨ, ਉਨ੍ਹਾਂ ਤੋਂ ਗਿਆਨੀ ਜੀ ਨੇ ਤੁਲਸ਼ੀ ਰਾਮਾਇਣ ਅਰਥਾਂ ਨਾਲ ਪੜ੍ਹੀ। ਪਿਛੋਂ ਸਦਾ ਵਰਤੀਏ ਤੇ ਹੋਰ ਸੰਤ ਵੀ ਕਾਫੀ ਆ ਗਏ।

ਭਾਈ ਸੰਤ ਸਿੰਘ ਜੀ ਨਾਲ ਗਿਆਨੀ ਜੀ ੧੫ ਦਿਨ ਇਸ ਪਿੰਡ ਰਹੇ ਤੇ ਦੁਧ ਘਿਓ ਛਕਦੇ ਰਹੇ। ਕੁਝ ਦਿਨ ਰਿਖੀ ਕੇਸ਼ ਰਹਿ ਕੇ ਵੈਸਾਖੀ ਨੂੰ ਹਰਿਦੁਆਰ ਮੁੜ ਆਏ।

## ਗਦਰ ਹੋਣ ਤੇ ਮੁੜ ਪੰਜਾਬ ਨੂੰ

ਹਰਿਦੁਆਰ ਤੋਂ ਚਾਰ ਸਾਧੂ ਗਿਆਨੀ ਜੀ ਨਾਲ ਹੋਰ ਰਲ ਗਏ ਅਤੇ ਮਥਰਾ ਤੇ ਬਿੰਦਰਾ ਬਨ ਦੀ ਯਾਤਰਾ ਨੂੰ ਤੁਰ ਪਏ। ਅਜੇ ਮਥਰਾ ਪੁਜੇ ਹੀ ਸਨ ਕਿ ਸੰ. ੧੯੧੪ ਬਿ: ਮੁਤਾਬਕ ੧੮੫੭ ਈ:ਦਾ ਅਜ਼ਾਦੀ ਦਾ ਜੰਗ,ਜਿਸ ਨੂੰ ਕਾਲਿਆਂ ਦਾ ਗਦਰ ਕਿਹਾ ਜਾਂਦਾ ਹੈ, ਅਰੰਭ ਹੋ ਗਿਆ। ਆਗਰੇ ਆਪ ਨੇ ਵੇਖਿਆ ਕਿ ਬਹੁਤ ਸਾਰੇ ਫਕੀਰ ਵੀ ਅੰਗ੍ਰੇਜ਼ਾਂ ਦੇ ਜਾਸੂਸ ਹੋਣ ਦੇ ਸ਼ਕ ਵਿਚ ਫੜ ਕੇ ਮਾਰੇ ਜਾ ਰਹੇ ਹਨ। ਖਾਸ ਕਰਕੇ ਉਦਾਸੀ ਤੇ ਨਿਰਮਲੇ ਸੰਤਾਂ ਨੂੰ ਤੇ ਅੰਗ੍ਰੇਜ਼ ਦੇ ਵਫਾਦਾਰ ਸਮਝ ਕੇ ਬਹੁਤ ਬੁਰੀ



Digitized by Panjab Digital Library | www.panjabdigilib.org

ਤਰ੍ਹਾਂ ਵੇਖਿਆ ਜਾਂਦਾ ਸੀ । ਸਾਧੂ ਲੋਕ ਫਿਰਨੋਂ ਬੰਦ ਹੋ ਗਏ । ਗਿਆਨੀ ਜੀ ਇਹ ਹਾਲਤ ਵੇਖ ਕੇ ਪੰਜਾਬ ਨੂੰ ਉਠ ਨਸੇ ਪਰ ਪਾਨੀਪਤ ਦੀ ਚੌਂਕੀ ਤੇ ਫੜੇ ਗਏ ਜਿਥੇ ੧੫ ਦਿਨ ਹਵਾਲਾਟ ਵਿਚ ਡਾਢੇ ਤੰਗੀ ਦੇ ਦਿਨ ਕਟੇ । ਜੋ ਕੁਝ ਕੋਲ ਸੀ ਉਹ ਖਰਚ ਹੋ ਗਿਆ । ਸੋਲ੍ਹਵੇਂ ਦਿਨ ਇਸ ਥਾਂ ਸਿਖਾਂ ਦੀ ਪਲਟਨ ਆ ਗਈ । ਉਹ ਅੰਗ੍ਰੇਜ਼ ਦੀ ਮੱਦਦਗਾਰ ਸੀ । ਸਿਖ ਅਫਸਰਾਂ ਗਿਆਨੀ ਜੀ ਨੂੰ ਰਿਹਾ ਕਰਵਾ ਕੇ ਰਾਹਦਾਰੀ ਦਾ ਪਰਚਾ ਅਤੇ ਖਰਚ ਵਜੋਂ ਕੁਝ ਪੈਸੇ ਵੀ ਦੁਆਏ ਜਿਸ ਤੋਂ ਨਰਵਾਣਾ ਆਦਿ ਪਿੰਡਾਂ ਵਿਚ ਦੀ ਹੁੰਦੇ ਹੋਏ, ਲੌਂਗੋਵਾਲ ਮਾਤਾ ਜੀ ਦੇ ਦਰਸ਼ਨ ਆ ਕੀਤੇ । ਇਸ ਮਾਤਾ ਜੀ ਆਪ ਤੇ ਬਹੁਤ ਪ੍ਰਸੰਨ ਸਨ । ਉਨ੍ਹਾਂ ਦੀ ਆਗਿਆ ਤੇ ਅਸੀਸ ਲੈ ਕੇ ਸੰਤ ਦੇਵਾ ਸਿੰਘ ਜੀ ਹਰੀ ਗੜ੍ਹੀਏ ਨਾਲ ਉਨ੍ਹਾਂ ਦੇ ਡੇਰੇ ਹਰੀ ਗੜ੍ਹ ਆ ਟਿਕੇ । ਏਥੇ ਸੁੰਦਰ ਸਿੰਘ ਗੁੰਥੀ ਸੰਤ ਹਰੇਰਾਮ ਖਾਕੀ ਸ਼ਾਹ ਫਕੀਰ ਭਠਲੀ ਵਾਲਾ, ਧਿਆਨ ਸਿੰਘ ਜੀ 'ਕਟ' ਵਾਲਿਆਂ ਦੀ ਸੋਹਬਤ-ਸੰਗਤ ਵਿਚ ਚੰਗੇ ਦਿਨ ਗੁਜ਼ਰੇ ।

ਸੰਤ ਹਰਦਿਤ ਸਿੰਘ ਜੀ ਦਾਨ ਗੜ੍ਹ ਵਾਲੇ ਆਪਣੀ ਕੋਠੜੀ ਵਿਚ ਵੈਰਾਗ ਦੀ ਹਾਲਤ ਵਿਚ ਪਏ ਰਹਿੰਦੇ । ਜਦ ਆਪ ਗਏ ਤਾਂ ਉਨ੍ਹਾਂ ਵੀ ਆਪਣੀ ਚਿਰ ਖਾਮੋਸ਼ੀ ਤੋੜ ਕੇ ਇਨ੍ਹਾਂ ਨਾਲ ਗਲ ਬਾਤ ਕਰਨੀ ਸ਼ੁਰੂ ਕਰ ਦਿਤੀ । ਚੰਗਾ ਸਤਿ ਸੰਗ ਦੀ ਪਰਚਾ ਬਣ ਗਿਆ । ਏਥੇ ਹੀ ਚੌਧਰ ਵਾਲੇ ਸੰਤ ਸਿਧਾ ਸਿੰਘ ਜੀ ਦੀ ਰਾਗੀਆਂ ਦਾ ਚੌਂਕੀ ਵੀ ਆ ਰਲੀ । ਸੰ. ੧੯੧੫ ਨੂੰ ਸਾਰੀ ਸੰਤ ਮੰਡਲੀ ਰਲੀ ਮਿਲੀ ਵੈਸਾਖੀ ਤੇ ਦਮਦਮੇ ਸਾਹਿਬ ਆ ਗਈ । ਉਸ ਸਮੇਂ ਉਥੇ ਗੁਰਮੁਖੀ ਦਾ ਬਹਤ ਪ੍ਰਚਾਰ ਸੀ । ਬਹੁਤ ਸਾਰੇ ਲਿਖਾਰੀ, ਪੁਸਤਕ ਲਿਖਣ ਵਿਚ ਲਗੇ ਹੋਏ ਸਨ । ਲੰਗਰ ਦੀ ਸੇਵਾ ਸਹਿਜਾਦ ਪੁਰੀਆਂ ਦਾ ਮੁਖਤਾਰ ਜੰਬੂਰ ਸਿੰਘ ਕਰਦਾ ਸੀ । ਸਾਲ ਭਰ ਇਥੇ ਟਿਕ ਕੇ ਸਤਿ-ਸੰਗ ਕਰਦੇ ਰਹੇ, ਫਿਰ, ਸੰ. ੧੯੧੬ ਬਿ: ਫਲਗੂ ਦਾ ਮੇਲਾ ਵੇਖ ਮੈਨ ਦੁਆਬ ਵਿਚ ਸ੍ਰੀ ਆਨੰਦ ਪੁਰ ਚਲੇ ਗਏ । ਓਥੇ ਸੰਤ ਸਿੰਘ ਜੀ ਵਰੱਕਤ ਦੇ ਆਖਣ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਥਾ ਦਾ ਆਰੰਭ ਕੀਤਾ । ਹੋਲੇ ਦੇ ਸਮੇਂ ਕਥਾ ਦੀ ਸਮਾਪਤੀ ਹੋਈ । ਸੰਗਤ ਬਹੁਤ ਸੀ ।ਇਸ ਸਮੇਂ ਮਹਾਰਾਜਾ ਨਰਿੰਦ੍ਰ ਸਿੰਘ ਪਟਿਆਲਾ ਵੀ ਪੁਜੇ ਸਨ । ਓਨਾਂ ਆਪਣੇ ਟਿਕਾ ਸਾਹਿਬ ਮਹਿੰਦਰ ਸਿੰਘ ਨੂੰ ਅੰਮ੍ਰਤ ਛਕਾਉਣ ਦੀ ਮਨਸਾ ਭਰੇ ਦੀਵਾਨ ਵਿਚ ਜ਼ਾਹਰ ਕੀਤੀ । ਗਿਆਨ ਸਿੰਘ ਨਿਹੰਗ ਸਿੰਘ ਨੇ ਕਿਹਾ ਕਿ—



Digitized by Panjab Digital Library | www.panjabdigilib.org

ਮਹਾਰਾਜਾ ਨਰਿੰਦਰ ਸਿੰਘ ਧੌਲਪੁਰ, ਭਰਤਪੁਰ ਦੇ ਗੈਰ ਸਿੰਘ ਰਾਜਿਆਂ ਨੂੰ ਲੜਕੀਆਂ ਦੇਂਦੇ ਹਨ, ਉਹ ਹੁਕਾ ਪੀਂਦੇ ਹਨ ਇਸ ਲਈ ਆਪ ਗੁਰੂ ਘਰ ਦੇ ਤਨਖਾਹੀਏ ਹਨ।

ਇਸ ਤੋਂ ਮਹਾਰਾਜਾ ਨਰਿੰਦ੍ਰ ਸਿੰਘ ਨੇ ਖਲੋਕੇ ਮਾਫੀ ਮੰਗੀ। ਸੰਗਤ ਨੇ ੧੧ ਹਜ਼ਾਰ ਰੁਪੈ ਤਨਖਾਹ ਲਾਈ, ਜੋ ਮਹਾਰਾਜ ਨੇ ਪ੍ਰਵਾਨ ਕਰਕੇ ਦੇ ਦਿਤੀ, ਜਿਸ ਦੇ ਨਾਲ ਮੰਜੀ ਸਾਹਿਬ ਬਣਵਾ ਦਿਤੀ, ਜੋ ਅਜ ਤੀਕ ਕਾਇਮ ਹੈ।

ਅਨੰਦ ਪੁਰ ਤੋਂ ਚਲ ਕੇ ਦਰਿਆ ਸਤਿਲੁਜ ਪਾਰ ਕਰਕੇ ਹੁਸ਼ਿਆਰ ਪੁਰ ਜਾ ਰਹੇ। ਉਥੋਂ ਅੰਬੋਟਾ, ਗੜ੍ਹ ਦੀਵਾਲਾ ਗੇਟ ਘਾਟੇ ਬਿਆਸਾ ਪਾਰ ਕਰਕੇ, ਚਿੰਤ ਪੂਰਨੀ ਦੇਵੀ ਦੀ ਯਾਤਰਾ ਕਰਦੇ ਧਰਮ ਸਾਲਾ ਜਾ ਰਹੇ। ਧਰਮ ਸਾਲਾ ਵਿਚ ਆਪ ਦੀ ਭੇਟ ਮਹਾਂਰਿਸ਼ੀ ਬਾਬੂ ਰਾਜਿੰਦ੍ਰ ਨਾਥ ਨਾਲ ਹੋਈ। ਇਹ ਰਾਜ ਭਾਗ ਛਡ ਕੇ ਬ੍ਰਹਮੂ ਸਮਾਜ ਦਾ ਪ੍ਰਚਾਰ ਕਰਨ ਲਈ ਕਲਕਤੇ ਤੋਂ ਟੇਵੇ ਆਏ ਸਨ। ਉਨ੍ਹਾਂ ਗਿਆਨੀ ਜੀ ਨੂੰ ਆਪਣੇ ਨਾਲ ਕਲਕਤੇ ਚਲਣ ਲਈ ਬਹੁਤ ਜ਼ੋਰ ਦਿਤਾ ਪਰ ਆਪ ਨਾ ਮੰਨੇ। ਇਥੋਂ ਜੁਆਲਾ ਮੁਖੀ ਦੀਆਂ ਜੋਤਾਂ ਦਾ ਮੰਦਰ ਤੇ ਕਿਲਾ ਆਦਿ ਵੇਖ ਕੇ ਚੰਬੇ ਜਾ ਪੁਜੇ। ਕਾਂਗੜੇ ਪਹਾੜਾਂ ਦੀ ਸੈਰ ਕਰਦੇ, ਕੁਲੂ, ਮਨੀ ਕਰਣ ਆਦਿ ਥਾਵਾਂ ਵੇਖਦੇ ਮੜ ਬਾਸਲਪਰ ਵਿਚ ਦੀ ਲੁਧਿਆਣੇ ਆ ਗਏ। 1861

## ੧੯੧੮ ਬਿ: ਮੁਤਾਬਕ ੧੮੬੦ ਈ: ਦਾ ਕਾਲ

1918
1861

## ਤੇ

## 1861 ਨਿਰਮਲ ਅਖਾੜੇ ਦੀ ਕਾਇਮੀ

ਸਤਾਰ੍ਹੇ ਦੇ ਕਾਲ ਦਾ ਪੰਜਾਬ ਵਿਚ ਬਹੁਤ ਚਿਰ ਆਮ ਚਰਚਾ ਰਿਹਾ ਹੈ, ਰਾਜਸਥਾਨ ਦੇ ਬੀਕਾਨੇਰੀ ਬਾਗੜੀਏ ਦੇਸ਼ ਛਡ ਕੇ ਪੰਜਾਬ ਵਿਚ ਮੰਗਣ ਲਈ ਤੁਰ ਆਏ ਸਨ। ਸੈਂਕੜੇ ਲੋਕੀਂ ਭੁਖ ਦੇ ਦੁਖ ਨਾਲ ਮਰ ਗਏ ਸਨ। ਉਸ ਸਮੇਂ ਦੇ ਪ੍ਰਸਿਧ ਸੰਤ ਮਹਿਤਾਬ ਸਿੰਘ ਜੀ ਨਿਰਮਲੇ ਦੀ ਫੂਲਕੀਆਂ ਰਿਆਸਤਾਂ ਵਿਚ ਕਾਫੀ ਮਾਨਤਾ ਸੀ। ਉਨ੍ਹਾਂ ਦੇ ਕਹਿਨ ਤੇ ਫੂਲਕਿਆਂ ਮਹਾਰਾਜਿਆਂ ਨੇ ਆਪਣੇ ਅੰਨ ਭੰਡਾਰ ਗਰੀਬਾਂ ਲਈ ਖੋਲ੍ਹ ਦਿਤੇ ਸਨ। ਗਿਆਨੀ ਜੀ ਨਿਰਮਲ ਸੰਪ੍ਰਦਾ ਵਿਚ ਚੰਗੀ-



Digitized by Panjab Digital Library | www.panjabdigilib.org

ਤਰ੍ਹਾਂ ਆ ਮਿਲੇ ਸਨ। ਇਨ੍ਹਾਂ ਆਪਣੀ ਦੀਖਿਆ ਤੇ ਵਿਦਿਆ ਦਾ ਗੁਰੂ ਪੰਡਤ ਤਾਰਾ ਸਿੰਘ ਜੀ ਨਿਰੋਤਮ ਨੂੰ ਬਣਾਇਆ ਸੀ। ਫਕੀਰੀ ਹਾਲਤ ਵਿਚ ਗਿਆਨੀ ਜੀ ਮੁੜ ਰਿਖੀ ਕੇਸ਼ ਜਾ ਰਹੇ ਅਤੇ ਗਿਆਨੀ ਖਜ਼ਾਨ ਸਿੰਘ ਜੀ ਤੋਂ ਗੁਰਮਤ ਦੇ ਪੁਸਤਕ ਆਦਿ ਅਰਥਾਂ ਨਾਲ ਪੜ੍ਹੇ। ਗਿਆਨੀ ਜੀ ਦਸਿਆ ਕਰਦੇ ਸਨ ਕਿ ਉਨ੍ਹਾਂ ਕਾਲ ਦੇ ਦਿਨਾਂ ਵਿਚ ਆਟਾ ਰੁਪਏ ਦਾ ੧੦ ਸੇਰ ਮਿਲਦਾ ਸੀ ਅਤੇ ਇਹੀ ਭਾ ਸੌਂਗੀ ਦਾ ਸੀ। ਵੈਸਖਾ ੧੯੧੮ ਨੂੰ ਆਮ ਮੀਂਹ ਪੈ ਗਿਆ। ਰਿਖੀ ਕੇਸ਼ ਤੋਂ ਸਨਾਮ ਵਿਚ ਦੀ ਜਖੇਪਲ੍ਹ ਪਿੰਡ ਵਿਚ ਆ ਰਹੇ। ਇਸੇ ਪਿੰਡ ਦੇ ਲੋਕਾਂ ਚਾਉਦੇ ਅਗਵਾੜ ਵਿਚ ਕੁਟੀਆ ਬਣਾ ਦਿਤੀ। ਇਸੇ ਸਾਲ ਵਿਚ ਪਰਮ ਪੂਜਯ ਸੰਤ ਮਹਿਤਾਬ ਸਿੰਘ ਜੀ ਦੀ ਪੇਰਨਾ ਨਾਲ ਮਹਾਰਾਜਾ ਨਿਰੇਂਦਰ ਸਿੰਘ ਜੀ ਪਟਿਆਲਾ ਨੇ ਪੰਚਾਇਤੀ ਅਖਾੜਾ ਨਿਰਮਲ ਦੀ ਨੀਂਹ ਰਖੀ, ਜਿਸ ਦੀ ਲਿਖਾ ਪੜ੍ਹੀ ਆਦਿ ਨਿਯਮ ਬਨਾਉਣ ਵਿਚ ਸ੍ਰੀ ਗਿਆਨ ਸਿੰਘ ਜੀ ਨੇ ਕਾਫੀ ਸੇਵਾ ਕੀਤੀ। ਗਿਆਨੀ ਜੀ ਨੂੰ ਉਚੇਚੇ ਤੌਰ ਤੇ ਜਖੇਪਲੁ ਤੋਂ ਬੁਲਾ ਲਿਆ ਗਿਆ ਸੀ। ਆਪ ਮੁੜ ਜਖੇਪਲ੍ਹ ਹੀ ਆ ਗਏ ਜਿਥੇ ਉਨ੍ਹਾਂ ਚੁਮਾਸਾ ਰਖ ਕੇ ਕਈ ਹਜ਼ਾਰ ਸਾਧੂਆਂ ਦੀ ਸੇਵਾ ਕੀਤੀ। ਇਸ ਸਮੇਂ ਵਿਚ ਆਪ ਨੇ ਤਿਨ ਵਾਰ ਸੰਪੂਰਨ ਗੁਰਬਾਣੀ ਦੇ ਅਰਥ ਸੁਣੇ। ਸੰਤ ਹਰਿਦਤ ਸਿੰਘ ਜੀ ਨੂੰ ਨਾਲ ਲੈ ਕੇ ਪਿੰਡਾਂ ਵਿਚ ਸਤ-ਸੰਗ ਦੀ ਖੁਸ਼ਬੂ ਫੈਲਾਂਦੇ, ਫਿਰ ਮੁਕਤਸਰ ਜਾ ਰਹੇ। ਮੁਕਤਸਰ ਤੋਂ ਸਤੌਜ ਪਿੰਡ ਵਿਚ, ਪੰਡਤ ਤਾਰਾ ਸਿੰਘ ਜੀ ਦੀ ਦਰਸ਼ਨ ਹੋ ਗਏ। ਪੰਡਤ ਜੀ ਨੂੰ ਮਹਾਰਾਜਾ ਪਟਿਆਲਾ ਨੇ ਸਦ ਭੇਜਿਆ। ਗਿਆਨੀ ਜੀ ਨੂੰ ਪਤਾ ਲਗਾ ਕਿ ਪੰਡਤ ਤਾਰਾ ਸਿੰਘ ਜੀ ਗਾਂਧਾ ਸਿੰਘ ਜੀ ਦੇ ਡੇਰੇ ਪਟਿਆਲਾ ਵਿਚ ਮੋਖਸ਼ ਪੰਥ ਦਾ ਟੀਕਾ ਕਰ ਰਹੇ ਸਨ। ਕੁਝ ਵਿਦਿਆਰਥੀ ਸੁਣ ਦੇ ਸਨ। ਬਖਸ਼ੀ ਵਸਾਵਾ ਸਿੰਘ ਜੀ ਦੀ ਪ੍ਰੇਰਨਾ ਨਾਲ ਮਹਾਰਾਜਾ ਨੇ ਪੰਡਤ ਜੀ ਦੀਆਂ ੪ ਪਕੀਆਂ ਰਸਤਾਂ, ਜਿਸ ਵਿਚ, ਆਟਾ, ਘਿਉ, ਚਾਵਲ, ਬੂਰਾ, ਦਾਲ ਆਦਿ ਕਾਫੀ ਕੁਝ ਹੁੰਦਾ ਸੀ, ਲਾ ਦਿਤੀਆਂ ਸਨ।

ਇਕ ਦਿਨ ਸ੍ਰੀ ਮਹਾਰਾਜਾ ਮਹਿੰਦਰ ਸਿੰਘ ਜੀ ਪਾਠ ਕਰ ਰਹੇ ਸਨ, ਅਰਥ ਸਮਝ ਵਿਚ ਨਹੀਂ ਸਨ ਆ ਰਹੇ। ਗ੍ਰੰਥੀ ਤੋਂ ਪੁਛਿਆ ਉਹ ਵੀ ਨ ਦਸ ਸਕਿਆ। ਮਹਾਰਾਜ ਨੇ ਪੰ. ਤਾਰਾ ਸਿੰਘ ਜੀ ਨੂੰ ਸਦ ਕੇ ਗੁਰਬਾਣੀ ਦਾ ਟੀਕਾ ਕਰਨ ਲਈ ਕਿਹਾ। ਪੰਡਤ ਜੀ ਨੇ ਆਪਣੀ ਮਦਦ ਲਈ ਗਿਆਨੀ ਜੀ ਨੂੰ ਵੀ ਸਦ ਲਿਆ। ਆਪ ਅਤੇ ਗਿਆਨੀ ਗੁਰਬਖਸ਼ ਸਿੰਘ ਟੀਕਾ ਕਰਨ ਲਗ ਪਏ। ਨਿਹੰਗ ਸਿੰਘਾਂ ਸ਼ਕੈਤ ਕੀਤੀ ਕਿ ਗੁਰਬਾਣੀ ਦੇ ਅਰਥ ਲਿਖਣਾ ਗੁਨਾਹ ਹੈ। ਟੀਕਾ



Digitized by Panjab Digital Library | www.panjabdigilib.org

ਕੀਤਾ ਗਿਆ। ਪੰਡਤ ਜੀ ਆਪ ਨੂੰ ਅੰਮ੍ਰਿਤਸਰ ਨਾਲ ਲੈ ਗਏ ਅਤੇ ੨੫) ਖਰਚ ਦੇ ਕੇ ੧੯੨੫ ਵਿਚ ਗਿਆਨੀ ਚੰਦਾ ਸਿੰਘ ਜੀ ਸੂਰਮੇ ਕੋਲ ਛਡ ਆਏ। ਗਿਆਨੀ ਜੀ ਅਰਥ ਸੁਣਕੇ ਹਰ ਰੋਜ਼ ਡਾਕ ਰਾਹੀ ਪੰਡਤ ਜੀ ਕੋਲ ਭੇਜ ਦਿੰਦੇ ਜੋ ਪੰਡਤ ਜੀ ਦੇ ਟੀਕੇ ਵਿਚ ਕਾਫੀ ਸਹਾਇਕ ਹੁੰਦੇ। ਇਕ ਸਾਲ ਵਿਚ ੨੭ ਦਸਤੇ ਟੀਕੇ ਦੇ ਲਿਖ ਕੇ ਭੇਜੇ। ਇਸੇ ਸਾਲ ਹਰਿਦੁਆਰ ਮਹਾਂ ਵਾਰਣੀ ਜਾ ਦੇਖੀ ਜਿਥੇ ੧੫੦ ਬੰਦੇ ਭੀੜ ਵਿਚ ਸ਼ਨਾਨ ਕਰਦੇ ਕੁਚਲ ਕੇ ਮਾਰੇ ਗਏ ਸਨ।

ਇਸੇ ਸਾਲ ਪੰਡਤ ਤਾਰਾ ਸਿੰਘ ਜੀ ਦੀ ਸਲਾਹ ਨਾਲ "ਪੰਥ ਪ੍ਰਕਾਸ਼" ਨਾਂਮੀ ਪੁਸਤਕ ਰਚਿਆ। ਸਲੌਦੀ ਸਿੰਘਾਂ ਦੀ ਖੰਨਾ ਸ਼ਹਿਰ ਕੋਲ ਚਾਰ ਮਹੀਨੇ ਰਹੇ ਅਤੇ ਏਥੋਂ ਸ੍ਰੀ ਭੈਣੀ ਸਾਹਿਬ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਕੇ ਇਕ ਮਹੀਨਾ ਰਹਿ ਕੇ ਨਾਨਕ ਪ੍ਰਕਾਸ਼ ਦੀ ਕਥਾ ਸੁਣਾਈ। ਸੰਮਤ ੧੯੨੪ ਵਿਚ ਦੀਵਾਨ ਅਲਖ ਧਾਰੀ ਕੋਲ ਲੁਧਿਆਨਾ ਵਿਚ ਰਹੇ। ਸੰਤ ਮੀਰਾ ਸਿੰਘ ਜੀ ਤੋਂ ਫਾਰਸੀ ਦਾ ਅਧਿਐਨ ਕੀਤਾ ਅਤੇ ਅਮੀਰ ਸ਼ੇਰ ਅਲੀ ਦਾ ਦਰਬਾਰ ਜਲੰਧਰ ਵਿਚ ਡਿਠਾ ਜਿਸ ਨੇ ੨੫ ਅਸ਼ਰਫੀਆਂ ਆਪ ਦੀ ਭੇਟਾ ਕੀਤੀਆਂ। ਅਰਧ ਕੁੰਭੀ ਹਰਿਦੁਵਾਰ ਕਰ ਕੇ ਚਤਰ ਮਾਸ ਮੈਨ ਦੁਆਬ ਦੇ ਕੁੰਭੜੀ ਪਿੰਡ ਵਿਚ ਆ ਕਟਿਆ, ਕੁੰਭੜੀ ਦੀ ਸਰਦਾਰਨੀ ਨੇ ਦਰਬਾਰ ਦੀ ਕਥਾ ਸੁਣੀ ਤੇਗ ਤੇ ੧੫੦) ਭੇਟ ਕੀਤੇ। ਪਰ ਆਪਨੇ ਉਹ ਗਰੀਬਾਂ ਨੂੰ ਵੰਡ ਕੇ ਪਟਿਆਲੇ ਵਜ਼ੀਰ ਸਿੰਘ ਪਟੂਏ ਦੇ ਚੁਬਾਰੇ ਵਿਚ ਆ ਡੇਰੇ ਲਾਏ। ਜਿਸ ਦੇ ਪੁਤਰ ਭਗਵਾਨ ਸਿੰਘ ਜੁਆਲਾ ਸਿੰਘ ਪਟੂਏ ਹਨ— ਸੰਮਤ ੧੯੨੬ ਨੂੰ ਪ੍ਰਾਗਰਾਜ ਦਾ ਕੁੰਭ ਦਾ ਮੇਲਾ, ਸ੍ਰੀ ਪੰਡਤ ਤਾਰਾ ਸਿੰਘ ਜੀ ਨਾਲ ਜਾ ਵੇਖਿਆ, ਖਟ ਦਰਸ਼ਨ ਨੂੰ ਲੱਡੂ ਪੂੜੀ ਦਾ ਭੰਡਾਰਾ ਦਿਤਾ —

## ਪਾਗ਼ਰਾਜ ਤੋਂ ਹਜ਼ੂਰ ਸਾਹਿਬ

ਪ੍ਰਾਗਰਾਜ ਤੋਂ ਸ੍ਰੀਮਾਨ ਪੰਡਤ ਤਾਰਾ ਸਿੰਘ ਜੀ ਨਿਰੋਤਮ ਦੀ ਪ੍ਰੇਰਨਾ ਅਨੁਸਾਰ ਹਜ਼ੂਰ ਸਾਹਿਬ ਦੇ ਦਰਸ਼ਨ ਦੀਦਾਰ ਲਈ ਚਲੇ। ਪੰਡਤ ਤਾਰਾ ਸਿੰਘ ਜੀ, ਮਹੱਬਤ ਸਿੰਘ ਜੀ ਮਹੰਤ, ਸਰਦਾਰ ਲਾਲ ਸਿੰਘ, ਹਰੀ ਸਿੰਘ ਹਰੀਕਾ ਤੇ ਗਿਆਨੀ ਗਿਆਨ ਸਿਘ ਜੀ ਪ੍ਰਾਗਰਜ ਤੋਂ ਜੱਬਲਪੁਰ ਤੀਕ ਰੇਲ ਚਲਦੀ ਸੀ ਰੇਲ ਤੇ ਗਏ। ਜੱਬਲਪੁਰ



Digitized by Panjab Digital Library | www.panjabdigilib.org

ਤੋਂ ਨਾਗ ਪੁਰ ਤੀਕ ਬੈਲ ਗਡੀ ਦਾ ਸਫਰ ਕੀਤਾ। ਬਾਲਾ ਪੁਰ, ਅਕੋਲਾ ਤੀਕ ਫਿਰ ਰੇਲ ਵਿਚ। ਅਕੋਲਾ ਜਾ ਕੇ ਇਕ ਸਰਾਂ ਵਿਚ ਡੇਰਾ ਕੀਤਾ। ਗਿਆਨੀ ਜੀ ਤੇ ਮਹੰਤ ਮਹੱਬਤ ਸਿੰਘ ਜੀ ਰਸਦ ਖਰੀਦਨ ਗਏ। ਅਕੋਲਾ ਦੀ ਪੁਲਸ ਨੇ ਅਵਾਰਾ ਗਰਦੀ ਵਿਚ ਫੜ ਕੇ ਦੋਹਾਂ ਨੂੰ ਹਵਾਲਾਟ ਵਿਚ ਦੇ ਦਿਤਾ। ਸਾਥੀ ਸਰਾਂ ਵਿਚ ਸਾਰੀ ਰਾਤ ਉਡੀਕਦੇ ਤੇ ਬਾਹਰ ਭਾਲ ਕਰਦੇ ਫਿਰਦੇ ਰਹੇ। ਪੁਲੀਸ ਨੇ ਕੁਝ ਥਹੁ ਪਤਾ ਨਾ ਦਿਤਾ। ਦੂਜੇ ਦਿਨ ਪੁਲਿਸ ਕਪਤਾਨ ਨੇ ਨੇਕ ਚਲਣੀ ਦੀ ਤਸਦੀਕ ਮੰਗੀ। ਪਟਿਆਲੇ ਤਾਰ ਦਿਤੀ ਗਈ। ਦੂਜੇ ਦਿਨ ਜਵਾਬ ਆਉਣ ਤੇ ਰਿਹਾਈ ਮਿਲੀ। ਗਲ ਇਹ ਸੀ ਕਿ ਦਖਣੀ ਸਿੰਘਾਂ ਨੇ ਉਥੇ ਡਾਕਾ ਮਾਰ ਕੇ ਤ੍ਰੈ ਬੰਦੇ ਮਾਰ ਦਿਤੇ ਸਨ। ਜਿਨ੍ਹਾਂ ਵਿਚੋਂ ਕੁਝ ਗ੍ਰਿਫਤਾਰ ਹੋ ਗਏ ਸਨ, ਬਾਕੀਆਂ ਦੀ ਪੁਲਿਸ ਭਾਲ ਵਿਚ ਸੀ। ਦੋਹ ਦਿਨਾਂ ਪਿਛੋਂ ਯਾਤਰੂ ਸਰਾਂ ਵਿਚ ਜਾ ਰਹੇ। ਉਥੋਂ ਅੰਮ੍ਰਿਤ ਵੇਲੇ ਚੰਨ ਚਾਨਣੇ ਕੂਚ ਕੀਤਾ। ਪਹਾੜੀ ਉਬੜ ਖਾਬੜ ਉਤਰਾਈ ਤੇ ਚੜ੍ਹਾਈ ਦਾ ਰਸਤਾ,ਸ਼ੇਰ ਦੇ ਦਹਾੜਨ ਦੀ ਅਵਾਜ਼ ਤੋਂ ਡਰਦੇ ਬੈਲ ਇਕ ਪਾਸੇ ਨੂੰ ਨਸ ਤੁਰੇ। ਸਰਦਾਰ ਲਾਲ ਸਿੰਘ ਦੀ ਗਡੀ ਖੱਡ ਵਿਚ ਜਾ ਡਿਗੀ। ਸਖਤ ਚੋਟਾਂ ਆਈਆਂ। ਬੜੀ ਮੁਸ਼ਕਲ ਨਾਲ ਡਰਦੇ ਹਰਿ ਹਰਿ ਕਰਦੇ ਵਿਸਮਤ ਸ਼ਹਿਰ ਪੁਜੇ। ਮੁਸੀਬਤ ਤੇ ਮੁਸੀਬਤ। ਜੈਨੀਆਂ ਦੇ ਖੂਬਸੂਰਤ ਮੰਦਰ ਦੀ ਤਾਰੀਫ਼ ਸੁਣ ਕੇ ਗਿਆਨੀ ਜੀ ਤੇ ਮਹੱਬਤ ਸਿੰਘ ਜੀ ਵੇਖਨ ਤੁਰ ਗਏ। ਗਡੀਆਂ ਅਗੇ ਨਿਕਲ ਗਈਆਂ। ਮੰਦਰ ਵੇਖ ਵਾਪਸ ਮੁੜੇ ਗਡੀਆਂ ਤਾਂ ਨ ਮਿਲੀਆਂ ਇਕ ਮਾਰਵਾੜੀ ਸੇਠ ਨੇ ਚਰਨੀ ਪੈ ਕੇ ਅਰਜ਼ ਕੀਤੀ—"ਮਹਾਰਾਜ ਮੇਰੇ ਪੁਤਰ ਦੀ ਸ਼ਾਦੀ ਹੈ, ਜਦ ਤੀਕ ਕੋਈ ਸਾਧੂ ਮਹਾਤਮਾ ਭੋਜਨ ਨਾ ਕਰ ਲਏ ਘਰ ਵਾਲੇ ਅੰਗੀਕਾਰ ਨਹੀਂ ਕਰ ਸਕਦੇ। ਆਪ ਇਕ ਪਲ ਚਰਨ ਪਾਕੇ ਕੁਝ ਮੂੰਹ ਪਾ ਜਾਓ। ਦੇਰ ਹੋ ਰਹੀ ਸੀ, ਸਾਥੀਆਂ ਦੇ ਦੂਰ ਚਲੇ ਜਾਨ ਦਾ ਵੀ ਖਿਆਲ ਸੀ, ਪਰ ਗਿਆਨੀ ਜੀ ਸੇਠ ਦੀ ਅਰਜ਼ ਮੰਨ ਕੇ ਉਸ ਦੇ ਘਰ ਚਲੇ ਗਏ। ਸ਼ਨਾਨ ਕੀਤਾ, ਰੇਸ਼ਮੀ ਧੋਤੀ, ਸੀਰਨੀ ਦਾ ਥਾਲ ਪੰਜ ਦਮੜੇ ਪੂਜਾ ਮਿਲੀ। ਮੁਹੱਬਤ ਸਿੰਘ ਨੂੰ ਛੇਤੀ ਨਾਲ ਗਡੀਆਂ ਰੋਕਣ ਲਈ ਨਸਾਇਆ ਗਿਆ; ਗਿਆਨੀ ਜੀ ਗੱਡੀ ਦੀ ਲੀਹ ਵੇਖ ਕੇ ਤੁਰਦੇ ਗਏ, ਸਜਰੀ ਲੀਹ ਵੇਖ ਚਲਦੇ-ਚਲਦੇ ਇਕ ਜੰਗਲ ਵਿਚ ਜਾ ਖਲੋਤੇ। ਗਡੀਆਂ ਹੋਰ ਸਨ ਜੋ ਲਕੜਾਂ



Digitized by Panjab Digital Library | www.panjabdigilib.org

ਲੈਣ ਆਈਆਂ ਸਨ। ਆਦਮੀਆਂ ਤੋਂ ਰਸਤਾ ਪੁਛਿਆ, ਉਨ੍ਹਾਂ ਇਕ ਵਾਰ ਹਥ ਨਾਲ ਇਸ਼ਾਰਾ ਕਰ ਦਿਤਾ ਮੁੜ ਕੇ ਕੁਝ ਨਾ ਬੋਲੇ। ਲਾਚਾਰ ਇਸ਼ਾਰੇ ਵਲ ਉਠ ਤੁਰੇ। ਥੋੜੀ ਦੂਰ ਜਾ ਕੇ ਜੰਗਲ ਵਿਚ ਉਹ ਰਸਤਾ ਵੀ ਖਤਮ ਹੋ ਗਿਆ। ਸੂਰਜ ਛਿਪਣ ਨੂੰ ਤਿਆਰ ਸੀ। ਆਪ ਜੀ ਪਾਸ ਕੁੜਤਾ ਪਜਾਮਾ •ਨਗਦੀ ਪ) ਹੋਰ ਕਝ ਨਹੀਂ ਸੀ ਅਫੀਮ ਖਾਂਦੇ ਸਨ ਉਹ ਵੀ ਸਾਥੀਆਂ ਕੋਲ ਰਹਿ ਗਈ। ਸ਼ਾਮਤ ਦੇ ਮਾਰੇ ਦਿਸ਼ਾ ਭਰਮ ਨਾਲ ਪਿਛੇ ਮੁੜਨ ਦੇ ਖਿਆਲ ਨਾਲ ਅਗੇ ਹੀ ਅਗੇ ਤੁਰਦੇ ਗਏ। ਥੋੜੀ ਦੂਰ ਜਾਨ ਤੇ ਅੰਨ੍ਹੇਰਾ ਹੋ ਗਿਆ। ਨਦੀ ਦਾ ਕਿਨਾਰਾ, ਪਹਾੜੀ ਦੀ ਉਟ, ਨਾਰੀਅਲ ਦੇ ਹੇਠ ਜੰਗਲੀ ਭੀਲ ਨੰਗ ਧੜੰਗੇ ਤਾਜ਼ੀ ਸ਼ਰਾਬ ਪੀ ਕੇ ਨਚ ਰਹੇ ਸਨ। ਇਨ੍ਹਾਂ ਵਹਿਸ਼ੀਆਂ ਤੋਂ ਬਹੁਤ ਡਰੇ, ਪਰ ਰਬ ਦੀ ਓਟ ਲੈ ਕੇ ਅਗੇ ਹੀ ਅਗੇ ਤੁਰਦੇ ਗਏ। ਉਨ੍ਹਾਂ ਇਹ ਰਵਾਇਤ ਸੁਣੀ ਹੋਈ ਸੀ ਕਿ ਭੀਲ ਨੰਗੇ ਬੰਦੇ ਨੂੰ ਕੁਝ ਨਹੀਂ ਆਂਹਦੇ। ਸਾਰੇ ਕਪੜੇ ਲਾਹ ਕੇ ਬਗਲ ਵਿਚ ਗੇਂਦ ਵਾਂਗ ਕਰਕੇ ਦਬਾ ਲਏ। ਦਸ਼ਮ ਗੁਰੂ ਦਾ ਧਿਆਨ ਕਰਕੇ ਭੀਲਾਂ ਵਾਂਗ ਹੀ ਨੰਗੇ ਹੋ ਤੁਰੇ। ਭੀਲ ਟੱਕ-ਟੱਕ ਦੇਖ ਦੇ ਰਹੇ, ਕਿਹਾ ਕੁਝ ਨਾ। ਪਹਾੜੀ ਤੇ ਚੜ੍ਹਕੇ ਬਸਤੀ ਵੇਖਣ ਲਗੇ ਪਰ ਕੁਝ ਨਾ ਦਿਸਿਆ। ਸਬਰ ਕਰਕੇ ਮਨ ਮਾਰ ਕੇ ਬੈਠ ਗਏ। ਅਫੀਮ ਨਾ ਮਿਲਣ ਕਰ ਕੇ ਹਡ ਪੈਰ ਟੁਟ ਰਹੇ ਸਨ। ਪਥਰੀਲੀ ਜ਼ਮੀਨ, ਸੱਪ ਬਿਛੂ ਦਾ ਡਰ ਭਜਨ ਕਰਦਿਆਂ, ਨਾਮ ਜਪਦਿਆਂ ਰਾਤ ਕੱਟੀ, ਸਵੇਰੇ ਧੁਪ ਨਿਕਲਨ ਤੇ ਜਿਧਰ ਮੂੰਹ ਹੋਇਆ ਉਠ ਤੁਰੇ। ਰਸਤੇ ਵਿਚ ਭੇੜੀਏ ਗਿਦੜ ਰੋਜ਼ ਮਿਲਦੇ ਰਹੇ, ਜਿਨ੍ਹਾਂ ਤੋਂ ਬਹੁਤ ਡਰੇ। ਨਰਮ ਨਰਮ ਸੁਕਾ ਘਾਹ ਜਮਾ ਕੀਤਾ ਹੇਠ ਪਥਰ ਰਖ ਕੇ ਦੂਜਾ ਪਥਰ ਮਾਰਿਆ, ਅੱਗ ਚਮਕ ਉਠੀ। ਇਕ ਲਕੜੀ ਨੂੰ ਅਗ ਲਾਕੇ ਜਾਨਵਰਾਂ ਨੂੰ ਡਰਾਨ ਲਈ ਨਾਲ ਲੈ ਤੁਰੇ। ਅਫੀਮ ਦੇ ਥਾਂ ਕੁਚਲੇ ਦੇ ਰੁਖ ਦੇ ਪਤਰ ਚਬ ਕੇ ਪਾਣੀ ਪੀਤਾ। ਭੁਖ ਲਗੀ, ਬਿਲ ਤੋੜ ਕੇ ਅਗ ਵਿਚ ਭੁੰਨਿਆ, ਠੰਢਾ ਕਰ ਕੇ ਖਾਧਾ। ਮੌਤ ਤੇ ਭੁਖ ਦਾ ਡਰ ਤਾਂ ਜਾਂਦਾ ਰਿਹਾ ਪਰ ਇੰਵ ਇਕੱਲਿਆਂ ਵਕਤ ਗੁਜ਼ਾਰਨ ਦੀ ਪ੍ਰੇਸ਼ਾਨੀ ਬਹੁਤ ਵਾਪਰੀ। ਸੋਹਿਓਂ ਕੁਝ ਭੀਲ ਚਲੇ ਆ ਰਹੇ ਸਨ ਜਿਨ੍ਹਾਂ ਇਕ ਮਰਿਆ ਹਰਨ ਤੇ ਜੰਗਲ਼ੀ ਕੰਦ ਮੂਲ ਦੇ ਟੋਕਰੇ ਚੁਕੇ ਹੋਏ ਸਨ।



Digitized by Panjab Digital Library / www.panjabdigilib.org

ਉਨ੍ਹਾਂ ਨੂੰ ਦੂਰੋਂ ਆਉਂਦਿਆਂ ਵੇਖ ਕਪੜੇ ਉਤਾਰ ਨੰਗੇ ਹੋ ਕੇ ਇਕ ਰੁਖ ਕੋਲ ਜਾ ਬੈਠੇ, ਉਹ ਲੋਕ ਵੀ ਕੋਲ ਹੀ ਆ ਬੈਠੇ ਅਤੇ ਹਰਨ ਅਗ ਵਿਚ ਭੁੰਨ ਕੇ ਖਾਣ ਲਗ ਪਏ, ਨਾਲ ਹੀ ਗਿਆਨੀ ਜੀ ਵਲ ਵੇਖ ਵੀ ਰਹੇ ਸਨ। ਜਿਸ ਤੋਂ ਗਿਆਨੀ ਜੀ ਖਿਆਲ ਕਰ ਰਹੇ ਸਨ ਕਿ ਹਰਨ ਖਤਮ ਹੋ ਜਾਨ ਤੋਂ ਸਾਡੀ ਵਾਰੀ ਆਏਗੀ। ਭੀਲਾਂ ਨੇ ਗਿਆਨੀ ਜੀ ਨੂੰ ਵੀ ਕੁਝ ਕੰਦ ਮੂਲ, ਫਲ, ਜੰਗਲੀ ਮੇਵੇ ਪੇਸ਼ ਕੀਤੇ, ਉਹ ਲੈ ਕੇ ਗਿਆਨੀ ਜੀ ਨੇ ਖਾਧੇ। ਭੀਲ ਇਸ਼ਾਰੇ ਕਰ-ਕਰ ਨਚਦੇ ਰਹੇ। ਅੰਤ ਥਕ ਹਾਰ ਭੇਡ ਬਕਰੀਆਂ ਵਾਂਗ ਅਗ ਦੇ ਦੁਆਲੇ ਹੀ ਸਉਂ ਗਏ। ਸਵੇਰੇ ਭੀਲ ਜੰਗਲ ਵਲ ਚਲੇ ਗਏ।ਗਿਆਨੀ ਜੀ ਨਦੀ ਦੇ ਕੰਢੇ-ਕੰਢੇ ਹੋ ਤੁਰੇ,ਭੁਖ ਦਾ ਇਲਾਜ ਜੰਗਲੀ ਸ਼ਰੀਫਾ ਤੇ ਅਫੀਮ ਦੇ ਥਾਂ ਕੁਚਲੇ ਦੇ ਪਤਰ ਖਾ ਕੇ ਕੀਤਾ। ਹੋਰ ਕੋਈ ਫਿਕਰ ਨਹੀਂ ਸੀ ਪਰ ਇਕੱਲ ਤੋਂ ਬਹੁਤ ਘਾਬਰ ਦੇ ਸਨ। ਤੁਰੇ ਜਾਂਦਿਆਂ ਨਦੀ ਕਿਨਾਰੇ ਸੀਤਾ ਫਲ, ਕੇਲਾ, ਰਾਮ ਫਲ, ਕੇਰੀ ਆਦਿ ਮੇਵੇ ਨਜ਼ਰ ਪਏ, ਜਿਸ ਤੋਂ ਸੱਤਾਂ ਵਲਾਇਤਾਂ ਦੀ ਬਾਦਸ਼ਾਹਤ ਮਿਲ ਗਈ। ਲੋੜ ਅਨੁਸਾਰ ਖਾਧੇ। ਪਕੇ ਕੇਲੇ ਆਦਿ ਕੁਝ ਨਾਲ ਵੀ ਲੈ ਲਏ। ਉਸ ਦਿਨ ਲੰਗੂਰ ਬੰਦਰ ਕੋਈ ਨਾ ਦਿਸਿਆ। ਸੂਰਜ ਛਿਪਨ ਵੇਲੇ ਇਕ ਚਿੱਤਰੀ ਦੋਂਹ ਬਚਿਆਂ ਨੂੰ ਸ਼ਿਕਾਰ ਦੇ ਦਾ ਘਾ ਸਿਖਾਂਉਂਦੀ ਦਿਸੀ ਜਿਸ ਨੇ ਇਕ ਜ਼ਿੰਦਾ ਹਰਨ ਫੜਿਆ ਹੋਇਆ ਸੀ। ਉਸ ਨੂੰ ਛਡ ਕੇ ਬਚਿਆਂ ਸਮੇਤ ਲੁਕ ਜਾਂਦੀ ਜਦ ਹਰਨ ਨਸਣ ਦਾ ਇਰਾਦਾ ਕਰਦਾ ਤਾਂ ਚਿਤਰੀ ਫਿਰ ਆ ਫੜਦੀ। ਜਿਸ ਨਾਲ ਦੋਵੇਂ ਬਚੇ ਵੀ ਹਰਨ ਤੇ ਹਮਲਾ ਕਰਦੇ, ਸ਼ਿਕਾਰ ਖੇਲਣਾ ਸਿਖ ਰਹੇ ਸਨ। ਇਉਂ ਖੇਲ ਕਾਫੀ ਚਿਰ ਚਲਦਾ ਰਿਹਾ। ਅੰਤ ਹਰਨ ਨੂੰ ਪਾੜ ਕੇ ਤ੍ਰੈਵੇ ਜੀ ਖਾ ਗਏ। ਬਚੇ ਨਚਣ ਕੁਦਣ ਚਾਂਘੜਾਂ ਪਾਉਣ ਲਗੇ। ਗਿਆਨੀ ਜੀ ਨੇ ਸੋਚਿਆ ਕਿ ਸ਼ਾਇਦ ਸਾਡੀ ਵਲ ਨਾ ਆ ਜਾਣ। ਇਨ੍ਹਾਂ ਅੱਗ ਜਲਾ ਲਈ। ਇਸ ਜੰਗਲ ਵਿਚ ਬੰਦਰ ਲੰਗੂਰ ਦੇ ਨਾ ਹੋਣ ਕਰਕੇ, ਸੀਤਾ ਫਲ, ਬਿਲ, ਗੋਲਟ, ਮੂਲੀ, ਗਾਜਰ, ਕੇਲਾ, ਕੰਦਮੂਲ, ਸਪਾਰੀ ਆਦਿ ਬਹੁਤ ਸਨ। ਸ਼ਾਮੀ ਰੁਖ ਹੇਠ ਬੈਠ ਰਹਿ-ਰਾਸ ਦਾ ਪਾਠ ਕੀਤਾ, ਤੀਜੀ ਰਾਤ ਇਸ ਥਾਂ ਕਟੀ। ਸਵੇਰੇ ਤੁਰ ਪਏ। ਖਿਆਲ ਕਰਦੇ ਜਾ ਰਹੇ ਸਨ ਕਿ ਹੋਰ ਜਾਨਵਰ ਤਾਂ ਡਿਠੇ ਪਰ ਸ਼ੇਰ ਨਾ ਡਿਠਾ, ਝਟ ਪਟ ਸਾਂਹਵਿਉਂ ਸ਼ੇਰ ਆ ਨਿਕਲਿਆ ਜੋ ਸਹਿਜੇ ਸਹਿਜੇ ਨਦੀ ਵਲੋਂ ਪਹਾੜੀ ਤੇ ਚੜ੍ਹ ਰਿਹਾ ਸੀ। ਵੇਂਹਦਿਆਂ ਗਸ਼ ਪੈ ਗਈ, ਸੁਰਤ



Digitized by Panjab Digital Library | www.panjabdigilib.org

ਆਉਣ ਤੇ ਅਗ ਜਲਾ ਲਈ। ਸ਼ੇਰ ਨੇ ਦੋ ਚਾਰ ਵਾਰ ਪਿਛੇ ਵਲ ਮੁੜਕੇ ਡਿਠਾ ਅੰਤ ਗਾਇਬ ਹੋ ਗਿਆ। ਗਿਆਨੀ ਜੀ ਨੂੰ ਕਾਮਲ ਯਕੀਨ ਹੋ ਗਿਆ ਕਿ ਅਗ ਤੋਂ ਵਧ ਕੇ ਸਰੀਰ ਦੀ ਰਖਵਾਲੀ ਏਥੇ ਹੋਰ ਕੋਈ ਵੀ ਸ਼ੈ ਨਹੀਂ ਕਰ ਸਕਦੀ । ਬਸ ਜੰਗਲ ਵਿਚ ਮੰਗਲ ਮਨਾਂਉਂਦੇ ਬੈਠ ਗਏ। ਪਾਣੀ ਤੇ ਫਲ ਕਾਫੀ ਸਨ। ਸਿਰਫ ਇਕੱਲ ਤੰਗ ਕਰਦੀ ਸੀ।ਅਗ ਬਾਲ ਹਥ ਪੈਰ ਧੋ ਕੇ ਰਹਿਰਾਸ ਪੜ੍ਹੀ ਅਤੇ ਅਰਦਾਸ ਕੀਤੀ ਹੇ ਸਰਬ ਸ਼ਕਤੀ ਮਾਨ ਸਤਿਗੁਰੂ ਨਾਨਕ ਦੇਵ ਤੇ ਸ੍ਰੀ ਗੁਰੂ ਗੋਬਿੰਦ ਸਿੰਘ, ਜਾਂ ਤੇ ਇਸ ਜੰਗਲ ਤੋਂ ਬਾਹਰ ਕਰ ਨਹੀਂ ਕਿਸੇ ਭੁਖੇ ਜਾਨਵਰ ਦਾ ਪੇਟ ਭਰ। "ਇਸ ਪਿਛੋਂ ਕੀਰਤਨ ਸੋਹਲੇ ਦਾਪਾਠ ਕਰ ਕੇ ਸੌਂ ਗਏ।ਜਾਗ ਖੁਲਣ ਤੇ ਪਹਾੜ ਦੀ ਆੜ ਵਿਚੋਂ ਇਕ ਗਊ ਵਛੇ ਨਾਲ ਪਾਣੀ ਪੀ ਕੇ ਵਾਪਸ ਮੁੜੀ ਆਪ ਨੇ ਖਿਆਲ ਕੀਤਾ ਕਿ ਜੇ ਇਹ ਜੰਗਲੀ ਹੁੰਦੀ ਤਾਂ ਮੇਰੇ ਕੋਲ ਆ ਪਾਣੀ ਨਾ ਪੀਂਦੀ । ਸਗੋਂ ਧੂਰੋਂ ਵੇਖ ਕੇ ਨਸ ਜਾਂਦੀ। ਇਹ ਸੋਚ ਗਊ ਦੇ ਪਿਛੇ ਲਗ ਤੁਰੇ। ਅਧੀ ਰਾਤ ਦੇ ਅੰਦਾਜ਼ਨ ੪ ਕੋਹ ਪੈਂਡਾ ਮੁਕ ਜਾਣ ਤੇ ਕੁਤੇ ਭੌਂਕਦੇ ਸੁਣੇ। ਗਾਂ ਅੰਦਰ ਚਲੀ ਗਈ। ਕੁਤੇ ਆਪ ਨੂੰ ਵਢਣ ਲਈ ਭੌਂਕਣ ਲਗ ਪਏ। ਇਕ ਰੁਖ ਨਾਲ ਢੋਹ ਲਾਕੇ ਸੋਟੀ ਭੂਆ—ਭੂਆ ਕੁਤਿਆਂ ਦਾ ਮੁਕਾਬਲਾ ਕਰਨ ਲਗ੍ਰੇ। ਕੁਝ ਚਿਰ ਪਿਛੋਂ ਦੋ ਨੰਗੇ ਜਿਸਮ ਬੰਦੇ ਚਾਨਣ ਲੈ ਕੇ ਆ ਗਏ। ਜਿਨ੍ਹਾਂ ਕੁਤੇ ਹਟਾ ਕੇ ਗਿਆਨੀ ਜੀ ਨੂੰ ਆਪਣੀ ਭਾਸ਼ਾ ਵਿਚ ਕੁਝ ਕਿਹਾ ਪਰ ਜਦ ਜਾਤਾ ਕਿ ਸਾਡੀ ਬੋਲੀ ਨਹੀਂ ਸਮਝਦੇ ਤਦ ਇਸ਼ਾਰੇ ਨਾਲ ਚਲਣ ਲਈ ਕਿਹਾ। ਆਪ ਚਲ ਪਏ, ਅਧ ਮੀਲ ਤੇ ੭—੮ ਝੌਂਪੜੇ ਦਿਸੇ, ਜਿਨ੍ਹਾਂ ਵਿਚ ੧੫—੨੦ ਆਦਮੀ ਤੇ ਤੀਵੀਆਂ ਸਨ। ਆਪ ਨੂੰ ਇਕ ਮਚਾਨ ਤੇ ਚੜ੍ਹਨ ਦਾ ਇਸ਼ਾਰਾ ਕੀਤਾ। ਉਹ ਵੀ ਸਭੇ ਮਚਾਨਾਂ ਤੇ ਹੀ ਸੌਂਦੇ ਸਨ। ਗਿਆਨੀ ਜੀ ਨੂੰ ਰਿਸ਼ੀ ਸਮਝਕੇ ਉਹਨਾਂ ਬਹੁਤ ਇਜ਼ਤ ਕੀਤੀ। ਸਵੇਰੇ ਤੜਕੇ ਹੀ ਬੰਦੇ ਜ਼ਨਾਨੀਆਂ ਡਫਲੀ ਵਜਾਕੇ ਗਾਉਣ ਲਗ ਪਏ। ਆਪ ਨੂੰ ਕੁਝ ਨਹੀਂ ਸੀ ਸਮਝ ਆਉਂਦਾ ਸਿਰਫ ਕਦੀ ਕਦੀ ਕਬੀਰ ਦਾ ਨਾਂ ਆ ਜਾਂਦਾ ਸੀ। ਭਜਨ ਪਿਛੋਂ ਪੱਥਰ ਤੇ ਸੰਧੂਰ ਮਲਿਆ। ਫਿਰ ਦੁਧ ਚੋਕੇ ਸੇਰ ਦੁਧ, ਮੁੱਠੀ ਭਰ ਚਾਵਲ ਹਾਂਡੀ ਵਿਚ ਪਾਕੇ ਗਿਆਨੀ ਜੀ ਨੂੰ ਦਿਤੇ। ਅੱਗ ਬਾਲਕੇ ਦੁਧ ਚੌਲ ਰਿੰਨ੍ਹ ਕੇ ਖਾਧੇ। ਜੰਗਲੀ ਭੀਲਾਂ ਨਾਲੋਂ ਇਹ ਲੋਕੀਂ ਸਿਆਣੇ ਸਨ। ਬਸ ਦੁਧ ਚੌਲ ਰਿੰਨ੍ਹ ਕੇ ਪਤਰਾਂ ਤੇ ਰਖ ਕੇ ਖਾ ਲੈਣਾ, ਜੰਗਲੀ ਫਲ ਤੇ ਕੇਲੇ ਲੈ ਆਉਣੇ। ਕੁਝ ਉਨ੍ਹਾਂ ਦੀ ਬੋਲੀ ਦੀ ਵੀ ਸਮਝ



Digitized by Panjab Digital Library | www.panjabdigilib.org

ਆਉਣ ਲਗ ਪਈ । ਇਕ ਦਿਨ ਇਕ ਮਾਰਵਾੜੀ ਮਹਾਜਨ ਘੋੜੀ ਤੇ ਚੜ੍ਹ ਕੇ ਆ ਪੁਜਾ, ਜਿਸ ਨੂੰ ਵੇਖ ਗਿਆਨੀ ਜੀ ਬਹੁਤ ਖੁਸ਼ ਹੋਏ। ਮਹਾਜਨ ਨੇ ਜਦ ਆਪ ਦਾ ਸਫਰ ਦਾ ਹਾਲ ਸੁਣਿਆ ਤਦ ਦੰਦਾਂ ਵਿਚ ਉਂਗਲੀ ਲੈ ਕੇ ਬੋਲਿਆ—ਹੁਣ ਆਪ ਕੋਈ ਫਿਕਰ ਨਾ ਕਰੋ ਹੰਗੋਲੀ ਏਥੋਂ ਦਸ ਮੀਲ ਹੈ। ਮੈਂ ਆਪ ਨੂੰ ਉਥੇ ਪੁਚਾ ਦਿਆਂਗਾ ਮਹਾਜਨ ਸਭਨਾਂ ਝੌਂਪੜੀਆਂ ਵਿਚ ਫਿਰਿਆ। ਜਿੰਨੀ ਕਪਾਹ ਮਿਲ ਸਕੀ ਬੈਲਾਂ ਤੇ ਲਦਵਾ ਕੇ ਨਾਲ ਲੈ ਤੁਰਿਆ। ਰਸਤੇ ਵਿਚ ਤ੍ਰੈ ਰਾਤਾਂ ਗੁਜ਼ਾਰਨ ਪਿਛੋਂ ਚਉਥੇ ਦਿਨ ਉਸ ਦੇ ਸ਼ਹਿਰ 'ਹਰਮੇ' ਪੁਜੇ ਜਿਥੇ ਉਸਦੀ ਮਾਂ ਨੇ ਗਿਆਨੀ ਜੀ ਦੀ ਬਹੁਤ ਸੇਵਾ ਕੀਤੀ। ੮ ਦਿਨ ਕੋਲ ਰਖਿਆ ਅੰਤ ਮਾਰਵਾੜੀ ਨੇ ੧੦)ਮਥਾ ਟੇਕ ਕੇ ਇਕ ਘੋੜਾ ਤੇ ਬੰਦਾ ਨਾਲ ਦੇ ਕੇ ੬ ਦਿਨਾਂ ਵਿਚ ਹੰਗੋਲੀ ਪੁਚਾ ਦਿਤਾ। ਉਥੇ ਬੈਰਾਗੀ ਸਾਧਾਂ ਦੇ ਡੇਰੇ ਵਿਚ ਗਏ। ਉਨ੍ਹਾਂ ਤੋਂ ਪਤਾ ਲਗਾ ਕਿ ਨਾਲ ਦੇ ਸਾਥੀ ਪੰ: ਤਾਰਾ ਸਿੰਘ ਜੀ ਸੰਗਤ ਸਮੇਤ ਕਈ ਦਿਨ ਉਡੀਕ ਕੇ "ਨਾਦੇੜ" ਨੂੰ ਚਲੇ ਗਏ। ਇਹ ਸੁਣਕੇ ਬਹੁਤ ਖੁਸ਼ੀ ਹੋਈ। ਨਾਦੇੜ ਉਸ ਥਾਂ ਤੋਂ ੩੫ ਕੋਹ ਦਾ ਫਾਸਲੇ ਤੇ ਸੀ। ਘੋੜਾ ਕਿਰਾਏ ਤੇ ਲੈ ਕੇ ਚਉਥੇ ਦਿਨ ੬ ਵੈਸਾਖ ੧੯੨੭ ਨੂੰ ਨਾਦੇੜ ਜਾ ਪੁਜੇ। ਅਬਚਲ ਨਗਰ ਦੇ ਦਰਸ਼ਨ ਕੀਤੇ। ਪੰ: ਤਾਰਾ ਸਿੰਘ ਜੀ ਬੁੰਗਾ ਰਾਮ ਗੜ੍ਹੀਆ ਵਿਚ ਭਾਈ ਜੀਵਨ ਸਿੰਘ ਕੋਲ ਠਹਿਰੇ ਹੋਏ ਸਨ। ਉਹ ਸਭੇ ਗਿਆਨੀ ਜੀ ਵਲੋਂ ਬੇ ਆਸ ਹੋ ਚੁਕੇ ਸਨ। ਅਚਾਨਕ ਹੀ ਗਿਆਨੀ ਜੀ ਆ ਪਰਗਟ ਹੋਏ, ਪਰ ਸਾਰੇ ਹੈਰਾਨ ਸਨ। ਗੁਰੂ ਦਰਬਾਰ ਵਿਚ ਖੁਸ਼ੀ ਦੀਆਂ ਦੇਗਾਂ ਕਰਵਾਈਆਂ। ਪੰਡਤ ਜੀ ਨੇ ਸੰਤ ਅਤਰ ਸਿੰਘ ਨਿਰਮਲੇ ਦੇ ਬੁੰਗੇ ਪਕਾ ਭੰਡਾਰਾ ਭਾਵ ਪੂਰੀ ਆਦਿ ਕਰਵਾ ਕੇ ਸਭ ਸੰਗਤ ਨੂੰ ਛਕਾਇਆ। ਪੰਦਰਾਂ ਦਿਨ ਕਥਾ ਕੀਰਤਨ ਕਰਦੇ ਗੁਦਾਵਰੀ,ਸ਼ਿਕਾਰ ਘਾਟ,ਸੰਗਤ ਘਾਟ, ਹੀਰਾ ਘਾਟ, ਨਗੀਨਾ ਘਾਟ, ਬੰਦਾ ਘਾਟ ਆਦਿ ਦੇ ਦਰਸ਼ਨ ਕਰ ੨੬ ਵੈਸਾਖ ੧੯੨੭ ਨੂੰ ਅਰਦਾਸ ਕਰਾ, ਸਿਰੋਪਾ ਆਦਿ ਲੈ ਕੇ ਬੈਲ ਗਡੀਆਂ ਕਿਰਾਏ ਤੇ ਲੈ ਕੇ ਚਲ ਪਏ। 'ਅਵਿੰਡਾ' ਵਿਚ ਭਗਤ ਨਾਮ ਦੇਵ ਜੀ ਦੇ ਉਸ ਦੇਹੁਰੇ ਦੇ ਜੋ 'ਫੇਰ ਦੀਆ ਦਿਹੁਰਾ ਨਾਮੇ ਕਉ' ਗੁਰਬਾਣੀ ਵਿਚ ਆਇਆ ਹੈ, ਜਾ ਦਰਸ਼ਨ ਕੀਤੇ।

## ਪਟਨਾ ਸਾਹਿਬ ਦੇ ਦਰਸ਼ਨ

ਅਵਿੰਡਾ ਵਿਚ ਭਗਤ ਨਾਮਦੇਵ ਦਾ ਦਿਹੁਰਾ ਫਿਰਿਆ ਵੇਖਿਆ ਅੰਤ ਤੁਰਦੇ



Digitized by Panjab Digital Library | www.panjabdigilib.org

ਤੁਰਾਂਦੇ ਚਉਥੇ ਦਿਨ ਹੰਗੋਲੀ ਆ ਗਏ ।,ਏਥੋਂ ਪੰ. ਤਾਰਾ ਸਿੰਘ ਤੇ ਸਰਦਾਰ ਵੀਰ ਸਿੰਘ ਜੀ ਆਦਿ ਬੰਬਈ ਵੇਖਣ "ਖੰਡਵਾ" ਨੂੰ ਚਲੇ ਗਏ । ਗਿਆਨੀ ਜੀ ਸੰਤ ਮਹੱਬਤ ਸਿੰਘ ਜੀ ਆਦਿ ਦੂਜੇ ਸਥੀਆਂ ਨਾਲ ਦੋ ਹਫਤਾ ਸੰਤ ਰਾਮ ਜੀ ਉਦਾਸੀ ਸੰਤ ਕੋਲ "ਅਕੋਲਾ" ਹੀ ਠਹਿਰੇ ਰਹੇ । ਜਦ ਏਥੋਂ ਤੁਰਨ ਲਗੇ ਤਦ ਸੰਤ ਜੀ ਨੇ ਕਿਹਾ— "ਸਾਡਾ ਕੋਈ ਪੁਤਰ ਚੇਲਾ ਆਦਿ ਉਤਰਾਧਿਕਾਰੀ ਨਹੀਂ ਜੋ ਗੁਰ ਸਥਾਨ ਦੀ ਸੇਵਾ ਸੰਭਾਲ ਕਰ ਕਰ ਸਕੇ, ਇਕ ਲੜਕੀ ਹੈ ਜੇ ਆਪ ਉਸ ਨਾਲ ਸ਼ਾਦੀ ਕਰ ਲਉ ਤਾਂ ੭੦੦) ਸਾਲਾਨਾ ਜਾਗੀਰ ਹੈ, ਹੋਰ ਸਥਾਨਕ ਆਮਦਨ ਵਖਰੀ, ਅਰਾਮ ਨਾਲ ਜ਼ਿੰਦਗੀ ਗੁਜ਼ਾਰੇ ।" ਇਸ ਦੀ ਪ੍ਰੌੜ੍ਹਤਾ ਕਰਦਿਆਂ ਸੰਤ ਮਹੱਬਤ ਸਿੰਘ ਜੀ ਨੇ ਵੀ ਗਿਆਨੀ ਜੀ ਨੂੰ ਬਹੁਤ ਕੁਝ ਸਮਝਾਇਆ ਪਰ ਗਿਆਨੀ ਜੀ ਨਾ ਮੰਨੇ ਸਗੋਂ ਇਕੱਲੇ ਹੀ 'ਰਾਮ ਟੇਕ' ਤੀਰਥ, ਜੋ ਇਕ ਉਚੇ ਪਹਾੜ ਦੀ ੧੮ ਮੀਲ ਉਚੀ ਚੋਟੀ ਉਤੇ ਹੈ,ਜਿਥੇ ਭਗਤ ਅੰਬਰੀਕ ਦੇ ਯਗ ਸਮੇਂ ਦੁਰਬਾਸਾ ਨੂੰ ਸੁਦ੍ਰਸ਼ਨ ਚੱਕ੍ਰ ਨੇ ਡਰਾਇਆ ਸੀ, ਜਾ ਦਰਸ਼ਨ ਪਰਸੇ । 'ਚਤਰ ਕੋਟ' ਤਿਲੰਗਾਨਾ, ਗੋਂਡ, ਮਹਾਰਾਸ਼ਟਰ ਵੇਖ ਦੇ ਪ੍ਰਾਗਰਾਜ ਵਿਚ ਦੀ ਮੁੜ ਬਨਾਰਸ ਆ ਰਹੇ । ਪੰਡਤ ਬੋਧਾ ਸਿੰਘ ਦੀ ਸੰਗਤ ਵਿਚ ਮਹੰਤ ਜੈ ਰਾਮ ਸਿੰਘ ਜੀ ਕੋਲ ਰਹਿ ਕੇ ਸੰਤ ਸਤਿਨਾਮ ਸਿੰਘ ਜੀ ਦੀ ਮਦਦ ਨਾਲ ਰਾਜਾ ਸ਼ਿਵ ਪ੍ਰਸਾਦ ਦੀ ਲਾਏਬਰੇਰੀ ਵਿਚ ਹਿੰਦੀ ਉਰਦੂ ਦੇ ਇਤਿਹਾਸਕ ਪੁਸਤਕ ਵੇਖੇ । ਇਥੇ ਰਾਜਾ ਸ਼ਿਵ ਪ੍ਰਸਾਦ ਨੇ ਕਿਸੇ ਕਬੀਰ ਪੰਥੀ ਦੇ ਕਹੇ ਸੁਣੇ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਨੂੰ ਕਬੀਰ ਦਾ ਚੇਲਾ ਲਿਖ ਮਾਰਿਆ ਸੀ । "ਤਿਮਰ ਨਾਸਕ" ਪੁਸਤਕ ਦਾ ਉਹ ਲੇਖ ਰਾਜਾ ਜੀ ਨਾਲ ਵਿਚਾਰ ਕਰਕੇ ਬਦਲਵਾਇਆ । ਏਥੇ ਹੀ ਆਪ ਨੂੰ 'ਸਿਖ ਇਤਿਹਾਸ' ਲਿਖਣ ਦਾ ਸ਼ੌਕ ਤੇ ਪ੍ਰੇਰਨਾ ਪੈਦਾ ਹੋਈ । ਸਗੋਂ 'ਤਵਾਰੀਖ ਗੁਰੂ ਖਾਲਸਾ' ਦੀ ਆਧਾਰ ਸਿਲਾ ਇੱਥੇ ਹੀ ਰਖੀ ਗਈ । ਇਥੋਂ ਆਪ ਨੇ ਬਹੁਤ ਸਾਰੇ ਨੋਟ ਲਏ । ਤਿੰਨ ਮਹੀਨੇ ਰਹਿ ਕੇ ਸੰਤ ਟੇਕ ਨਰਾਇਣ ਸਿੰਘ, ਸਤਿਨਾਮ ਸਿੰਘ, ਰੂੜ ਸਿੰਘ, ਆਦਿ ਜੌਨਪੁਰ, ਡਮਰਾਉ, ਬਕਸਰ, ਛੇਰਾ, ਐਰਾ ਆਦਿ ਸ਼ਹਿਰ ਵੇਖਦੇ ੧੯੨੮ ਬਿ: ਨੂੰ 'ਟਾਕਰੀ' ਦੇ ਰਿਆਸਤੀ ਬਾਗ਼ ਵਿਚ ਆ ਟਿਕੇ ਜਿਥੋਂ ਦੀ ਜੁਆਨ ਰਾਣੀ ਆਪਣੇ ਨਾਬਾਲਗ ਪੁਤਰ ਦੀ ਸਰਪ੍ਰਸਤ ਸੀ । ਇਕ ਦਿਨ ਸੈਰ ਕਰਨ ਆਈ ਸੰਤਾਂ ਨੂੰ ਵੇਖ ਬਹੁਤ ਪ੍ਰਸੰਨ ਹੋਈ । ਪਹਿਲਾਂ ਕਿਸੇ



Digitized by Panjab Digital Library | www.panjabdigilib.org

ਉਦਾਸੀ ਸੰਤ ਦੀ ਸੰਗਤ ਕਰ ਕੇ ਗੁਰਮੁਖੀ ਪੜ੍ਹੀ ਹੋਈ ਸੀ, ਤੇ ਗੁਰੂਆਂ ਦੀ ਸ਼ਰਧਾਲੂ ਸੀ, ਉਸ ਨੇ ਨਮਸ਼ਕਾਰ ਕਰਕੇ 'ਜਪੁਜੀ' ਦੇ ਅਰਥ ਪੁਛੇ। ਗਿਆਨੀ ਜੀ ਦੇ ਅਰਥ ਪ੍ਰਮਾਰਥ ਸੁਣ ਕੇ ਰਾਣੀ ਪ੍ਰਸੰਨ ਹੋ ਗਈ ਅਤੇ ਨਾਲ ਹੀ ਜਪੁਜੀ ਦੇ ਮੁਕੰਮਲ ਅਰਥ ਸਣਨ ਲਈ ਗਿਆਨੀ ਜੀ ਨੂੰ ਠਹਿਰਨ ਲਈ ਬੇਨਤੀ ਕੀਤੀ। ਦੂਜੇ ਸਾਥੀ ਤਾਂ ਤੁਰ ਆਏ ਇਕੱਲੇ ਗਿਆਨੀ ਜੀ ਰਹਿ ਗਏ । ਗਿਆਨੀ ਜੀ ਦੇ ਚਿਹਰੇ ਤੇ ਬ੍ਰਹਮਚਰਯ ਦਾ ਜਲਾਲ, ਮਤਵਾਲੀਆਂ ਅਖੀਆਂ ਵਿਚ ਮਸਤੀ, ਜੁਆਨੀ ਦਾ ਤੇਜ ਮਥੇ ਉਤੇ ਝਲਕਾਰੇ ਮਾਰ ਰਿਹਾ ਸੀ। ਇਧਰ ਰਾਣੀ ਦੀ ਵੀ ਜੁਆਨੀ ਅਜੇ ਮਸਾਂ ਵਿਕਸਤ ਹੀ ਹੋਈ ਸੀ। ਜੋਬਨ ਡੁਲ੍ਹ ਡੁਲ੍ਹ ਪੈਂਦਾ ਸੀ। ਗਿਆਨੀ ਜੀ ਨੇ ਹਵਸ ਦੀ ਅਗਨੀ ਭੜਕਦੀ ਡਿਠੀ। ਪੂਰਨ ਭਗਤ ਤੇ ਰਾਣੀ ਸੁੰਦਰਾਂ ਦਾ ਕਿਸਾ ਯਾਦ ਆਇਆ। ਰਾਣੀ ਨੇ ਨਾਜ਼ ਨਖਰੇ ਨਾਲ ਆਪਣੀ ਭਾਵਨਾ ਜ਼ਾਹਰ ਵੀ ਕਰ ਦਿਤੀ। ਇਕ ਦਿਨ ਸਾਫ ਲਫਜ਼ਾਂ ਵਿਚ ਆਪਣਾ ਭਾਵ ਦਸ ਦਿਤਾ ਜਿਸ ਨੂੰ ਸੁਣ ਕੇ ਗਿਆਨੀ ਜੀ ਕੰਬ ਉਠੇ। ਉਤੋਂ ਰਾਣੀ ਦੀ ਦਿਲ ਜੋਈ ਕਰਦੇ ਰਹੇ। ਇਕ ਦਿਨ ਬਿਸਤਰਾ ਬੋਰੀਆ ਬੰਨ੍ਹ ਤੁਰ ਪਏ ਅਤੇ ੪ ਕੋਹ ਤੇ ਜਾ ਦਿਨ ਚੜ੍ਹਿਆ। 'ਸਰਾਵਾਂ' ਦੇ 'ਗੁਰੂ ਕੇ ਬਾਗ਼' ਵਿਚ ਜਾ ਡੇਰਾ ਕੀਤਾ। ਏਥੇ ਸ੍ਰੀ ਸਤਿਗੁਰੂ ਤੇਗ ਬਹਾਦੁਰ ਜੀ ਠਹਿਰੇ ਸਨ। ਇਨ੍ਹਾਂ ਦਾ ਗੁਰੂ ਘਰ ਨਾਲ ਸਬੰਧ ਬਣਿਆ ਰਖਣ ਲਈ "ਫਗੂ" ਨਾਮੀ ਇਕ ਸਜਨ ਨੂੰ ਮਸੰਦ ਥਾਪਿਆ ਸੀ। ਮਹਾਜਨਾਂ ਬਹੁਤ ਸੇਵਾ ਕੀਤੀ। ਇਹ 'ਅਗਰੇਰੀ' ਮਹਾਜਨ, ਖੰਡੇ ਦਾ ਅੰਮ੍ਰਿਤ ਛਕ ਦੇ ਧੋਤੀ ਬੰਧ ਸਿਖ ਸਨ। ੨੦ ਦਿਨ ਏਥੇ ਰਹਿ ਕਥਾ ਉਪਦੇਸ਼ ਸਰਵਣ ਕਰਾਇਆ। ਇਥੋਂ ਤੁਰ ਕੇ "ਗਿਆਨੀ ਜੀ" ਨਾਮੀ ਪ੍ਰਸਿਧ ਤੀਰਥ ਤੇ ਰਤਨ ਚੰਦ ਦਾੜ੍ਹੀ ਵਾਲੇ ਪੰਡੇ ਦੀ ਧਰਮ ਸਾਲਾ ਵਿਚ ਜਾ ਡੇਰਾ ਕੀਤਾ ਜਿਥੇ ਅੰਮ੍ਰਿਤਸਰ ਦੇ ਅਕਾਲ ਬੁੰਗੇ ਦੇ ਪੁਜਾਰੀ ਤਾਰਾ ਸਿੰਘ ਸੁਚੇਤ ਸਿੰਘ ਪਿਤਰਾਂ ਦੀ ਗਤੀ ਕਰਾਉਂਦੇ ਡਿਠੇ। ਏਥੋਂ ਤੁਰ ਕੇ "ਪਟਨਾ ਸਾਹਿਬ" ਦੇ ਦਰਸ਼ਨਾਂ ਲਈ "ਰਾਜਗਿਰੀ" ਦੇ ਪਹਾੜ ਤੇ 'ਜਰਾ ਸਿੰਧਿ' ਦਾ ਕਿਲਾਜਾ ਵੇਖਿਆ। ਇਥੇ ਇਕ ਨਿਰਮਲ ਮਾਈ ਰਾਜ ਕੌਰ ਜੀ ਬਹੁਤ ਪ੍ਰਸਿਧ ਸਨ। ਪਾਲਕੀ ਵਿਚ ਚੜ੍ਹਦੇ, ਲੰਗਰ ਚਲਾਉਂਦੇ ਤੇ ਬਹੁਤ ਵਿਦਵਾਨ ਸਨ। ਦਰਸ਼ਨ ਪਰਸ਼ਨ ਕਰਦੇ ਪਟਨਾ ਸਾਹਿਬ ਦੇ ਦੀਦਾਰੇ ਜਾ ਕੀਤੇ। ਪੁਜਾਰੀਆਂ ਤਨਖਾਹ ਪੁਛੀ। ਇਕ ਸਹਿਜਧਾਰੀ



Digitized by Panjab Digital Library | www.panjabdigilib.org

ਦਾ ਗਲਤੀ ਨਾਲ ਜੂਠਾ ਖਾਧਾ ਗਿਆ ਸੀ। ਦਸਣ ਤੇ ਪੁਜਾਰੀ ਅਮ੍ਰਿਤ ਛਕਣ ਦੀ ਜਿਦ ਕਰਦੇ ਰਹੇ। ਮਜਬੂਰਨ ਦਰਸ਼ਨ ਕਰਨ ਲਈ ਅੰਮਤ ਛਕਿਆ। ਇਥੇ ਮੁੜ ਪੰ. ਈਸ਼ਰ ਸਿੰਘ ਜੀ ਆ ਮਿਲੇ। ਇਥੋਂ ਦੂਜੀ ਸੰਗਤ ਵਿਚ ਇਕ ਨਿਹੰਗ ਕੋਲ ਜਾ ਰਹੇ। ਪ੍ਰਬੰਧ ਦੀ ਖਰਾਬੀ ਵੇਖ ਇਸ ਦੇ ਸੁਧਾਰ ਲਈ ਏਥੇ ਹੀ ਟਿਕ ਗਏ। ਤੁਲਸੀ ਰਾਮ ਸਿਘ ਮੋਹ ਬਵੇਕ ਦੀ ਕਥਾ ਅਰੰਭ ਕਰ ਦਿਤੀ। ਮਾਈ ਰਾਜ ਕੌਰ ਜੀ ਨੂੰ ਰਤਨਗਿਰੀ ਤੋਂ ਸਦਲਿਆ। ਮਾਈਆਂ ਆਮ ਆਉਣ ਲਗ ਪਈਆਂ। ਇਥੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਉਤਸ਼ਵ ਕਤਕ ਪੂਰਨ ਮਾਸ਼ੀ ਬਹੁਤ ਧੂਮ ਧਾਮ ਨਾਲ ਮਨਾਇਆ। ਹਰੀ ਹਰ ਛੇਤ੍ਰ ਦੇ ਮੇਲੇ ਤੇ ਰਸਤ ਦੀ ਕਿਸਤੀ ਭਰ ਕੇ ਇਥੋਂ ਭੇਜੀ। ਆਪ ਅਗੇ ਤੁਰ ਪਏ।

## ਬਿਹਾਰ, ਅਸਾਮ, ਬੰਗਾਲ, ਗੰਗਾ ਸਾਗਰ ਅਦਿ ਦੀ ਸੈਰ

ਪਟਨੇ ਤੋਂ ਗਿਆਨੀ ਜੀ ਮੁੰਗੇਰ ਰਹੇ, ਜਿਥੇ ਗੰਗਾ ਦੇ ਕਿਨਾਰੇ ਉਤੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮੰਦਰ ਹੈ। ਨਿਸ਼ਾਨ ਬਹੁਤ ਉਚਾ ਝੁਲਦਾ ਹੈ। ਮਹੰਤ ਸੇਵਾ ਦਾਸ ਜੀ ਉਦਾਸੀ ਸਨ। ੪੦੦ ਰੁਪੈ ਜਾਗੀਰ ਤੇ ਸ਼ਹਿਰ ਦੀ ਕਾਫੀ ਆਮਦਨ ਸੀ ਪਰ ਪ੍ਰਚਾਰ ਤੇ ਰੌਣਕ ਕੋਈ ਨਹੀਂ ਸੀ ਇਹੀ ਹਾਲਤ ਸਾਹਿਬ ਗੰਜ ਅਤੇ ਬਾਰ ਆਦਿ ਗੁਰ ਸਥਾਨਾਂ ਦੀ ਸੀ। 'ਮਾਲਦੇਵ' ਦੇ ਜਿਸ ਬਾਗ਼ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਆਏ ਸਨ, ਉਥੇ ਅਜ ਵੀ ਝੰਡਾ ਝੁਲਦਾ ਹੈ। ਮਾਲ ਦਿਓ ਅੰਬ, ਮਾਲਦੇਵ ਦੇ ਬਹੁਤ ਪ੍ਰਸਿਧ ਹਨ। ਇਥੋਂ ਹੁਗਲੀ ਦੇ ਕੰਢੇ ਪੰਚਾਨਨ ਬਾਬੂ ਨੂੰ ਹਠ ਯੋਗ ਤੋਂ ਹਟਾ ਕੇ ਸਹਿਜ ਯੋਗ ਦਾ ਮਾਰਗ ਸਮਝਾਇਆ। ਉਨ੍ਹਾਂ ੪੧)ਭੇਟਾ ਦਿਤੀ। ਇਥੋਂ 'ਢਾਕੇ' ਜਾ ਰਹੇ ਜਿਥੇ ਨੱਥੇਸ਼ਾਹ ਉਦਾਸੀ ਸਾਧੂ ਦੀ ਸੰਗਤ ਵਿਚ ਨਿਵਾਸ ਕੀਤਾ। ਢਾਕੇ ਤੋਂ ਚਲ ਕੇ ਧਨਾਪੁਰ, ਜਿਥੇ ਸ੍ਰੀ ਗੁਰੂ ਨਾਨਕ ਦੇ ਮੰਜੇ ਦੀ ਪੂਜਾ ਹੁੰਦੀ ਹੈ ਦੂਜੇ ਥਾਂ ਨੌਵੇਂ ਸਤਿਗੁਰੂ ਦੇ ਬਰਛੇ ਦੀ। ਅੰਤ ਉਹ ਵੀ ਥਾਂ ਡਿਠਾ ਜਿਥੇ ਮਰਦਾਨਾ ਮੀਢਾ ਬਣਕੇ ਮਿਆਂਕਿਆ ਸੀ, ਬ੍ਰਹਮ ਪੁਤ੍ਰ ਦੇ ਕਿਨਾਰੇ ਜਿਥੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਇਕ ਢਾਲ ਮਿਟੀ ਦੀ ਪੂਆ ਕੇ ਦਮਦਮਾ ਸਾਹਿਬ ਬਣਾਇਆ ਸੀ ਵੇਖਿਆ। ਏਥੋਂ ਗੌਰੀ ਪੁਰ ਬੜੀ ਬੰਦਰ,ਕਮੱਖਿਆ ਦੇਵੀ ਦਾ ਮੰਦਰ ਪਰਸ ਕਲਕਤੇ ਆ ਗਏ। ਬਾਬੂ ਠਾਰੂ ਸਿੰਘ ਦੇ ਚੁਬਾਰੇ ਵਿਚ



Digitized by Panjab Digital Library | www.panjabdigilib.org

ਛੋਟੀ ਸੰਗਤ ਦੇ ਸੌਹੇਂ ਡੇਰਾ ਕੀਤਾ। ਰੋਜ ਸਵੇਰੇ ਸੰਗਤ ਵਿਚ ਗੁਰਬਾਣੀ ਦੀ ਕਥਾ ਆਰੰਭ ਕਰ ਦਿਤੀ, ਜਿਸ ਤੋਂ ਬਾਬੂ ਗੁਰਚਰਨ ਸਿੰਘ ਚਮਰੂ ਨਰੈਣ ਸਿੰਘ ਚਾਰ ਕਉਡੀ ਸਿੰਘ, ਕਾਲੀ ਸਿੰਘ ਆਦਿ ਸ਼ਰਧਾਲੂ ਸਿਖ ਆਉਣ, ਲਗ ਪਏ। ਏਥੇ ਰਾਜਾ ਬਰਜਿੰਦਰ ਨਾਥ, ਬ੍ਰਹਮੂ ਸਮਾਜ ਦੇ ਆਗੂ ਨਾਲ ਮੁਲਾਕਾਤ ਹੋਈ। ਇਸ ਨੇ ਆਪਣੇ ਗਦੀ ਨਸ਼ੀਨ ਪੁਤਰ ਰਾਜਾ ਰਾਜਿੰਦਰਨਾਥ ਨਾਲ ਜਾਣ ਪਛਾਣ ਕਰਾਈ,ਜਿਸਦੇ ਰਾਹੀਂ ਬ੍ਰਹਮੂ ਸਮਾਜ ਦੇ ਮੈਂਬਰ, ਬਾਬੂ ਕੇਸਵ ਚੰਦ੍ਰ ਸੈਨ,ਨਵੀਨ ਚੰਦ੍ਰ ਹਰੀਸ਼ ਚੰਦ੍ਰ ਆਦਿ ਨਾਲ ਮਿਲਾਪ ਹੋਇਆ। ਗੰਗਾ ਸਾਗਰ ਛੇਤਰ ਜਾਨਣ ਲਈ ਬਹੁਤ ਸਾਰੇ ਪੰਜਾਬੀ ਸਾਧੂ ਬ੍ਰਾਹਮਣ ਇਕੱਠੇ ਆ ਹੋਏ। ਯਾਤਰਾ ੧ ਮਾਘ ਨੂੰ ਹੁੰਦੀ ਹੈ ਪਰ ਜਹਾਜ਼ ਕਿਸ਼ਤੀ ਦਾ ਕੋਈ ਇੰਤਜ਼ਾਮ ਨਹੀਂ ਸੀ। ਲੋਕੀਂ ਇਕੱਠੇ ਹੋ ਕੇ ਗਿਆਨੀ ਜੀ ਕੋਲ ਪੁਜੇ।ਗਿਆਨੀ ਜੀ ਨੇ ਬਾਬੂ ਖੇਤੂ ਰਾਮ ਇਜੰਟ ਨੂੰ ਕਹਿਕੇ ਇੰਤਜ਼ਾਮ ਕਰ ਦਿਤਾ। ੩੦੦) ਦਾ ਆਟਾ ਦਾਲ ਆਦਿ ਜਿਨਸ ਵੀ ਭਰ ਦਿਤੀ। ਸਭਨਾਂ ਦੇ ਆਗੂ ਬਣ ਕੇ ੭੦ ਬੰਦਿਆਂ ਨਾਲ ਕਲਕਤੇ ਤੋਂ ਚਲ ਪਏ। ਛੇ ਰੋਜ਼ ਦਿਨੇ ਰਾਤ ਚਲਕੇ ਕਪਲ ਮੁਨੀ ਦੇ ਆਸ਼੍ਰਮ ਤੇ ਪੁਜੇ। ਇਸ ਦਾ ਪੁਰਾਣਾਂ ਵਿਚ ਬਹੁਤ ਮਹਾਤਮ ਹੈ। ਇਥੇ ਸ਼ਨਾਨ ਕਰਨ ਵਾਲੇ ਜੰਮਣ ਮਰਨ ਤੋਂ ਰਹਿਤ ਹੋ ਜਾਂਦੇ ਦਸੇ ਜਾਂਦੇ ਹਨ। ਗੰਗਾ ਦਾ ਸਫੈਦ ਪਾਣੀ ਸਮੁੰਦਰ ਦੇ ਨੀਲੇ ਪਾਣੀ ਵਿਚ ਅਜੀਬ ਨਜ਼ਾਰਾ ਦੇਂਦਾ ਹੈ। ਅਜਿਹਾ ਜਾਪਦਾ ਹੈ ਕਿ ਨੀਲੇ ਪਥਰ ਨੂੰ ਸਫੈਦ ਆਰਾ ਚੀਰਦਾ ਹੈ। ਇਹੀ ਸੰਗਮ ਸਥਾਨ ਹੈ। ਤਿਨ ਦਿਨ ਸ਼ਨਾਨ ਧਿਆਨ ਕਰਕੇ ਵਾਪਸ ਪਰਤੇ।

ਬਾਬੂ ਖੇਤੂ ਰਾਮ ਨੇ ਦਰਬਾਰ ਸਾਹਿਬ ਦੀ ਬੀੜ ਦੀ ਸਵਾਰੀ ਧੂੰਮ ਧਾਮ ਨਾਲ ਆਪਣੇ ਘਰ ਲੈ ਜਾਣ ਦੀ ਮੰਗ ਕੀਤੀ। ਬਜ਼ਾਰਾਂ ਵਿਚ ਟਰੈਫਕ ਬੰਦ ਹੋ ਗਿਆ। ਸ਼ਾਹੂਕਾਰ ਬੀੜ ਤੇ ਫੁਲਾਂ ਦੀ ਵਰਖਾ ਤੇ ਅਤਰ ਗੁਲਾਬ ਛਿੜਕ ਦੇ ਸਨ, ਖੇਤੂ ਰਾਮ ਨੇ ੧ ਚਦਰ ਗਰਮ ਹਰ ਇਕ ਸਾਧੂ ਨੂੰ ਭੇਟ ਕੀਤੀ। ਗਿਆਨੀ ਜੀ ਨੂੰ ਸਾਰੀ ਪੋਸ਼ਾਕ ਰੇਸ਼ਮੀ ਦਿਤੀ ਤੇ ਆਪਣੇ ਘਰ ਲੈ ਗਏ। ਬਾਬੂ ਦੇ ਸਾਰੇ ਪਰਵਾਰ ਨੂੰ ਗਿਆਨੀ ਜੀ ਨੇ ਗੁਰਮੁਖੀ ਪੜ੍ਹਾਈ। ਬਾਬੂ ਦੀ ਮਾਂ ਨੇ ਸੁਖਮਨੀ ਕੰਠ ਕੀਤੀ, ਸ਼ੋਹਰਤ ਸੁਣਕੇ ਬ੍ਰਹਮੂ ਸਮਾਜ ਦੇ ਸਾਰੇ ਆਗੂ, ਰਾਜਾ ਰਜਿੰਦਰ ਨਾਥ ਤੇ ਕੇਸਵ ਚੰਦ੍ਰ ਸੈਨ ਬੰਗਾਲੀ ਨੇ ਵੀ ਗੁਰਬਾਣੀ ਦਾ ਅਧਿਐਨ ਕੀਤਾ। ਬ੍ਰਹਮੂ ਸਮਾਜ ਦੇ ਸਾਰੇ ਆਗੂ ਗਿਆਨੀ ਜੀ ਦੀ



Digitized by Panjab Digital Library | www.panjabdigilib.org

ਇਜ਼ਤ ਕਰਦੇ ਸਨ । ਮਹਾਰਾਜਾ ਮਹਿੰਦਰ ਸਿੰਘ, ਗਦੀ ਨਸ਼ੀਨ ਹੋ ਕੇ ਕਲਕਤੇ ਸੈਰ ਕਰਨ ਤੇ ਅੰਗ੍ਰੇਜ਼ਾਂ ਨੂੰ ਮਿਲਨ ਆਏ ਸਨ, ਗਿਆਨੀ ਜੀ ਕਥਾ ਕਰ ਰਹੇ ਸਨ, ਮਹਾਰਾਜਾ ੫੧ ਰੁਪੇ ਭੇਟ ਕਰ ਮੁੜ ਗਏ ।

ਗਿਆਨੀ ਜੀ ਦਾ ਡੇਰਾ ਬਾਬੂ ਖੇਤੂ ਰਾਮ ਦੇ ਘਰ ਹੀ ਸੀ । ਇਕ ਦਿਨ ਖੇਤੂ ਬਾਬੂ ਇਕ ਜਹਾਜ਼ ਵਾਲੇ ਨੂੰ ਮਿਲਣ ਗਿਆ, ਗਿਆਨੀ ਜੀ ਵੀ ਨਾਲ ਸਨ । ਜਹਾਜ਼ ਤੇ ਜਾਣ ਲਗਿਆਂ ੧੩ ਹਜ਼ਾਰ ਰੁਪੈ ਦੇ ਨੋਟਾਂ ਦੀ ਥੈਲੀ ਡਿਗ ਪਈ । ਬਾਬੂ ਨੂੰ ਕੋਈ ਪਤਾ ਨਾ ਲਗਾ। ਉਸ ਬਗਲ ਵਿਚ ਚੱਦ੍ਰ ਦਬਾਈ ਜਹਾਜ਼ ਸੀੜ੍ਹੀ ਚੜਨ ਲਈ ਜਦ ਹਥ ਉਚਾ ਚਕਿਆ ਤਾਂ ਕਛ ਵਿਚੋਂ ਚੱਦ੍ਰ ਹੁਗਲੀ ਵਿਚ ਡਿਗ ਪਈ । ਚੱਦ੍ਰ ਕੁੰਲੀਆਂ ਕਢ ਲਈ ਪਰ ਨੋਟ ਨਾ ਲਭੇ,ਉਹ ਗਿਆਨੀ ਜੀ ਨੇ ਚੁਕ ਲਏ ਸਨ। ਖੇਤੂ ਨੂੰ ਭਰੋਸਾ ਹੋ ਗਿਆ ਕਿ ਨੋਟ ਪਾਣੀ ਵਿਚ ਡੁਬ ਗਏ।ਰੋਂਦਾ ਕਲਪਦਾ ਘਰ ਮੁੜ ਆਇਆ।ਨੁਕਸਾਨ ਸੁਣਕੇ ਸੋਗ ਪੈ ਗਿਆ । ਗਿਆਨੀ ਜੀ ਕਿਹਾ ਕਿ—ਸ੍ਰੀ ਗੁਰੂ ਜੀ ਦਾ ਦਸਵੰਧ ਪ੍ਰਵਾਨ ਕਰੋ ਨੋਟ ਮਿਲ ਜਾਣਗੇ । ਪਰ ਬਾਬੂ ਨੂੰ ਨੋਟ ਮਿਲ ਜਾਨ ਦਾ ਕੋਈ ਭਰੋਸਾ ਨਹੀਂ ਸੀ । ਬਾਬੂ ਦੀ ਮਾਂ ਨੇ ਮੰਨ ਲਿਆ । ਗਿਆਨੀ ਜੀ ਥੋੜ੍ਹਾ ਚਿਰ ਚਦਰ ਵਿਚ ਮੂੰਹ ਕਜ ਕੇ ਬਾਣੀ ਪੜ੍ਹਦਿਆਂ ਥੈਲੀ ਬਾਬੂ ਦੇ ਹਥ ਫੜਾ ਦਿਤੀ, ਇਸ ਗਲ ਨੇ ਗਿਆਨੀ ਜੀ ਦੀ ਬਹੁਤ ਇਜ਼ਤ ਕਰ ਦਿਤੀ । ਕਲਕਤੇ ਦੇ ਬਹੁਤ ਸਾਰੇ ਸੇਠ ਗਿਆਨੀ ਜੀ ਦੇ ਸੇਵਕ ਹੋ ਗਏ । ਕਲਕਤੇ ਦੇ ਸਾਰੇ ਪ੍ਰਸਿਧ ਸਥਾਨ ਫੋਰਟ ਵਿਲੀਯਮ ਵਗੈਰਾ ਬਾਬੂ ਰਾਜਿੰਦਰ ਪ੍ਰਸਾਦ ਨੇ ਵਿਖਾਏ । ਇਕ ਦਿਨ ਮਟੀਆਂ ਸੂਰਜ ਵਾਲਾ ਬਾਗ਼ ਵੇਖਨ ਗਏ, ਜਿਥੇ ਨਵਾਬ ਵਾਜਦ ਅਲੀ ਸ਼ਾਹ ਲਖਨਊ ਵਾਲੇ ਨਜ਼ਰ ਬੰਦ ਸਨ । ਯੋਰਪੀਨਾ ਦਾ ਪਹਿਰਾ ਸੀ, ਬਿਨਾ ਇਜਾਜ਼ਤ ਜਾਣਾ ਮੌਤ ਦੇ ਮੂੰਹ ਵਿਚ ਜਾਣਾ ਸੀ ਪਰ ਬਾਬੂ ਰਾਜਿੰਦ੍ਰ ਨਾਥ ਜੀ ਦੀ ਕਿਰਪਾ ਨਾਲ ਅੰਦਰ ਗਏ। ਅੱਧਾ ਘੰਟਾ ਨਵਾਬ ਸਾਹਿਬ ਨਾਲ ਗਲਾਂ ਕੀਤੀਆਂ । ਤੁਰਨ ਵੇਲੇ ਨਵਾਬ ਸਾਹਿਬ ਨੇ ੫ ਅਸ਼ਰਫੀਆਂ ਭੇਟਾ ਕੀਤੀਆਂ । ਇਥੋਂ ਜਗਨ ਨਾਥ ਪੁਰੀ ਚਲੇ ਗਏ, ਬਰਦਵਾਨ ਦਾ ਰਾਜਾ ਮੇਮ ਨਾਲ ਵਿਆਹ ਦੇ ਦੋਸ਼ ਵਿਚ ਬ੍ਰਾਦਰੀ ਤੋਂ ਖਾਰਜ ਕੀਤਾ ਹੋਇਆ ਸੀ । ਗਿਆਨੀ ਜੀ ਦੀ ਕੋਸ਼ਿਸ਼ ਨਾਲ ਉਹ ਫਿਰ ਬਰਾਦਰੀ ਵਿਚ ਮਿਲ ਗਿਆ । ਇਥੋਂ ਰਾਣੀ-ਗੰਜ ਕੋਲੇ ਦੀ ਖਾਣ ਡਿਠੀ, ਰਾਣੀ ਗੰਜ ਤੋਂ ਬਾਲੇਸੁਰ ਮੇਦਨੀ ਪੁਰ ਮੋਰ ਭੰਜ ਰਾਜਾ



Digitized by Panjab Digital Library | www.panjabdigilib.org

## ਜਗਨ ਨਾਥ ਪੁਰੀ ਦੀ ਯਾਤਰਾ

ਇਥੋਂ ਹਾੜ੍ਹ ਸੁਦੀ ਪੰਚਮੀ ਨੂੰ ਜਗਨ ਨਾਥ ਪੁਰੀ ਗਏ । ਬੌਲੀ ਸਾਹਿਬ ਦੇ ਦਰਸ਼ਨ ਕਰ ਮੰਗੂ ਮਠ ਦੀ ਧਰਮ ਸਾਲ ਗਏ । ਇਕ ਪੰਡਾ ਪੰਜਾਬੀਆਂ ਦਾ ਬਹੁਤ ਧਨੀ ਸੀ। ਉਸ ਇਕ ਆਹਲਾ ਮਕਾਨ ਵਿਚ ਡੇਰਾ ਦਿਤਾ । ਮੰਦਰ ਤੋਂ ਦੋ ਵੇਲੇ ਭੰਡਾਰਾ ਆ ਜਾਂਦਾ ਸੀ। ਇਹ ਉਸ ਥਾਂ ਦਾ ਰਿਵਾਜ ਹੈ। ਲੋਕ ਮੰਦਰ ਵਿਚ ਇਕ ਸੌ ਤੋਂ ਇਕ ਹਜ਼ਾਰ ਦਾ ਅਟਕਾ ਜਮਾ ਕਰਾ ਦਿੰਦੇ ਹਨ, ਉਸ ਦਾ ਹਰ ਰੋਜ਼ ਭੋਗ ਲਗਦਾ ਹੈ । ਪਹਿਲਾਂ ਯਾਤਰੀ ਖਾਂਦੇ ਨੇ, ਬਚਿਆ ਮਹਾਜਨ ਖਰੀਦ ਲੈਂਦਾ ਹੈ। ਅਟਕੇ ਦਾ ਛੇਵਾਂ ਹਿਸਾ ਪੰਡੇ ਨੂੰ ਮੁਫਤ ਮਿਲਦਾ ਹੈ। ਖੈਰ ਕਈ ਸਿਖ ਸਰਦਾਰਾਂ, ਰਾਜਿਆਂ, ਸਰਦਾਰਨੀਆਂ ਨੇ 'ਅਟਕਾ' ਜਮਾ ਕਰਾਇਆ ਹੋਇਆ ਸੀ ।

ਰੋਟੀ ਬਿਨਾ ਹਰੇਕ ਚੀਜ਼ ਏਥੇ ਖਾਣ ਨੂੰ ਮਿਲਦੀ ਹੈ ਪਰ ਜੂਠ ਦਾ ਕੋਈ ਪਰਹੇਜ਼ ਨਹੀਂ । ਮਹਾਜਨ ਯਾਤਰੀਆਂ ਦਾ ਜੂਠਾ ਫ਼ਖਰ ਨਾਲ ਖਾਂਦੇ ਹਨ, ਇਕ ਪੰਜਾਬੀ ਹਨ ਜੋ ਇਹ ਜੂਠਾ ਘਟ ਹੀ ਖਾਂਦੇ, ਉਹ ਆਪ ਰੋਟੀ ਪਕਾਕੇ ਖਾਂਦੇ ਹਨ । ਗਿਆਨੀ ਜੀ, ਅਜੇ ਹੁਣੇ-ਹੁਣੇ ਤਖਤ ਸ੍ਰੀ ਪਟਨਾ ਸਾਹਿਬ ਤੋਂ ਅੰਮ੍ਰਿਤ ਛਕ ਕੇ ਗਏ ਸਨ , ਉਨ੍ਹਾਂ ਇਹ ਪੰਡਿਆਂ ਦਾ ਦਿਤਾ ਅਖਾਜ ਖਾਜ ਨਾ ਖਾਧਾ ਅਤੇ ਬਾਉਲੀ ਸਾਹਿਬ ਜਾ ਕੇ ਆਪਣੀ ਰੋਟੀ ਆਪ ਪਕਾਕੇ ਖਾਧੀ ।

ਜਗਨ ਨਾਥ ਦੀ ਯਾਤਰਾ ਦਾ ਉਤਸਵ ਖਤਮ ਹੋਣ ਤੇ ਗਿਆਨੀ ਜੀ ਵੀ ਸਾਥੀਆਂ ਸਮੇਤ ਕਟਕ ਆ ਗਏ । ਇਕ ਦਿਨ ਸਾਥੀਆਂ ਨਾਲ ਕਟਕ ਸ਼ਹਿਰ ਵਿਚ ਸੈਰ ਕਰਦੇ ਘੁੰਮ ਰਹੇ ਸਨ, ਸਾਹਮਣੇ ਤੋਂ ਰਾਜਾ ਟੀਕਾਨ ਮਹਿੰਦਰ ਬਹਾਦਰ ਦੀ ਸਵਾਰੀ ਆ ਨਿਕਲੀ । ਉਹ ਸੰਤਾਂ ਨੂੰ ਹੰਸਾ ਜਿਹੇ ਸਪੈਦ ਬਾਣਿਆਂ ਵਿਚ ਵੇਖ ਬਹੁਤ ਪ੍ਰਭਾਵਤ ਹੋਏ । ਚੋਬਦਾਰ ਰਾਹੀਂ ਪੁਛ. ਕੀਤੀ ਗਈ ਕਿ— 'ਸੰਤ ਲੋਕ ਕਿਥੇ ਨਿਵਾਸ ਕਰਦੇ ਹਨ ?—' ਦੂਜੇ ਦਿਨ ਦਸੇ ਸਥਾਨ ਤੇ ਰਾਜਾ ਜੀ ਆਪ ਆ ਗਏ । ਬਚਨ ਵਿਲਾਸ ਤੋਂ ਬਹੁਤ ਪ੍ਰਸੰਨ ਹੋਕੇ ਰਾਜ ਮਹੱਲ ਵਲ ਲੈ ਗਏ । ਚਤਰ ਮਾਸਾ ਰਹਿਣ ਲਈ ਬੇਨਤੀ ਕੀਤੀ ਜੋ ਗਿਆਨੀ ਜੀ ਨੇ ਪਰਵਾਨ ਕਰ ਲਈ । ਕਸਬਾ ਟੀਕਾਨ ਜੋ ਮਹਿਦਰ



Digitized by Panjab Digital Library | www.panjabdigilib.org

ਬਹਾਦਰ ਦੀ ਰਾਜਧਾਨੀ ਸੀ ਕਟਕ ਤੋਂ ੪੦ ਕੋਹ ਤੇ ਸੀ। ਸਭ ਸੰਤਾਂ ਨੂੰ ਹਾਥੀਆਂ ਉਤੇ ਲੈ ਜਾਇਆ ਗਿਆ। ਇਹ ਰਾਜਾ ਨਬਾਲਗੀ ਦੀ ਹਾਲਤ ਵਿਚ ਕਾਂਸ਼ੀ ਜਾਕੇ ਸ੍ਰੀ ਮਾਨ ਪੰਡਤ ਬੁਧ ਸਿੰਘ ਜੀ ਤੋਂ ਪੜ੍ਹਿਆ। ਸੰਸਕ੍ਰਿਤ ਜਾਣਦਾ ਸੀ, ਪੰਜਾਬੀ ਸਮਝਦਾ ਤੇ ਬੋਲ ਵੀ ਲੈਂਦਾ ਸੀ, ਪੰਜਾਬੀਆਂ ਨਾਲ ਖਾਸ ਪਿਆਰ ਰਖਦਾ ਸੀ, ਦੂਜੇ ਗਿਆਨੀ ਜੀ ਨਾਲ ਦੇ ਸਾਥੀ ਸਾਧੂ ਏਥੇ ਬਹੁਤੇ ਸਿਆਣੇ ਨਹੀਂ ਸਨ। ਜਿਸ ਤੋਂ ਰਾਜੇ ਨਾਲ ਗਲ ਬਾਤ ਸਭ ਗਿਆਨੀ ਜੀ ਹੀ ਕਰਦੇ। ਜੋ ਨਜ਼ਰਾਨਾ ਭੇਟ ਫਲ ਫੂਲ ਆਉਂਦਾ ਉਹ ਵੀ ਸਭੋ ਕੁਝ ਗਿਆਨੀ ਜੀ ਅਗੇ ਹੀ ਰਖਿਆ ਜਾਂਦਾ। ਜਿਸ ਤੋਂ ਦੂਜੇ ਸਾਧੂ ਈਰਖਾ ਕਰਨ ਲਗ ਪਏ। ਜਦ ਰਾਜੇ ਦੇ ਮਹਿਲਾਂ ਵਿਚ ਜਾਣ ਦਾ ਸਮਾਂ ਮਿਲਦਾ ਤਾਂ ਗਿਆਨੀ ਜੀ ਲਈ ਪਾਲਕੀ ਆਉਂਦੀ ਦੂਜੇ ਸਾਧੂ ਪੈਦਲ ਹੀ ਨਾਲ ਤੁਰਦੇ ਜਾਂਦੇ। ਰਾਜਾ-ਰਾਣੀ ਗੱਲ ਗੱਲ ਵਿਚ ਗਿਆਨੀ ਜੀ ਨੂੰ ਸੁਆਮੀ ਜੀ ਆਖ ਸੰਬੋਧਨ ਕਰਦੇ ਜਿਸ ਤੋਂ ਸੰਤ ਲੋਕ ਬਹੁਤ ਦੁਖੀ ਹੋ ਗਏ ਪਰ ਆਖਿਆ ਕੁਝ ਨਾ ਪਰ ਉਥੋਂ ਤੁਰ ਜਾਣ ਦਾ ਬਹਾਨਾ ਬਣਾਉਂਦਿਆਂ ਕਿਹਾ ਕਿ—'ਅਸੀਂ ਪੰਜਾਬੀ ਲੋਕ ਦੋ ਵੇਲੇ ਚੌਲ ਨਹੀਂ ਖਾ ਸਕਦੇ, ਗੇਹੂੰ ਦੀ ਰੋਟੀ ਦੇ ਆਦੀ ਹਾਂ ਇਸ ਲਈ ਜਾਣਾ ਚਹੁੰਦੇ ਹਾਂ ?"

ਰਾਜਾ ਉਨ੍ਹਾਂ ਦੀ ਗਲ ਸਮਝ ਗਿਆ, ਫਿਰ ਵੀ ਉਸ ਨੇ ਆਟਾ ਦਾਲ ਘਿਉ ਜ਼ਰੂਰੀ ਸਮਾਨ ਮੰਗਵਾ ਦਿਤਾ। ਸਾਧੂਆਂ ਨੂੰ ਪਰੌਂਠੇ ਛਕਾਉਣੇ ਸ਼ੁਰੂ ਕੀਤੇ, ਪਰ ਸੰਤ ਲੋਕਾਂ ਇਕ ਦਿਨ ਸਾਫ ਹੀ ਆਖ ਦਿਤਾ ਕਿ"ਜਦ ਗਿਆਨੀ ਜੀ ਪਾਲਕੀ ਤੇ ਜਾਂਦੇ ਹਨ ਅਸੀਂ ਪੈਦਲ ਨਾਲ ਨਹੀਂ ਚਲ ਸਕਦੇ, ਜਾਂ ਤੇ ਸਭਨਾਂ ਲਈ ਪਾਲਕੀ ਆਵੇ ਜਾਂ ਉਹ ਵੀ ਨਾਲ ਪੈਦਲ ਤੁਰਨ।"

ਰਾਜੇ ਨੇ ਵਖੋ ਵਖ ਸੰਤ ਲੋਕਾਂ ਨੂੰ ਸਦਕੇ ਸਵਾਲ ਪੁਛੇ ਇਸਤੇ ਰਾਜੇ ਨੇ ਤ੍ਰੈ ਸੰਤ ਜੋ ਬਹੁਤੇ ਈਰਖੀ ਸਨ ਤੋਰ ਦਿਤੇ। ਗਿਆਨੀ ਜੀ ਰਾਜਾ ਰਾਣੀ ਨੂੰ ਸੂਰਵੀਰ ਸਿੰਘ ਸਿੰਘਣੀਆਂ ਦੇ ਹਾਲ ਮਹਾਰਾਜਾ ਰਣਜੀਤ ਸਿੰਘ ਜੀ ਤੇ ਫੂਲਕਿਆਂ ਦੇ ਬਹਾਦੁਰੀ ਦੇ ਕਾਰਨਾਮੇ ਸੁਣਾਉਂਦੇ। ਰਾਜਾ ਰਾਣੀ ਤੇ ਹੋਰ ਅਹਿਲਕਾਰ ਬਹੁਤ ਪ੍ਰਸੰਨਤਾ ਨਾਲ ਸੁਣਦੇ। ਚਤਰਮਾਸ ਇੰਞ ਹੀ ਸਮਾਪਤ ਹੋ ਗਿਆ। ਰਾਜਾ ਜੀ ਗਿਆਨੀ ਜੀ ਨੂੰ ਸਦਾ ਹੀ ਆਪਣੇ ਕੋਲ ਰਖਣਾ ਚਾਹੁੰਦੇ ਸਨ, ਉਨ੍ਹਾਂ ਇਕ ਪਿੰਡ ਮਾਫੀ ਦੇਣ ਦਾ ਬਚਨ ਵੀ



Digitized by Panjab Digital Library | www.panjabdigilib.org

ਕੀਤਾ, ਪਰ ਆਪ ਕੈਦ ਨਹੀਂ ਸਨ ਹੋਣਾ ਚਾਹੁੰਦੇ ।

ਇਕ ਦਿਨ ਇਕ ਦੁਭਾਸ਼ੀਏ ਰਾਹੀਂ ਜੰਗਲੀ ਨਾਗਿਆਂ ਦੇ ਕੋਲ ਗਏ, ਦੁਭਾਸ਼ੀਏ ਨੇ ਉਨ੍ਹਾਂ ਨੂੰ ਖੁਸ਼ ਕਰਕੇ ਪੁਛਿਆ ਕਿ-ਤੁਸੀਂ ਕਪੜੇ ਕਿਉਂ ਨਹੀਂ ਪਾਂਦੇ ?

ਉਨ੍ਹਾਂ ਕਿਹਾ ਕਿ—'ਜੇ ਅਸੀਂ ਕਪੜੇ ਪਾ ਲਈਏ ਫਿਰ ਸਾਨੂੰ ਬਾਘ ਸ਼ੇਰ ਆਦਿ ਮਾਰਖੋਰ ਜਾਨਵਰ ਖਾ ਜਾਣਗੇ—

ਇਨ੍ਹਾਂ ਨਾਂਗਿਆਂ ਤੋਂ ਦੁਭਾਸ਼ੀਆ ਰੇਸ਼ਮ ਦੇ ਕੀੜੇ ਪਲਵਾ ਲੈਂਦਾ ਸੀ, ਬਸ ਹੋਰ ਇਹ ਰਾਜੇ ਦਾ ਕੁਝ ਨਹੀਂ ਸਨ ਕਰਦੇ । ਰਾਜੇ ਕੋਲ ਜਾਣ ਸਮੇਂ ਦੁਭਾਸ਼ੀਏ ਦੇ ਕਹਿਣ ਤੇ ਕੇਲੇ ਦੇ ਪਤਰਾਂ ਨਾਲ ਨੰਗੇਜ ਕਜ ਲੈਂਦੇ ਸਨ ।

ਚਾਰ ਮਹੀਨੇ ਰਹਿਕੇ ਗਿਆਨੀ ਜੀ ਨੇ ਛੁਟੀ ਮੰਗੀ ਪਰ ਰਾਜੇ ਨੇ ਨਾ ਦਿਤੀ,ਅੰਤ ਕਾਗਜ਼ ਤੇ ਪੁਰਜ਼ੇ ਤੇ ਲਿਖ ਕੇ :

"ਦਰਿਆ ਚਲਤਾ ਰਹੇ ਬਿਹਤਰ,
ਸਾਧੂ ਰਮਤਾ ਰਹੇ ਬਿਹਤਰ"

ਰਾਜੇ ਦੀ ਡਿਉਡੀ ਤੇ ਲਿਖ ਕੇ ਆਪ ਤੁਰ ਆਏ । ਪਿਛੋਂ ਰਾਜਾ ਹਾਥੀ ਲੈ ਕੇ ਆ ਮਿਲਿਆ । ਹਾਥੀ ਤੇ ਸਵਾਰ ਕਰਕੇ ਕਟਕ ਛਡ ਗਿਆ । ਫਿਰ ਦਰਸ਼ਨ ਦੇਣ ਦਾ ਬਚਨ ਲਿਆ । ਉਸ ਸਮੇਂ ੫੦੦ ਰੁਪੈ ਗਿਆਨੀ ਕੋਲ ਜਮਾ ਸਨ ਜੋ ਉਨ੍ਹਾਂ ਪੰ: ਤਾਰਾ ਸਿੰਘ ਜੀ ਨੂੰ ਮਨੀ ਆਰਡਰ ਕਰ ਕੇ ਘਲ ਦਿਤੇ । ਆਪ ਸਹਿਜੇ-ਸਹਿਜੇ ਕਾਂਸ਼ੀ ਪੁਜ ਗਏ ।

## ਨੈਪਾਲ ਦੀ ਯਾਤਰਾ

ਸੰਤ ਬ੍ਰਹਮਦਾਸ ਜੀ ਸੰਘੇੜਿਆ ਵਾਲੇ ਉਦਾਸੀ ਸੰਤਾਂ ਦੀ ਜਮਾਤ, ਇਕ ਵਾਰੀ ਸਿਵਰਾਤ੍ਰੀ ਦੀ ਯਾਤਰਾ ਕਰਨ ਨੈਪਾਲ ਜਾ ਰਹੀ ਸੀ । ਗਿਆਨੀ ਜੀ ਵੀ ਨਾਲ ਤਿਆਰ ਹੋ ਗਏ ਪਰ ਰਾਹਦਰੀ ਨਾ ਮਿਲ ਸਕੀ । ਕਪਤਾਨ ਕਿਸ਼ਨ ਸਿੰਘ ਮੌੜਾਂ ਵਾਲਾ ਗਿਆਨੀ ਜੀ ਦਾ ਸੇਵਕ ਨਿਕਲ ਆਇਆ,ਉਸ ਨੇ ਗਿਆਨੀ ਜੀ ਨਾਲ ਸਾਰੀ ਜਮਾਤ ਨੂੰ ਆਗਿਆ ਲੈ ਦਿਤੀ । ਇਸ ਜਮਾਤ ਨੇ ਭੀੜ ਭੜੱਕੇ ਤੋਂ ਪਹਿਲਾਂ ਫਗਨ ਦੇ ਆਰੰਭ ਵਿਚ ਹੀ ਪਸ਼ੂ ਪਤੀ ਨਾਥ ਦੇ ਦਰਸ਼ਨ ਜਾ ਕੀਤੇ । ਦਸ ਬਾਰਾਂ ਦਿਨ ਸਰਦਾਰ ਕਿਸ਼ਨ ਸਿੰਘ ਕੋਲ ਹੀ



Digitized by Panjab Digital Library | www.panjabdigilib.org

ਰਹੇ । ਉਥੋਂ ਜਮਾਤ ਨਾਲ ਹੀ ਬ੍ਰਿਬਹੁਤ, ਬਨ ਖੰਡੀ ਦੀ ਝਾੜੀ ਵੇਖਨ ਲਈ ਕਸਬਾ ਚਿਤ੍ਰਾ ਵਿਚ ਆ ਗਏ । ਏਥੇ ਬ੍ਰਾਹ ਦੀ ਮੂਰਤੀ ਮੰਨੀ ਪੂਜੀ ਜਾਂਦੀ ਹੈ। ਪੁਜਾਰੀ ਸਨਿਆਸੀ ਜਾਗੀਰ ਦਾਰ ਹੋਣ ਕਰਕੇ ਅਨਪੜ੍ਹ ਹੀ ਹਨ, ਹੁਕੇ ਦਾ ਕਾਫੀ ਜ਼ੋਰ ਹੈ ।

ਇਸ ਤੋਂ ਅਗੇ ਜਗਤ ਗੁਰੂ ਸ੍ਰੀ ਗੁਰੂ ਨਾਨਕ ਨਿਰੰਕਾਰੀ ਜੀ ਦੇ ਉਦਾਸੀ ਭੇਖ ਤੋਂ ਵਰੋਸਾਏ ਸ੍ਰੀ ਬਨ ਖੰਡੀ ਜੀ ਦੀ ਝਾੜ ਹੈ । ਰਵਾਇਤ ਹੈ ਕਿ ਇਨ੍ਹਾਂ ਦਾ ਧੂਣਾ ਸਦਾ ਹੀ ਧੁਖਦਾ ਰਹਿੰਦਾ ਹੈ, ਜਿਸ ਵਿਦ ਜੰਗਲੀ ਸ਼ੇਰ ਤੇ ਹਾਥੀ ਲਕੜੀ ਲਿਆ ਕੇ ਧੂਆਂ ਧੁਖਾਉਂਦੇ ਨੇ

ਦੂਜੀ ਕਰਾਮਾਤ ਇਹ ਦਸੀ ਜਾਂਦੀ ਹੈ ਕਿ ਇਕ ਧਰੇਕ ਦੇ ਰੁਖ ਦੀ ਟਾਹਣੀ ਨੂੰ ਅੰਬ ਦਾ ਫਲ ਲਗਦਾ ਹੈ । ਸ੍ਰੀ ਬਨ ਖੰਡੀ ਜੀ ਨੂੰ ਗੁਸਾਂਈ ਭਾਵ ਵੈਰਾਗੀ ਵੀ ਮੰਨਦੇ ਪੂਜਦੇ ਹਨ ।

ਉਥੋਂ ਜਨਕ ਪੁਰੀ ਜਾਕੇ ਪਥਰ ਦੇ ਬੇਡੌਲ ਜਹੇ ਟੁਕੜੇ ਡਿਠੇ, ਜਿਨ੍ਹਾਂ ਨੂੰ ਰਾਮ ਦੇ ਤੋੜੇ ਸ਼ਿਵ-ਧਨੁਖ ਦੇ ਦਸਕੇ ਪੂਜਿਆ ਜਾਂਦਾ ਹੈ । ਇਥੋਂ ਅਯੁਧਿਆ ਗਏ । ਸੂਰਜ ਕੁੰਡ, ਮਹਾਰਾਜਾ ਰਾਮ ਚੰਦ੍ਰ ਦੀ ਮਸਨਿਦ, ਸੀਤਾ ਦਾ ਚੁਲ੍ਹਾ ਆਦਿ ਪਰਸਕੇ ਹਨੂੰਮਾਨ ਗੜ੍ਹੀ ਤੇ ਜੁਗਲਾ ਨੰਦ ਆਦਿ ਸਾਧੂਆਂ ਦੇ ਦਰਸ਼ਨ ਕਰ ਵਸ਼ਿਸ਼ਟਾ ਕੁੰਡ ਦੇ ਨਜ਼ਦੀਕ ਗੁਰ ਦਰਬਾਰ ਦੇ ਦੀਦਾਰ ਕਰ ਗੁਪਤਾਰ ਘਾਟ ਸਨਾਨ ਕੀਤਾ । ਇਥੇ ਠਗਾਂ ਨੇ ਗਿਆਨੀ ਜੀ ਦੇ ੧੫੦ ਰੁਪੈਠਗ ਲਏ । ਕੋਲ ਕੁਝ ਨਾ ਰਿਹਾ । ਰਾਮ ਸਰਨ ਦਾਸ ਖਤਰੀ ਤਹਿਸੀਲ ਦਾਰ ਨੇ, ਤਰਸ ਕਰਕੇ ਪ੍ਰਾਗਰਾਜ ਦਾ ਟਿਕਟ ਲੈ ਦਿਤਾ । ਸੰਮਤ ੧੯੩੨ ਨੂੰ ਤ੍ਰਿਬੇਣੀ ਸੰਗਮ ਅਰਧ ਕੁੰਭੀ ਦਾ ਜਾ ਸਨਾਨ ਕੀਤਾ ।

ਇਥੋਂ, ਕਾਨਪੁਰ ਫਤਹਪੁਰ, ਇਟਾਵਾ ਵਿਚਦੀ ਆਗਰੇ ਆ ਗਏ, ਜਿਥੇ ਰਾਧਾ ਸਆਮੀ ਮਤ ਦਾ ਆਗੂ ਸਾਹਿਬ ਦਿਆਲ-ਖਤਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਹਜ਼ੂਰ ਦੋ ਹਥ ਉਚੀ ਚੌਂਕੀ ਉਤੇਬੈਠ ਹੁਕਾ ਪੀਆ ਕਰਦਾ ਸੀ।ਗਿਆਨ ਜੀ ਨੇ ਬਹਿਸ ਨਾਲ,ਨੀਚੇ ਫਰਸ਼ ਤੇ ਬੈਠਨ ਲਈ ਮਜਬੂਰ ਕਰ ਦਿਤਾ । ਸਾਰੇ ਸ਼ਹਿਰ ਵਿਚ ਗਲ ਧੁੰਮ ਗਈ । ਸਾਹਿਬ ਜੀ ਦੇ ਭਰਾ ਬਿੰਦਰਾ ਬੰਨ ਨੇ ਗਿਆਨੀ ਜੀ ਨੂੰ ਰੋਟੀ ਤੇ ਘਰ ਸਦਕੇ ਬਹੁਤ ਧੰਨਵਾਦ ਕੀਤਾ । ਆਗਰੇ ਤੋਂ ਬਿੰਦ੍ਰਾਬਨ ਦੇਖਦੇ ਦਿਲੀ ਆ ਗਏ ।



Digitized by Panjab Digital Library | www.panjabdigilib.org

## ਪੰਥ ਪ੍ਰਕਾਸ਼ ਦੀ ਪਹਿਲੀ ਛਾਪ

ਜਿਹਾ ਕਿ ਉਪਰ ਜ਼ਿਕਰ ਆ ਚੁਕਾ ਹੈ ਕਿ—ਪੰਥ ਪ੍ਰਕਾਸ਼ ਗਿਆਨੀ ਜੀ ਨੇ ਪੰ: ਤਾਰਾ ਸਿੰਘ ਜੀ ਦੀ ਪ੍ਰੇਰਨਾ ਨਾਲ ਪਹਿਲਾਂ ਹੀ ਲਿਖ ਲਿਆ ਸੀ ਅਤੇ ੧੯੨੭ ਬਿ: ਵਿਚ ਹੀ ਹੀਰਾ ਸਿੰਘ ਜੀ ਖੁਸ਼ ਨਵੀਸ ਜਾਂ ਕਾਤਬ ਨੂੰ ਪ੍ਰੈਸ ਕਾਪੀ ਤਿਆਰ ਕਰਨ ਲਈ ਦਿਤਾ ਹੋਇਆ ਸੀ। ਓਹ ਤਿਆਰ ਕਰ ਰਿਹਾ ਸੀ। ਟਾਈਪ ਅਜੇ ਤਿਆਰ ਨਹੀਂ ਸੀ ਹੋਇਆ। ਓਹ ਦਿਲੀ ਵਿਚ ਹੀ ਹਾਜੀ ਕੁਤਬਦੀਨ ਦੇ ਪ੍ਰੈਸ ਵਿਚ ਛਪਣਾ ਸੀ। ਗਿਆਨੀ ਜੀ ਦਿਨ, ਭਰ ਗੁ: ਸੀਸ ਗੰਜ ਵਿਚ ਬੈਠ ਕੇ ਪਰੂਫ ਵੇਖ ਦੇ ਰਹਿੰਦੇ ਸ਼ਾਮੀਂ ਕੰਪਨੀ ਬਾਗ਼ ਵਿਚ ਕਥਾ ਵਿਖਿਆਨ ਵੀ ਕਰਦੇ, ਜਿਸ ਤੋਂ ਦਿਲੀ ਦੇ ਸਿਖਾਂ ਤੇ ਕਾਫ਼ੀ ਪ੍ਰਭਾਵ ਪਿਆ। ਇਥੋਂ ਗਿਆਨੀ ਜੀ ਪਟਿਆਲਾ ਆ ਗਏ ਅਤੇ ਜੋ ਤੋਹਫੇ ਇਸ ਯਾਤਰਾ ਵਿਚ ਮਿਲੇ ਸਨ, ਓਨ੍ਹਾਂ ਵਿਚੋਂ ਸ੍ਰੀ ਪੰ: ਤਾਰਾ ਸਿੰਘ ਜੀ ਦੀ ਭੇਟ ਕਰਕੇ ਕੁਝ ਲੌਂਗੋਵਾਲ ਮਾਤਾ ਜੀ ਦੀ ਸੇਵਾ ਵਿਚ ਵੀ ਪੇਸ਼ ਕੀਤੇ। ਇਸ ਸਮੇਂ ਵੀ ਆਪ ਕੁਝ ਨਾ ਕੁਝ ਲਿਖਦੇ ਪੜ੍ਹਦੇ ਹੀ ਰਹਿੰਦੇ। ਦੀਪਮਾਲਾ ਸਮੇਂ ਤੇਜਾ ਸਿੰਘ, ਅਕਾਲ ਬੁੰਗੇ ਦੇ ਪੁਜਾਰੀ ਦੇ ਘਰ ਰਹਿ ਕੇ ਤਵਾਰੀਖੀ ਹਾਲ ਜਮ੍ਹਾਂ ਕੀਤੇ। ਤਵਾਰੀਖ ਪਟਿਆਲਾ ਪੜ੍ਹੀ। ਸੰ: ੧੯੩੪ ਬਿ: ਉਸ ਦਾ ਉਰਦੂ ਤਰਜਮਾ ਆਪਣੇ ਸੇਵਕ ਮੁਨਸ਼ੀ ਭੋਲਾ ਸਿੰਘ ਤੋਂ ਜੋ ਐਫ. ਏ. ਤੀਕ ਅੰਗਰੇਜ਼ੀ ਵੀ ਪੜ੍ਹ ਸਕਦਾ ਸੀ, ਕਰਾਇਆ। ਇਤਿਹਾਸ ਗੁਰੂ ਖਾਲਸਾ ਦੀ ਰੂਪ ਰੇਖਾ ਏਥੇ ਬੈਠ ਕੇ ਚੰਗੀ ਤਰਾਂ ਵਿਚਾਰ ਕੇ ਤਿਆਰ ਕਰ ਲਈ। ਬਹੁਤ ਸਾਰਾ ਪਹਿਲਾ ਹਿਸਾ ਤਾਂ ਇਕ ਤਰ੍ਹਾਂ ਤਿਆਰ ਹੀ ਕਰ ਲਿਆ ਸੀ, ਜਿਸ ਦਾ ਕੰਮ ਕੇਵਲ ਸੋਧ ਸੁਧਾਈ ਹੀ ਬਾਕੀ ਸੀ ਜਿਸ ਨੂੰ ਗਿਆਨੀ ਜੀ ਬਹੁਤ ਮਿਹਨਤ ਲਗਨ ਤੇ ਅਪਣੱਤ ਨਾਲ ਕਰਦੇ ਸਨ। ਹੁਣ ਤੇ ਓਨਾਂ ਦੇ ਸਾਹਮਣੇ ਕੇਵਲ ਇਹੀ ਮੁਸ਼ਕਲ ਸੀ ਕਿ ਇਹ ਸਾਰਾ ਕੁਝ ਪ੍ਰਕਾਸ਼ਤ ਹੋਕੇ ਲੋਕ ਹੱਥਾਂ ਵਿਚ ਕਿਵੇਂ ਪੁਜੇ ?

ਇਹ ਚਿੰਤਾ ਉਨ੍ਹਾਂ ਨੂੰ ਟਿਕ ਕੇ ਨਹੀਂ ਸੀ ਬੈਠਣ ਦਿੰਦੀ, ਕਿਉਂਕਿ ਉਨ੍ਹਾਂ ਦਿਨਾਂ ਵਿਚ ਕੋਈ ਵੀ ਨਹੀਂ ਸੀ ਜੋ ਗਿਆਨੀ ਜੀ ਦੀ ਮਾਇਕ ਮਦਦ ਕਰਕੇ ਹੌਸਲਾ ਅਫਜ਼ਾਈ ਕਰਦਾ।

## ਬਹਾਵਲ ਪੁਰ ਸਿੰਧ ਦਾ ਦੌਰਾ

ਸ੍ਰੀ ਮਾਨ ਭਾਈ ਤਾਰਾ ਸਿੰਘ ਜੀ ਪੁਜਾਰੀ ਸ੍ਰੀ ਗਿਆਨੀ ਜੀ ਨੂੰ ਗਯਾ ਜੀ



Digitized by Panjab Digital Library | www.panjabdigilib.org

ਵਿਖੇ ਪਿਤਰਾਂ ਦੀ ਗਤੀ ਕਰਾਉਂਦਾ ਮਿਲਿਆ ਸੀ ਅਤੇ ਜਗਨ ਨਾਥ ਪੁਰੀ ਵਿਚ ਵੀ। ਇਹ ਇਕ ਚੰਗਾ ਚਲਦਾ ਪੁਰਜ਼ਾ ਦਰਬਾਰੀਆਂ ਵਿਚੋਂ ਚੁਸਤ, ਚਾਲਾਕ ਮੰਨਿਆ ਦੰਨਿਆ, ਬੰਦਾ ਸੀ। ਓਹ ਨਵਾਬ ਬਹਾਵਲ ਪੁਰ ਦੀ ਗਦੀ ਨਸ਼ੀਨੀ ਸਮੇਂ ਜਾਂਦਾ ਹੋਇਆ ਗਿਆਨੀ ਜੀ ਨੂੰ ਵੀ ਨਾਲ ਲੈ ਗਿਆ। ਗਿਆਨੀ ਜੀ ਨੂੰ ਵੀ ੫੧) ਨਜ਼ਰਾਨਾ ਬਹਾਵਲਪੁਰ ਵਲੋਂ ਮਿਲਿਆ। ਓਥੋਂ ਰੋੜੀ ਸਖਰ ਵਿਚ ਜਾਕੇ ਬਾਵਾ ਗੁਰਬਖਸ਼ ਸਿੰਘ ਬੇਦੀ ਦੀ ਧਰਮਸਾਲਾ ਵਿਚ ਜਾ ਰਹੇ। ਸਾਧ ਬੇਲਾ ਸਖਰ ਦੇ ਸ੍ਰੀ ਬਨਖੰਡੀ ਦਾਸ ਜੀ ਦੇ ਪ੍ਰਸਿਧ ਸਥਾਨ, ਜੋ ਦਰਿਆ ਸਿੰਧ ਦੇ ਵਿਚਕਾਰ ਇਕ ਪਹਾੜ ਉਤੇ ਵਾਕਿਆ ਹੈ, ਵੇਖਿਆ, ਇਥੋਂ ਸ਼ਿਕਾਰ ਪੁਰ ਤੇ ਕੋਇਟੇ ਜਾ ਰਹੇ। ਕੋਇਟੇ ਤੋਂ ਇਕ ਕਾਫਲੇ ਨਾਲ, ਸੇਠ ਜਾਦੂ ਮਲ ਦੀ ਧਰਮਸਾਲਾ ਵਿਚ ਕੰਧਾਰ ਜਾ ਰਹੇ। ਸਿਖਾਂ ਨੇ ਬਹੁਤ ਸੇਵਾ ਕੀਤੀ। ੧੯੩੪ ਵਿਚ ਮੁੜ ਕੇ ਫਿਰ ਸਿੰਧ ਦੀ ਕਲਾਤ ਰਿਆਸਤ ਵਿਚ ਭਾਈ ਗੁਰਦਾਸ ਜੀ ਉਦਾਸੀ ਦੀ ਧਰਮ ਸਾਲ ਵਿਚ ਆ ਰਹੇ। ਇਥੋਂ ਮੁੜ ਸ਼ਿਕਾਰ ਪੁਰ ਜਿਥੋਂ ਰੇਲ ਰਾਹੀਂ, ਲੜਕਾਨਾ, ਰਾਧਾ ਪੁਰ, ਕੋਟਲ ਦਰਿਆ ਸਿੰਧ ਦੇ ਕੰਢੇ ਬੇਦੀ ਰਾਮ ਸਿੰਘ ਜੀ ਦੇ ਕੋਲ ਜਾ ਰਹੇ। ਹੈਦਰਾਬਾਦ ਆਦਿ, ਤੇ ਸ਼ਰਕ ਪੁਰ ਜਾਕੇ ਅਠਿ-ਆਰੇ ਲਾਲ ਦਾ ਮੇਲਾ ਜਾ ਡਿਠਾ। ਸਿੰਧ ਦੇ ਲੋਕ ਇਸ ਨੂੰ ਵਰਣ ਦੇਵਤਾ ਮੰਨਦੇ ਸਨ। ਠੱਠੇ ਨਿਹੰਗ ਲਾਜ ਦੇਵੀ ਦਾ ਮੰਦਰ ਪਰਸ ਕੇ, ਜਿਥੇ ਦੇਵੀ ਦੀ ਜੋਤ ਜਗਦੀ ਹੈ ਗਏ। ਯਾਤਰਾ ਦਾ ਆਰੰਭ ਇੰਞ ਹੁੰਦਾ ਹੈ। ਇਕ ਸਨਿਆਸੀ ਝੰਡਾ ਲੈ ਕੇ ਚਲਦਾ ਹੈ। ਝੰਡੇ ਵਾਲੇ ਪਿਛੇ ਯਾਤਰੀ ਊਠਾਂ ਤੇ ਚੜ੍ਹ ਜਾਂਦੇ ਨੇ। ਰਸਤੇ ਵਿਚ ਅੰਨ ਦਾਣਾ ਤੇ ਪਾਣੀ ਨਾ ਮਿਲਣ ਕਰਕੇ ਊਠਾਂ ਤੇ ਹੀ ਲੈ ਕੇ ਜਾਂਦੇ ਸਨ। ਡੇਢ ਸੌ ਕੋਹ ਜੰਗਲ ਪਾਰ ਕਰਕੇ, ਜੋਤ ਵੇਖੀ, ਹੰਸ ਕੁੰਡ ਸਰੋਵਰ ਵਿਚ ਸ਼ਨਾਨ ਕਰ ਮੁੜ ਆਏ। ਬਹੁਤ ਸਾਰੇ ਯਾਤਰੀ ਠਠੇ ਨੂੰ ਚਲੇ ਗਏ। ਗਿਆਨੀ ਜੀ ਕਰਾਚੀ ਵਿਚ ਜਮਨਾ ਦਾਸ ਦੀ ਧਰਮ ਸਾਲਾ ਜਾ ਕੁਝ ਦਿਨ ਕਰਾਚੀ ਦੀ ਸੈਰ ਕਰਕੇ ੧੦) ਸਟੀਮਰ ਦੇ ਦੇ ਕੇ ਮਸਕ ਮੰਡੀ, ਮਾਡੂ ਤਲੀ ਬੰਦਰ ਤੇ ਫੂਲ ਵਾਰੀ ਸੁਥਰੇ ਸ਼ਾਹ ਦੀ ਧਰਮ ਸਾਲਾ ਵਿਚ ਜਾ ਟਿਕੇ। ਕਾਠੀਆ ਵਾੜ, ਕਛ ਆਦਿ ਵਿਚ ਸੁਥਰੇ ਸ਼ਾਹ ਤੋਂ ਬਿਨਾ ਹੋਰ ਕੋਈ ਵੀ ਡੇਰੇ ਵਿਚ ਸ੍ਰੀ ਗੁਰੂ ਨਾਨਕ ਪੰਥੀ ਨਹੀਂ ਸੀ। ਉਥੋਂ ਦੇ ਲੋਕ ਹਰ ਇਕ ਸੁਥਰੇ ਸੰਤ ਨੂੰ "ਨਾਨਕ-ਸ਼ਾਹ"



Digitized by Panjab Digital Library | www.panjabdigilib.org

ਕਹਿਕੇ ਸਦਦੇ ਸਨ। ਸੁਥਰੇ ਪਰਦੇਸੀ ਨੂੰ ੧) ਤੇ ਰਸਤ ਦਿੰਦੇ ਸਨ ਪਰ ਹੋਰ ਦੂਜੇ ਸੰਤ ਨੂੰ ਤ੍ਰੈ ਦਿਨ ਨਿਵਾਸ ਤੇ ਰੋਟੀ ਦਿੰਦੇ। ਜਦ ਤ੍ਰੈ ਦਿਨ ਪਿਛੋਂ ਗਿਆਨੀ ਜੀ ਜਾਣ ਲਗੇ ਤਾਂ ਸੁਥਰੇ ਦੀ ਸੰਤਣੀ ਨੇ, ਜੋ ਬਨਾਰਸ ਦੀ ਬਾਹਮਣੀ ਸੀ,ਜਾਣ ਨਾ ਦਿਤਾ। (ਸੇਠ ਚਾਂਡੂ ਮਲ ਦੇ ਬਾਗ਼ ਵਿਚ ਸ਼ਾਮੀ ਹਰ ਰੋਜ਼ ਗਿਆਨ ਚਰਚਾ ਕਰਦੇ ਰਹੇ। ਸਾਰੇ ਸਿੰਧੀ ਦਲਾਲ, ਖਾਸ ਕਰਕੇ ਚਾਂਡੂ ਮਲ ਦਾ ਪੁਤਰ ਗਿਆਨੀ ਜੀ ਦਾ ਸੇਵਕ ਹੋ ਗਿਆ ਅਤੇ ਗਿਆਨੀ ਜੀ ਨੂੰ ਆਪਣੇ ਬਾਗ਼ ਵਿਚ ਹੀ ਠਹਿਰਾ ਲਿਆ। ਇਥੇ ਸੰਤ ਕੇਹਰ ਸਿੰਘ ਜੀ ਵੀ ਮਿਲ ਪਏ, ਜੋ ਵੇਦਾਂਤ ਦਾ ਕਾਫੀ ਜਾਣੂ ਸੀ, ਗਿਆਨੀ ਜੀ ਦੀ ਵਿਦਿਆ ਦਾ ਬਹੁਤ ਪ੍ਰਭਾਵ ਪਿਆ। ਮਥਰਾ ਪ੍ਰਸ਼ਾਦ ਨਾਮੀ ਸੇਠ ਬਹੁਤ ਸੇਵਾ ਕਰਦਾ ਸੀ। ਇਕ ਦਿਨ ਉਸ ਦਾ ਜਹਾਜ਼ ਕਣਕ ਤੇ ਬਾਜਰਾ ਲਦ ਕੇ ਜ਼ੰਜੀਬਾਰ ਨੂੰ ਜਾ ਰਿਹਾ ਸੀ, ਗਿਆਨੀ ਜੀ ਵੀ ਨਾਲ ਚਲ ਪਏ ਸਮੁੰਦਰ ਦੀ ਸੈਰ ਕਰਦੇ, ਜ਼ੰਜੀਬਾਰ ਪੁਜ ਗਏ। ਦੋ ਅਫਰੀਕਨ ਆਏ, ਜਿਨ੍ਹਾਂ ਦੇ ਜਿਸਮ ਤੇ ਤਾਂ ਵਾਲ ਹੈਗੇ ਹੀ ਸਨ ਪੁਰ ਬੁਲ੍ਹਾਂ ਤੇ ਵੀ ਸਨ। ਓਹ ਜਿਨਸ ਦਾ ਸੌਦਾ ਕਰਕੇ ਆਪਣੇ ਹਾਤੇ ਵਿਚ ਲੈ ਗਏ। ਅਰਬ ਦੇ ਸ਼ਾਹ ਦਾ ਇਕ ਅਫਸਰ ਉਥੇ ਰਹਿੰਦਾ ਸੀ। ਹੋਰ ਜਹਾਜ਼ ਵੀ ਸਨ। ਅਨਾਜ ਉਥੇ ਨਹੀਂ ਹੁੰਦਾ। ਸੌਦਾਗਰ ਅਨਾਜ ਲੈਕੇ, ਹਾਥੀ ਦੰਦ ਗੇਂਡੇ ਦੀ ਖੱਲ, ਦਾਖ,ਖਜੂਰ, ਗਰੀ, ਖੁਰ-ਮਾਨੀ ਛੁਹਾਰਾ ਆਦਿ ਲੈਂਦੇ ਸਨ।ਮਥਰਾ ਪ੍ਰਸਾਦ ਨੇ ਵੀ ਬਦਲੇ ਵਿਚ ਜਹਾਜ਼ ਭਰ ਲਿਆ ੧੩ਵੇਂ ਦਿਨ ਮੁੜ ਮਾਡਵੀ ਬੰਦਰ ਆ ਲਗਾ। ਮਥਰਾ ਪ੍ਰਸਾਦ ਦੇ ਮਾਂ ਪਿਉ ਬਹੁਤ ਪ੍ਰਸੰਨ ਹੋਏ, ਉਥੋਂ ਗਿਆਨੀ ਜੀ ਕੁਝ ਨਾਯਾਬ ਚੀਜ਼ਾਂ ਲਿਆਏ ਸਨ।

ਮਾਡਵੀ ਤੋਂ ਤੁਰਕੇ ਰਾਜ ਕੋਟ ਕਾਠੀਆ ਵਾੜ ਨਥੂ ਮਲ ਦੇ ਸ਼ਿਵਾਲੇ ਵਿਚ ਬੁਖਾਰ ਨਾਲ ਬੇਹੋਸ਼ ਹੋ ਕੇ ਪਏ ਰਹੇ। ਸਾਰਾ ਸਾਮਾਨ ਕੋਈ ਚੁਰਾਕੇ ਲੈ ਗਿਆ। ਸਿਰਫ਼ ਸੋਟੀਆਂ ਤੇ ਬੜਵਾ ਨਲ ਬਚ ਸਕੀ।

ਚਾਰ ਮਹੀਨੇ ਮਾਡਵੀ ਰਹਿਕੇ, ਮਥਰਾ ਪ੍ਰਸਾਦ ਦੀ ਮਦਦ ਨਾਲ ਨਾਰਾਇਨ ਸਰੋਵਰ ਏਕੇਸ਼ਵਰ ਮਹਾਂ ਦੇਵ, ਜੋਤੀ ਲਿੰਗ, ਝਾੜੀ ਧੂਣੀ ਆਦਿ ਦੇ ਦਰਸ਼ਨ ਕੀਤੇ

ਇਕ ਦਿਨ ਸੰਤ ਕਿਹਰ ਸਿੰਘ ਜੀ ਮਸਕਾ ਸ਼ਹਿਰ ਦੀ ਸੈਰ ਨੂੰ ਗਿਆਨੀ ਜੀ ਨੂੰ ਵੀ ਨਾਲ ਲੈ ਗਏ। ਜੋ ਮਾਡਵੀ ਤੋਂ ੪ ਕੋਹ ਤੇ ਸੀ। ਮੁੜਦਿਆਂ ਕੁਝ ਕਣਕ ਦਾ



Digitized by Panjab Digital Library | www.panjabdigilib.org

ਆਟਾ ਲੈ ਕੇ ਕਿਹਰ ਸਿੰਘ ਜੀ ਨੇ ਰੁਮਾਲ ਵਿਚ ਬੰਨ੍ਹ ਕੇ ਸਿਰ ਤੇ ਧਰ ਲਿਆ। ਇਤਫਾਕ ਇਸ ਦਿਨ ਧਰਨੀ ਧਰ ਦੀਆਂ ਝਾੜੀਆਂ ਵਿਚ ਸ਼ੇਰਨਿਕਲ ਕੇ ਕਛ-ਭੁਜ ਦੇ ਰਾਜਾ ਭਾਗਮਲ ਦੇ ਇਲਾਕੇ ਦਾ ਨੁਕਸਾਨ ਕਰ ਰਿਹਾ ਸੀ, ਜਿਸ ਦੇ ਮਾਰਨ ਲਈ ਰਾਜਾ ੫੦ ਸਵਾਰਾਂ ਨਾਲ ਹਾਥੀ ਤੇ ਨਿਕਲਿਆ ਸੀ ਪਰ ਸ਼ੇਰ ਨਾ ਮਾਰਿਆ ਗਿਆ। ਗਿਆਨੀ ਜੀ ਤੇ ਕਿਹਰ ਸਿੰਘ ਜੀ ਇਸੇ ਰਸਤੇ ਬੇਖਬਰ, ਬੇਧਿਆਨੇ ਆ ਰਹੇ ਸਨ। ਰਸਤੇ ਦੇ ਦੁਆਲੇ ਕੰਡਿਆਲੇ ਝਾੜ ਤੇ ਥੋਹਰ ਦੀ ਸੰਘਣੀ ਬਾੜ ਸੀ। ਅਚਾਨਕ ਸ਼ੇਰ ਨੇ ਕੋਲ ਆਕੇ ਉਛਲਕੇ ਕਿਹਰ ਸਿੰਘ ਦੇ ਸਿਰ ਤੇ ਦੋਵੇਂ ਪੰਜੇ ਮਾਰੇ। ਇਕ ਤੇ ਕੰਬਲ ਕਿਹਰ ਸਿੰਘ ਦੇ ਸਿਰ ਤੇ ਸੀ ਦੂਜਾ ਆਟਾ ਸੀ। ਸ਼ੇਰ ਦੇ ਨਹੁੰ ਕੰਬਲ ਵਿਚ ਫਸ ਗਏ ਇਸੇ ਅਰਸੇ ਵਿਚ ਹੌਸਲਾ ਕਰਕੇ ਕਿਹਰ ਸਿੰਘ ਨੇ ਆਟੇ ਵਾਲਾ ਕੰਬਲ ਸ਼ੇਰ ਦੇ ਮੂੰਹ ਵਿਚ ਤੁੰਨ ਦਿਤਾ। ਰੁਮਾਲ ਦੰਦਾਂ ਦੇ ਨਾਲ ਫਟ ਗਿਆ। ਮਹੀਨ ਮੈਦਾ ਸਾਹ ਨਾਲ ਸ਼ੇਰ ਦੇ ਮੂੰਹ ਵਿਚ ਫਸ ਕੇ ਦਿਮਾਗ ਨੂੰ ਚੜ੍ਹ ਗਿਆ। ਸਾਹ ਰੁਕ ਜਾਣ ਤੇ ਸ਼ੇਰ ਡਿਗ ਪਿਆ। ਕਿਹਰ ਸਿੰਘ ਨੇ ਝਟ ਆਪਣਾ ਕੰਬਲ ਸ਼ੇਰ ਤੇ ਸਟ ਦਿਤਾ ਅਤੇ ਮੁੜ ਦੋਵੇਂ ਸੋਟਿਆਂ ਨਾਲ ਸ਼ੇਰ ਨੂੰ ਕੁਟਣ ਲਗ ਪਏ। ਰਾਜਾ ਵੀ ਸ਼ਿਕਾਰੀਆਂ ਨਾਲ ਆ ਗਿਆ। ਤੜਫ ਰਹੇ ਸ਼ੇਰ ਨੇ ਦੋਹਾਂ ਸੰਤਾਂ ਨੂੰ ਬੁਰੀ ਤਰ੍ਹਾਂ ਜ਼ਖਮੀ ਕਰ ਦਿਤਾ ਸੀ। ਥਾਂ ਥਾਂ ਤੋਂ ਖੂੰਨ ਵਗ ਰਿਹਾ ਸੀ, ਰਾਜੇ ਨੇ ਹੈਰਾਨੀ ਨਾਲ ਹਾਥੀ ਤੋਂ ਕੁਦ ਕੇ ਸੰਭਾਲ, ਕੀਤੀ, ਸ਼ੇਰ ਗਡੀ ਵਿਚ ਤੇ ਦੋਹਾਂ ਸੰਤਾਂ ਨੂੰ ਹਾਥੀ ਤੇ ਸ਼ਹਿਰ ਨੂੰ ਲੈ ਤੁਰਿਆ। ਤਮਾਸ਼-ਬੀਨਾਂ ਦਾ ਇਕੱਠ ਹੋ ਗਿਆ।ਸਿਖ ਕੌਮ ਦੀ ਤਾਰੀਫ ਹੋਣ ਲਗੀ।ਲੋਕੀ ਕਹਿਣ ਕਿਉਂ ਨਾ ਹੋਵੇ, ਜਿਨ੍ਹਾਂ ਦੇ ਪੇਸ਼ਵਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਹਿਨ ਸ਼ਾਹ ਔਰਗਜ਼ੇਬ ਨੂੰ ਹਰਾ ਦਿਤਾ ਸੀ, ਉਨ੍ਹਾਂ ਦੀ ਉਮਰ ਦੇ ਦੋ ਬੰਦੇ ਇਕ ਸ਼ੇਰ ਵੀ ਨਾ ਮਾਰਦੇ। ਸ਼ੇਰ ਸ਼ਿਕਾਰੀ ਲੈ ਗਏ।ਦੋਹਾਂ ਨੂੰ ਹਸਪਤਾਲ ਪੁਚਾਇਆ।ਵੀਹ ਦਿਨਾਂ ਪਿਛੋਂ ਤੁਰਨ ਫਿਰਨ ਜੋਗੇ ਹੋਏ, ਰਾਗਾ ਭਾਗ ਮਲ ਨੇ ਬੜੀ ਸੇਵਾ ਕੀਤੀ, ੨੦੦) ਰੇਸ਼ਮੀ ਪੁਸ਼ਾਕ ਗਿਆਨੀ ਜੀ ਨੂੰ ਤੇ ੫੦੦) ਰੇਸ਼ਮੀ ਪੁਸ਼ਾਕ ਤੇ ਰਸਤਾਂ ਸੰਤ ਕਿਹਰ ਸਿੰਘ ਜੀ ਦੀਆਂ ਲਾਈਆਂ। ਗਿਆਨੀ ਜੀ ਨੂੰ ਇਥੇ ਟਿਕ ਜਾਨ ਲਈ ਬਹੁਤ ਜ਼ੋਰ ਦਿਤਾ ਗਿਆ ਪਰ ਆਪ ਨਾ ਮੰਨੇ।

## ਦੁਆਰਕਾ, ਗੋਮਤੀ, ਪੋਰ ਬੰਦਰ, ਸੁਦਾਮਾ ਪੁਰੀ ਦੀ ਯਾਤਰਾ

ਇਕ ਦਿਨ ਦੁਆਰਕਾ ਨੂੰ ਜਾ ਜਹਾਜ ਤੇ ਚੜ੍ਹ ਕੇ ਦੁਆਰਕਾ ਸਿੰਘ ਤਲਾਵੀ ਕੋਲ ਜਿਥੇ ਗੁਰੂ ਨਾਨਕ ਦਾ ਗੁਰਦੁਆਰਾ ਹੈ, ਪਰਮਾ ਨੰਦ ਉਦਾਸੀ ਸੰਤ ਕੋਲ ਜਾ



Digitized by Panjab Digital Library | www.panjabdigilib.org

ਟਿਕੇ । ਸ੍ਰੀ ਕ੍ਰਿਸ਼ਨ ਜੀ ਤੇ ਉਨ੍ਹਾਂ ਦੇ ਪੋਤਰੇ ਬਜਰ ਨਾਭ ਦੇ ਮਹਿਲ ਡਿਠੇ,ਉਹ ਕਿਲਾ ਵੀ ਡਿਠਾ ਜੋ ਜਰਾ ਸੰਧ ਨਾਲ ਯੁਧ ਕਰਨ ਲਈ ਭਗਵਾਨ ਨੇ ਬਣਵਾਇਆ ਸੀ । ਰਾਣੀ ਸਤਭਾਮਾ ਦੇ ਮਹਿਲ ਤੇ ਕਲਪ ਬ੍ਰਿਛ ਦੇ ਨਿਸ਼ਾਨ ਵੀ ਤਕੇ ।ਉਥੋਂ ਦੇ ਪੰਡਿਆਂ ਦੀ ਇਕ ਧੋਖਾ ਬਾਜ਼ੀ ਦਾ ਵੀ ਪਤਾ ਲਗਾ । ਉਥੇ ਕ੍ਰਿਸ਼ਨ ਜੀ ਨੂੰ ੩ ਵਾਰ ਭੋਗ ਲਵਾਇਆ ਜਾਂਦਾ ਹੈ। ਹਰ ਇਕ ਯਾਤਰੀ ਇਕ ਸਮੇਂ ਦੇ ਭੋਗ ਦਾ ਦਾਨ ਤਾਂ ਦਿੰਦਾ ਹੀ ਹੈ, ਬਹੁਤੇ ਤਿੰਨਾਂ ਸਮਿਆਂ ਦਾ ਹੀ ਦਿੰਦੇ ਨੇ।ਨਾਵਾਕਿਫ ਲੋਕਾਂ ਨੂੰ ਸ੍ਰੀ ਕ੍ਰਿਸ਼ਨ ਜੀ ਤੇ ਰੁਕਮਨੀ ਜੀ ਨੂੰ ਪਰਗਟ ਭੋਗ ਲੁਆਣ ਦੇ ਛਲ ਨਾਲ ਡਬਲ ਪੂਜਾ ਵੀ ਮਾਠ ਲੈਂਦੇ ਨੇ । ਮੂਰਤੀ ਦੇ ਹੇਠਾਂ ਸੁਰੰਗ ਬਣਾਈ ਹੋਈ ਸੀ, ਜਿਸ ਵਿਚ ਦੀ ਇਕ ਮੁੰਡਾ ਆਪਣਾ ਘਲ ਕੇ ਦੋਹਾਂ ਮੂਰਤੀਆਂ ਦੇ ਹਥ ਮੂੰਹ ਨੂੰ ਲਵਾਕੇ ਭੋਗ ਦੀ ਵਸਤ ਦਾ ਪਰਗਟ ਭੋਗ ਲੱਗਾ ਦਸਕੇ ਛਲ ਕਰਦੇ ਸਨ । ਇਹ ਚਲਾਕੀ ਤੇ ਸੁਰੰਗ ਦਾ ਪਤਾ ਕਰਕੇ ਗਿਆਨੀ ਜੀ ਨੇ ਲਾਲਾ ਲਖਸ਼ਮੀ ਰਾਮ ਗੌਰਮੈਂਟ ਵਕੀਲ ਰਾਜ ਗੜ੍ਹ ਨੂੰ ਦਸ ਦਿਤਾ, ਜਿਸ ਤੋਂ ਉਹ ਬੰਦ ਕਰ ਦਿਤੀ ਗਈ । ਉਥੋਂ ੩ ਕੋਹ ਗਾਟੜਾ ਸ਼ਹਿਰ ਹੈ । ਜਿਥੇ ਵੈਸ਼ਨਵ ਜਾਂ ਬੈਰਾਗੀ ਛਾਪਾ ਲੁਆਉਂਦੇ ਹਨ । ੧।) ਲੈਕੇ ਪੁਜਾਰੀ ਛਾਤੀ ਅਤੇ ਡੌਲੇ ਉਤੇ ਸੰਖ,ਗਦਾ, ਚਕ੍ਰ, ਪਦਮ, ਤਤਾ ਕਰਕੇ, ਲਾ ਦਿੰਦੇ ਨੇ, ਚਾਰ ਪੰਜ ਮਹੀਨੇ ਦੁਖ ਭਰ ਕੇ ਰਾਜ਼ੀ ਹੁੰਦਾ ਹੈ ਜੋ ਬੈਰਾਗੀ ਨਹੀਂ ਲੁਆਉਂਦਾ, ਉਸ ਨੂੰ ਹੋਰ ਬੈਰਾਗੀ ਪੰਗਤ ਵਿਚ ਨਹੀਂ ਬੈਠਣ ਦਿੰਦੇ । ਗੁਮਤੀ ਦੁਆਰਕਾ ਵੀ ਡਿਠੀ । ਉਥੇ ਪੰਡੇ ਹਰ ਇਕ ਯਾਤਰੀ, (ਸਾਧੂ ਤੋਂ ਬਿਨਾਂ) ੫) ਲੈ ਕੇ ਅੰਦਰ ਜਾਣ ਦਿੰਦੇ ਨੇ ।

ਗਿਆਨੀ ਜੀ, ਸੰਕ੍ਰਾਚਾਰਯ ਜੀ ਸਾਰਦਾ ਦੇ ਮਠ ਵਿਚ ਠਹਿਰੇ ਹੋਏ, ਸਨ, ਜਿਥੇ ਨਾਗੇ ਬੈਰਾਗੀਆਂ ਦੀ ਜਮਾਤ ਵੀ ਉਤਰੀ ਹੋਈ ਸੀ । ਉਨ੍ਹਾਂ ਨਾਲ ਇਕ ਉਦਾਸੀ ਨਾਗਾ ਸੰਤ ਸੀ, ਉਹ ਗਿਆਨੀ ਜੀ ਤੋਂ ਜਪੁਜੀ ਯਾਦ ਕਰਨ ਲਗ ਪਿਆ । ਅਸੰਖ ਮੂਰਖ ਅੰਧ ਘੋਰ, ਅਸੰਖ ਚੋਰ ਹਰਾਮ ਖੋਰ ਵਾਲੀ ਪਉੜੀ ਪੜ੍ਹੀ ਤਾਂ ਮੂਰਖ ਬੈਰਾਗੀ ਮਾਰਨ ਨੂੰ ਤਿਆਰ ਹੋ ਗਏ ਕਿ—ਤੂੰ ਬੈਰਾਗੀ ਹੋ ਕੇ ਸਾਡੇ ਸੰਖ ਭਗਵਾਨ ਨੂੰ ਗਾਲਾਂ ਦਿੰਦਾ ਹੈ, ਉਸ ਨੇ ਉਨ੍ਹਾਂ ਨੂੰ ਟਾਲ ਕੇ ਗਿਆਨੀ ਜੀ ਕੋਲ ਭੇਜ ਦਿਤਾ ਕਿ— ਮੈਂ ਤੇ ਇਸ ਨਿਰਮਲੇ ਸੰਤ ਤੋਂ ਜਪੁ ਪਾਠ ਯਾਦ ਕਰਦਾ ਹਾਂ, ਉਹ ਉਜੱਡ ਗਿਆਨੀ ਜੀ ਕੋਲ ਆਕੇ ਕਹਿਣ ਲਗੇ ਕਿ—"ਅਬਓ ਤੁਮਾਰੀ ਨਿਰਮਲੀ ਕੀ ਐਸੀ ਤੈਸੀ ਤੂੰ



Digitized by Panjab Digital Library | www.panjabdigilib.org

ਹਮਾਰੇ ਸੰਖ ਭਗਵਾਨ ਕੋ ਗਾਰੀ ਦਿਲਵਾਤਾ ਹੈ—" ਉਨ੍ਹਾਂ ਨੂੰ ਬਹੁਤ ਸਮਝਾਇਆ। ਉਹ ਭੰਗ ਤੇ ਗਾਂਜੇ ਦੇ ਨਸ਼ੇ ਵਿਚ ਮਾਰਨ ਨੂੰ ਤਿਆਰ ਹੋ ਗਏ। ਬਹੁਤ ਸਮਝਾਇਆ ਅੰਤ ਜਦ ਨਾ ਮੰਨੇ ਤਾਂ ਵਕਤ ਦਾ ਤਕਾਜ਼ਾ ਵੇਖ ਉਨ੍ਹਾਂ ਦੇ ਮਹੰਤ ਕੋਲੋਂ ਮਾਫੀ ਮੰਗੀ— ਨਾਲ ਹੀ ਇਕ ਬੰਦਾ ਸ੍ਰੀ ਜਗਤ ਗੁਰੂ ਸ਼ੰਕ੍ਰਾ ਚਾਰਯ ਕੋਲ ਭੇਜ ਕੇ ਖਬਰ ਕਰ ਘਲੀ। ਉਨ੍ਹਾਂ ਉਥੇ ਦੇ ਮੈਜਿਸਟ੍ਰੇਟ ਹਰਦੇਵ ਦਾਸ ਨੂੰ ਖਬਰ ਕਰ ਦਿਤੀ। ਇਹ ਮੈਜਿਸਟਰੇਟ ਬੜੋਦਾ ਨਰੇਸ਼ ਵਲੋਂ ਸੀ। ਉਸਨੇ ਉਨ੍ਹਾਂ ਬੈਰਾਗੀਆਂ ਉਤੇ ਮੁਕਦਮਾ ਚਲਾਣਾ ਚਾਹਿਆ ਪਰ ਗਿਆਨੀ ਜੀ ਨ ਮੰਨੇ। ਮੈਜਿਸਟ੍ਰੇਟ ਹਰਦੇਵ ਦਾਸ ਨੇ ਗਿਆਨੀ ਜੀ ਲਈ ਬੈਲ ਗਡੀ ਬਗਾਰ ਵਿਚ ਫੜ ਦਿਤੀ ਜੋ ਪਿੰਡ-ਪਿੰਡ ਚਲਦੀ ਰਹੀ। ਸੰਘੇਰੇ ਨਗਰ ਦਾ ਮਹੰਤ ਪੰਜਾਬੀ ਸੀ, ਉਸ ਮਹੰਤੀ ਦੇਣ ਲਈ ਜ਼ੋਰ ਲਾਇਆ ਪਰ ਆਪ ਪੰਚ ਤੀਰਥ ਤੇ ਆ ਗਏ। ਹੋਰ ਕੇਸਵਰ, ਮਹਾਂਦੇਵ ਮੰਦਰ ਦੇ ਪੁਜਾਰੀ ਪੰਡਤ ਨਾਲ ਮੂਰਤੀ ਪੂਜਾ ਤੇ ਬਹਿਸ ਚਲ ਪਈ। ਅੰਤ ਉਸ ਨੂੰ ਮੰਨਣਾ ਪਿਆ ਕਿ ਮੂਰਤੀ ਪੂਜਾ ਘਟੀਆ ਜਿਹੀ ਉਪਾਸਨਾ ਹੀ ਹੈ, ਉਤਮ ਉਪਾਸਨਾ "ਦ੍ਰਿਸ਼ਟਾ-ਦ੍ਰਿਸ਼ਟ ਭਾਵ ਨਾਮਨਾਮੀ ਨੂੰ ਇਕ ਰੂਪ ਮੰਨਣਾ ਹੈ।" ਬਾਮ ਮਾਰਗ ਪਾਤੰਜਲ ਮਤ ਅਨੁਸਾਰ ਹਠ ਯੋਗ ਦੀ ਉਪਾਸਨਾ ਵੀ ਘਟੀਆ ਹੀ ਹੈ, ਜਿਸ ਵਿਚ ਲਾਭ ਘਟ, ਤਕਲੀਫ ਬਹੁਤੀ ਹੈ। ਇਸੇ ਕਰਕੇ ਗੁਰਮਤ ਵਿਚ ਨਾਮ ਨਾਮੀ ਦੀ ਅਭੇਦਤਾ ਹੀ ਉਤਮ ਉਪਾਸ਼ਨਾ ਮੰਨੀ ਗਈ ਹੈ। ਉਥੋਂ ਦਾ ਰਈਸ ਬਹੁਤ ਖੁਸ਼ ਹੋਇਆ। ਰੇਸ਼ਮੀ ਧੋਤੀ ਤੇ ੧੧) ਭੇਟ ਮਿਲੀ ਜਿਥੋਂ ਸੁਚਮਾਂ ਭਗਤ ਦੀ ਧਰਮ ਸਾਲਾ ਪੋਰ ਬੰਦਰ ਬੀਰ ਘਾਟ ਜੋ ਬੀਰ ਸਿੰਘ ਰਾਜਪੂਤਾਨੇ ਸਮੁੰਦਰ ਸਨਾਨ ਲਈ ਧਰਮ ਅਰਥ ਬਣਵਾਇਆ ਸੀ ਵੇਖ ੪ ਦਿਨ ਰਹਿ ਕੇ ਜੂਨਾ ਗੜ੍ਹ ਜਾ ਪੁਜੇ। ਨਵਾਬ ਦੀ ਗੰਦੀ ਸਰਾਂ ਵਿਚ ਡੇਰਾ ਮਿਲਿਆ, ਜਿਸ ਵਿਚ ਘੁੰਮਿਆਰ ਗਦੋਂ ਲੈ ਕੇ ਆ ਗਏ। ਰਾਤੀਂ ਸ਼ੇਰ ਆ ਪਿਆ ਜਿਸ ਇਕ ਗਧਾ ਸ਼ਿਕਾਰ ਕੀਤਾ। ਰਾਮ ਜੀ ਦਾਸ ਸੁਥਰੇ ਸੰਤ ਨੇ ਉਥੋਂ ਦੇ ਮਖਣ ਸ਼ਾਹ ਸੁਥਰੇ ਨਾਲ ਮੁਲਾਕਾਤ ਕਰਾਈ। ਉਥੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਪਾਦਕਾ ਤੇ ਝੰਡੇ ਦੀ ਪੂਜਾ ਹੁੰਦੀ ਹੈ। ਹਰਨੀ ਤੀਰਥ ਵੀ ਡਿਠਾ ਜਿਥੇ ਹਰਨੀ ਨੂੰ ਮਾਰਨ ਲਈ ਬਧਕ ਨੇ ਬਹੁਤ ਪ੍ਰਬੰਧ ਕੀਤੇ ਸਨ ਪਰ ਹਰਨੀ ਨਾ ਮਰੀ ਤੇ ਬਧਕ ਆਪ ਹੀ ਚਲ ਵਸਿਆ। ਇਥੋਂ ੨੦-੨੪ ਮੀਲ ਦੀ ਚੜ੍ਹਾਈ ਤੇ ਗਿਰਨਾਰ ਪਰਵਤ ਹੈ, ਉਹ ਜਾ ਡਿਠਾ। ਇਥੋਂ ਸੋਰਠ ਰਾਣੀ ਤੇ ਮਹਿਤਾ ਬੀਜਾ



Digitized by Panjab Digital Library | www.panjabdigilib.org

ਦਾ ਸਥਾਨ ਵੇਖਿਆ । ਇਕ ਅਯੁਧਿਆ ਵਾਸੀ ਹਨੂਮਾਨ ਸਰੂਪ ਸੰਤ ਨੇ ੯ ਦਿਨਾਂ ਵਿਚ ਸਾਰੇ ਗਿਰਿਨਾਰ ਦੇ ਸਥਾਨ, ਜਿਨ੍ਹਾਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਪਾਦਕਾ ਵੀ ਹੈ, ਵਿਖਾ ਦਿਤੇ ।

## ਅਘੋਰੀ ਸੰਤਾਂ ਨਾਲ ਮੁਲਾਕਾਤ

ਗਿਆਨੀ ਜੀ ਨੇ ਦੋ ਅਘੋਰ ਸੰਤ ਡਿਠੇ, ਜਿਨ੍ਹਾਂ ਕੋਲੋਂ ਬਹੁਤ ਬਦਬੂ ਆਉਂਦੀ ਸੀ । ਇਹ ਬਹੁਤ ਹੀ ਗੰਦੇ ਨਾਪਾਕ ਤੇ ਮਨੁਖ ਮਾਰ ਕੇ ਖਾ ਜਾਣ ਵਾਲੇ ਸਨ । ਗਿਆਨੀ ਜੀ ਇਨ੍ਹਾਂ ਨਾਲ ਵਾਰਤਾ ਲਾਪ ਕਰਨਾ ਚਾਹੁੰਦੇ ਸਨ ਪਰ ਉਨ੍ਹਾਂ ਉਸ ਤਪੱਸਵੀ ਬ੍ਰਹਮਚਾਰੀ ਸੰਤ ਨੂੰ ਸਮਝਾ ਦਿਤਾ ਕਿ ਜੇ ਇਹ ਪੰਜਾਬੀ ਫਕੀਰ ਕੁਝ ਦਰਿਆਫ਼ਤ ਕਰਨਾ ਚਾਹੁੰਦਾ ਹੈ, ਤਾਂ ਪ੍ਰਭਾਸ ਤੀਰਥ ਤੇ ਜਾ ਕੇ , ਉਥੇ ਸਾਡੇ ਅਚਾਰਯ ਜੀ, ਅਘੋਰੀ ਸੰਤ ਹਨ, ਉਨ੍ਹਾਂ ਨਾਲ ਗੱਲ ਬਾਤ ਕਰ ਲਏ । ਇਸ ਥਾਂ ਜੰਗਲੀ ਕੇਲਾ, ਕੰਦ ਮੂਲ, ਲੀਚੀ, ਸੀਤਾ ਫਲ ਵਗੈਰਾ ਫਲ ਆਮ ਸਨ । ਦੋ ਸਦਾ ਵਰਤ ਵੀ ਸਨ । ਰੋਟੀ, ਬਾਜਰਾ, ਦਾਲ ਚਾਵਲ, ਇਕ ਵੇਲੇ ਮਿਲ ਜਾਂਦੇ ਸਨ । ਜੰਗਲ ਵਿਚ ਗਊ, ਸ਼ੇਰ, ਹਰਨ, ਚਿਤਰਾ, ਬੰਦਰ ਆਮ ਸਨ । ਯਾਰਾਂ ਦਿਨ ਰਹਿ ਕੇ ਗਿਆਨੀ ਜੀ ਜੂਨਾ ਗੜ੍ਹ ਆ ਗਏ,ਜਿਥੇ ਵਾਇਸ ਰਾਇ ਨੇ ਆਉਣਾ ਸੀ । ਬਜ਼ਾਰਾਂ ਵਿਚ ਦਰਵਾਜ਼ੇ ਬਣਾ ਕੇ ਬਾਜ਼ਾਰ ਖੂਬ ਸਜਾਏ ਹੋਏ ਸਨ । ਇਥੇ ਚਿੜੀਆ ਘਰ ਬਹੁਤ ਅਜੀਬ ਸੀ । ਇਸ ਵਿਚ ਬਨ-ਮਾਣਸ ਵੀ ਸਨ । ਨਵਾਬ ਜੂਨਾ ਗੜ੍ਹ ਦੇ ਦੀਵਾਨ, ਨਰ ਸਿੰਘ ਨਾਗਰ ਨੇ ਗਿਆਨੀ ਜੀ ਦੀ ਰਸਤ ਲਾ ਦਿਤੀ ਪਰ ਗਿਆਨੀ ਜੀ ਅਘੋਰੀ ਸੰਤ ਦੇ ਦਰਸ਼ਨ ਲਈ ਜਿਸ ਦਾ ਨਿਸ਼ਾਨ ਪਤਾ, ਗਿਰਨਾਰ ਵਾਲੇ ਅਘੋਰੀਆਂ ਦਿਤਾ ਸੀ, ਸਭ ਕੁਝ ਛਡ ਛਡਾ ਉਠ ਤੁਰੇ । ਇਕ ਰਤਨ ਗਿਰੀ ਸੰਤ ਹੋਰ ਵੀ ਨਾਲ ਹੋ ਲਿਆ । ਰਸਤੇ ਵਿਚ ਕੋਈ ਵੀ ਬੰਦਾ ਨਜ਼ਰ ਨਾ ਆਇਆ । ਜਿਥੇ ਅੰਨ੍ਹੇਰਾ ਹੋਇਆ, ਸੱਤੂ, ਭਜੀਆ, ਖਾ ਪਾਣੀ ਪੀ ਅਗ ਜਾਲ ਕੇ ਰਾਤ ਕਟੀ, ਸਵੇਰੇ ਫਿਰ ਉਠ ਤੁਰੇ । ਕਿਤੇ ਸਮੁੰਦਰ ਦੂਰ ਹੋ ਜਾਂਦਾ ਕਿਤੇ ਨੇੜੇ । ਸਿਪ, ਕਉਡੀਆਂ ਬਹੁਤ ਪਈਆਂ ਸਨ । ਵਾਪਾਰੀ ਸੌਦਾਗਰ ਇਕੱਠੇ ਕਰਕੇ ਵੇਚ ਦਿੰਦੇ ਹਨ, ਜਿਨ੍ਹਾਂ ਦਾ ਚੂਨਾ ਸਾੜ ਕੇ ਬਣਾਇਆ ਜਾਂਦਾ ਹੈ । ਰਸਤੇ ਵਿਚ ਕੁਝ ਬਨ ਮਾਨਸ ਵੀ ਡਿਠੇ । ਰਤਨ ਗਿਰੀ ਉਨ੍ਹਾਂ ਦੀ ਜ਼ਬਾਨ ਜਾਣਦਾ ਸੀ। ਅਘੋਰੀ ਸੰਤ ਦਾ ਪਤਾ ਪੁਛਿਆ । ਉਨ੍ਹਾਂ ਸਭੋ ਕੁਝ ਦਸ ਦਿਤਾ । ਰਾਤ ਉਨ੍ਹਾਂ ਕੋਲ ਕਟੀ । ਸਵੇਰ



Digitized by Panjab Digital Library | www.panjabdigilib.org

ਓਨ੍ਹਾਂ ਵਿਚੋਂ ਇਕ ਨੂੰ ਨਾਲ ਲੈ ਲਿਆ, ਜੋ ਅਘੋਰੀ ਗੁਫਾ ਵਿਖਾਲ ਕੇ ਮੁੜ ਆਇਆ। ਗਿਆਨੀ ਜੀ ਬੈਠ ਗਏ। ਬਿਲ ਅਗ ਵਿਚ ਭੁੰਨ ਕੇ, ਤੇ ਛੋਲੇ ਚਬ ਕੇ ਖਾਧੇ। ਅਘੋਰੀ ਗੁਫਾ ਕਾਫੀ ਲੰਮੀ ਚੌੜੀ ਸੀ, ਜਿਸ ਦੇ ਬੂਹੇ ਤੇ ਇਕ ਵੱਡੀ ਸਿਲ ਖਲੋਤੀ ਸੀ। ਅਘੋਰੀ ਸੰਤ, ਇਕ ਮੁਰਦਾ ਗੋਹ ਜਾਂ ਨਿਉਲ ਜਿਹੇ ਦਾ ਚਾਬਕ ਫੜੀ ਫਿਰਦਾ ਦਿਸਿਆ। ਓਸਦਾ ਲੰਮਾ ਕਦ, ਅਸਲੋਂ ਨੰਗਾ ਜਿਸਮ, ਅਖਾਂ ਲਾਲ ਤੇ ਡਰਾਉਣੀਆਂ। ਦਾੜੀ ਤੇ ਸਿਰ ਦੇ ਵਾਲ ਜਟਾਂ ਬਣੇ ਹੋਏ, ਵੇਖ ਡਰ ਲਗਦਾ ਸੀ। ਜਿਸਮ ਬਹੁਤ ਮਜ਼ਬੂਤ ਸੀ, ਪਰ ਇੰਦਰੀ ਦੁਧ ਚੁੰਘਦੇ ਬਚੇ ਜਿਡੀ ਮਸਾਂ ਹੀ ਸੀ। ਵੇਖਦਿਆਂ ਹੀ ਪਹਿਲਾਂ ਤੇ ਗਿਆਨੀ ਜੀ ਡਰ ਗਏ। ਫਿਰ ਹੌਸਲਾ ਕਰਕੇ ਖਲੋਤੇ ਰਹੇ ਅਤੇ ਹਥ ਜੋੜ ਨਮਸ਼ਕਾਰ ਕੀਤੀ। ਉਸ ਕਾਠੀ ਭਾਸ਼ਾ ਵਿਚ ਪੁਛਿਆ, "ਤੁਸੀਂ ਕਉਣ ਹੋ ? ਕਿਉਂ ਆਏ ਹੋ ?"

ਰਤਨਗਿਰੀ ਕਿਹਾ—"ਅਸੀਂ ਸਾਧੂ ਹਾਂ ਤੇ ਤੁਹਾਡੇ ਦਰਸ਼ਨ ਲਈ ਆਏ ਹਾਂ।"

ਇਹ ਸੁਣ ਸਾਧੂ ਗੁਫਾ ਅੰਦਰ ਚਲਿਆ ਗਿਆ। ਕੁਝ ਚਿਰ ਮਗਰੋਂ ਕੰਦ ਮੂਲ ਲੈ ਕੇ ਮੁੜ ਆਇਆ। ਉਸ ਨੂੰ ਧੂਣੀ ਵਿਚ ਰਖ ਫਿਰ ਅੰਦਰ ਚਲਿਆ ਗਿਆ। ਕੁਝ ਚਿਰ ਮਗਰੋਂ ਚੌੜੇ ਪਤਰ ਲੈ ਕੇ ਮੁੜਿਆ, ਕੰਦ ਮੂਲ ਕਢ ਕੇ, ਚੀਰ ਕੇ ਪਤਿਆਂ ਤੇ ਰਖ ਕੇ ਦਿਤਾ। ਚਕੋਂਦਰੇ ਤੇ ਸੰਤਰੇ ਜਿਹਾ ਸੁਆਦ ਸੀ। ਗਿਆਨੀ ਜੀ ਨੇ ਖਾਧਾ ਤੇ ਅਘੋਰੀ ਵੀ ਖਾਧਾ। ਫਿਰ ਧੂਣੇ ਤੇ ਚੌਲ ਰਿੰਨ੍ਹ ਕੇ ਖੁਆਏ। ਇਸ ਅਰਸੇ ਵਿਚ ਅਘੋਰੀ ਸੰਤ ਕਾਫੀ ਨਰਮ ਸੀ। ਰਤਨ ਗਿਰੀ ਨੇ ਕਿਹਾ ਕਿ—"ਆਪ ਨੇ ਅਘੋਰ ਮਾਰਗ ਕਿਉਂ ਇਖਤਿਆਰ ਕੀਤਾ ਹੈ ? ਆਪ ਜੀ ਦੀ ਉਮਰ ਕਿਨੀ ਹੈ ਅਤੇ ਏਥੇ ਕਦ ਤੋਂ ਰਹਿ ਰਹੇ ਹੋ ? ਕਿਹੜੇ ਦੇਸ਼ ਦੇ ਜੰਮ ਪਲ ਹੋ—" ਆਦਿ।

ਸੰਤ ਨੇ ਬੜੇ ਠਰੰਮੇ ਤੇ ਧੀਰਜ ਨਾਲ ਜਵਾਬ ਦਿੰਦਿਆਂ ਕਿਹਾ ਕਿ "ਇਹ ਮਾਰਗ ਕਰਾਮਾਤ ਨਾਲ ਭਰਪੂਰ ਹੈ। ਉਮਰ ਕੋਈ ੨੦੦ ਸਾਲ ਦੇ ਲਗ ਪਗ ਹੈ। ਬਹੁਤ ਚਿਰ ਹੋਇਆ ਕਿ ਅਸੀਂ ਕਛ ਤੋਂ ਏਥੇ ਆ ਕੇ ਰਹੇ ਸਾਂ।"

ਗਿਆਨੀ ਜੀ ਨੇ ਕਿਹਾ ਕਿ—"ਤੁਹਾਨੂੰ ਪੂਰੇ ਸਤਿਗੁਰ ਦਾ ਪਰਾਪਤੀ ਨਾ ਹੋਣ ਕਰ ਕੇ ਇਕ ਡੁਲ੍ਹਿਆ ਤੇ ਸੁਜਾ ਜਿਹਾ ਜੀਵਨ ਜੀ ਰਹੇ ਹੋ। ਉਮਰ ਵਡੀ ਹੋ ਗਈ ਤਾਂ ਕੀ ਹੋਇਆ, ਰੁੱਖ ਪਰਬਤ, ਜੜ੍ਹ ਪਦਾਰਥ ਬਹੁਤ ਚਿਰ ਸਥਾਵੀ ਰਹਿੰਦੇ ਨੇ।" ਫਿਰ ਸਵਾਲ ਕੀਤਾ ਕਿ :—



Digitized by Panjab Digital Library | www.panjabdigilib.org

"ਆਪ ਕਿਸ ਦੇ ਉਪਾਸ਼ਕ ਹੋ ?"

"ਖਾਨ ਪੀਨ ਦਾ ਕੋਈ ਕਾਇਦਾ ਹੈ ਕਿ ਨਹੀਂ ?"

"ਕੋਈ ਕਾਇਦਾ ਕਾਨੂੰਨ ਨਹੀਂ, ਮੁਰਦਾ ਪਿੰਜਰ, ਟੁਟਿਆ ਫਲ ਵਰਤਨ ਦਾ ਸਾਨੂੰ ਕੁਦਰਤ ਵਲੋਂ ਹੱਕ ਹਾਸਿਲ ਹੈ।"

"ਰਬ ਦੀ ਭਗਤੀ ਕਰਕੇ ਮੁਕਤੀ ਦੇ ਅਧਿਕਾਰੀ ਕਿਉਂ ਨਹੀਂ ਬਣਦੇ ?"

"ਅਘੋਰ ਮੰਤਰ ਨਾਲੋਂ ਵਡਾ ਮੁਕਤੀ ਫਲ ਪਰਦਾਤਾ ਹੋਰ ਕੋਈ ਹੋ ਹੀ ਨਹੀਂ ਸਕਦਾ, ਮਰਨ ਜੰਮਣ ਤੇ ਸਾਡਾ ਕਾਬੂ ਹੈ, ਜਦ ਜੀ ਚਾਹੇ ਚੋਲਾ ਬਦਲ ਸਕਦੇ ਹਾਂ।"

"ਸੰਤ ਜੀ ਮਹਾਰਾਜ, ਆਪ ਜੀ ਜਿਹੇ ਵਿਚਾਰ ਸ਼ੀਲ ਮਹਾਨ ਆਤਮਾ ਲਈ ਸਤ-ਸੰਗ ਕਰ ਕੇ ਪਰਮ ਪਦ ਹਾਸਲ ਕਰਨਾ ਹੀ ਲਾਜ਼ਮੀ ਹੋ ਜਾਂਦਾ ਹੈ, ਇੰਝ ਆਪ ਮਾਨਵ ਜੀਵਨ ਕਿਉਂ ਬਰਬਾਦ ਕਰ ਰਹੇ ਹੋ ?

"ਸਾਡੇ ਗੁਰਦੇਵ ਦਾ ਅਘੋਰ ਮੰਤਰ ਬਹੁਤ ਮਹਾਨ ਹੈ। ਇਸ ਦੀ ਸ਼ਕਤੀ ਨਾਲ ਸਾਡੇ ਗੁਰਦੇਵ ਮੁਰਦੇ ਨੂੰ ਜ਼ਿੰਦਾ ਕਰ ਕੇ ਖਾ ਜਾਂਦੇ ਹਨ"

ਇਹ ਗਲਾਂ ਕਰਕੇ ਅਘੋਰੀ ਸੰਤ ਆਪਣੀ ਗੁਫਾ ਵਿਚ ਜਾ ਵੜੇ ਤੇ ਮੁੜ ਨਾ ਨਿਕਲੇ। ਇਸ ਪਿਛੋਂ ਗਿਆਨੀ ਜੀ ਵਿਚਰਦੇ ਫਿਰਦੇ, ਤੁਰਦੇ, ਮੁੜ ਪੰਜਾਬ, ਲੋਂਗੋਵਾਲ ਆ ਗਏ।

## ਤਵਾਰੀਖ ਗੁਰੂ ਖਾਲਸਾ ਦੀ ਰਚਨਾ

## ਤੇ

## ਪ੍ਰਕਾਸ਼ਨ

ਪੰਜਾਬ ਵਿਚ ਰਹਿੰਦਿਆਂ ਸ੍ਰੀ ਮਾਨ ਗਿਆਨੀ ਗਿਆਨ ਸਿੰਘ ਜੀ ਇਕ ਥਾਂ ਟਿਕ ਕੇ ਨਹੀਂ ਬੈਠੇ, ਸਗੋਂ ੧੫—੧੬ ਸਾਲ ਘੁਮੱਕੜ ਹਾਲਤ ਵਿਚ ਵਿਚਰਦੇ ਹੀ ਰਹੇ ਪਰ ਇਹ ਫਿਰਨਾ ਉਨ੍ਹਾਂਦਾ ਨਿਰਉਦੇਸ਼ ਨਹੀਂ ਸੀ, ਓਹ ਜਾਂ ਤੇ ਤਵਾਰੀਖ ਲਿਖਣ ਦਾ ਮਸਾਲਾ ਸੰਗ੍ਰਿਹਿ ਕਰਦੇ ਸਨ, ਜਾਂ ਉਹਨਾਂ ਲੋਕਾਂ ਦਾ ਸਤਿ-ਸੰਗ ਕਰਦੇ ਸਨ, ਜਿਨ੍ਹਾਂ ਨੇ ਸਿਖ ਪੰਥ ਦੇ ਕਿਸੇ ਕਾਲ ਨੂੰ ਨੇੜਿਉਂ ਹੋ ਕੇ ਡਿਠਾ ਸੀ। ਇਸ ਦਾ ਵਰਨਣ ਓਨ੍ਹਾਂ ਨੇ ਆਪਣੀ ਤਵਾਰੀਖ ਗੁਰੂ ਖਾਲਸਾ ਵਿਚ ਕਰਦਿਆਂ ਲਿਖਿਆ ਹੈ—



Digitized by Panjab Digital Library | www.panjabdigilib.org

"ਇਸ ਦਾਸ ਨੇ ੧੫ ਜਾਂ ੧੬ ਬਰਸ ਦੇਸ ਦੇਸ ਵਿਚ ਫਿਰ ਫਿਰ ਕਰ ਬਡੀ-ਬਡੀ ਉਮਰ ਦੇ ਲੋਕਾਂ ਪਾਸੋਂ ਪੁਛ ਪੁਛ ਕੇ ਸਾਖੀਆਂ ਲਿਖੀਆਂ ਹਨ, ਤੇ ਆਪਣੇ ਪੜ ਪਿਤਾਮਾ ਨਿਗਾਹੀਆਂ ਸਿੰਘ ਤੇ ਪਿਤਾਮਾ, ਰੁਘ ਸਿੰਘ, ਬਖਤਾ ਸਿੰਘ, ਆਦਿਕ ਜੋ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚਰਨਾਂ ਵਿਚ ਤੇ ਬਾਬੇ ਬੰਦੇ ਬਹਾਦੁਰ ਨਾਲ ਜੁਧ ਜੰਗਾਂ ਵਿਚ ਰਹੇ ਸੀ, ਫਿਰ ਥਰਾਜ ਸਿੰਘ ਮਰਾੜ ਸਿੰਘ, ਨਵਾਬ ਕਪੂਰ ਸਿੰਘ· ਜੀ ਦੇ ਡੇਰੇ ਨਾਲ ਲਸ਼ਕਰ ਖਾਲਸੇ ਵਿਚ ਤੇ ਰੁਘ ਸਿੰਘ ਬਖ਼ਤਾ ਸਿੰਘ ਮਹਾਰਾਜੇ ਆਲਾ ਸਿੰਘ ਅਮਰ ਸਿੰਘ ਦੇ ਨਾਲ ਰਹਿੰਦੇ ਸੀ, ਬਹੁਤ ਸਾਖੀਆਂ ਉਨ੍ਹਾਂ ਦੀਆਂ ਲਿਖੀਆਂ ਹੋਈਆਂ ਤੇ ਕੁਝ ਆਪਣੀ ਦਾਦੀ ਸਾਹਿਬਾ ਤੋਂ ਸੁਣ ਕੇ ਇਸ ਪੋਥੀ ਵਿਚ ਰਖੀਆਂ ਹਨ—ਪੀਰੋ ਲੁਹਾਰੀ*੧੧੭ ਬਰਸਦੀ ਜੋ ਮੋੜ ਪਿੰਡ ਮਾਲਵੇ ਦੇਸ ਮੈਂ ਸੰ: ੧੯੩੯ ਨੂੰ ਜੀਊਂਦੀ,ਤਨ ਅਰੋਗ ਦੇਖੀ ਸੀ ਤੇ ਦੂਸਰਾ ਸਾਂਹਸੀ ਜੋ ਰਤੋ ਕੇ ਪਿੰਡ ਮਾਝੇ ਦੇਸ ਮੈਂ ੧੨੬ ਬਰਸਦਾ ਮਸ਼ਹੂਰ ਸੀ,ਤੀਸਰਾ ਭਾਈ ਮੁਕਤਾ ਸਿੰਘ ਨਿਹੰਗ ਕੌਲ ਸਰ ਦੇ ਕਿਨਾਰੇ ਸ੍ਰੀ ਅੰਮ੍ਰਿਤਸਰ ਜੀ ਮੈਂ ੧੩੪ ਬਰਸ ਦੀ ਉਮਰ ਭੋਗ ਕੇ ਸੰ: ੧੯੪੧ ਨੂੰ ਗੁਜ਼ਰਿਆ ਹੈ, ਚੌਥਾ ਭਾਈ ਮੋਹਰ ਸਿੰਘ ਕਟਈ ਬਵੇਕਸਰ ਦੇ ਕਨਾਰੇ ਸ੍ਰੀ ਅੰਮ੍ਰਿਤਸਰ ਵਿਚ ਯੋਗੀ ਰਾਜ ੧੪੨ ਸਾਲ ਦੀ ਉਮਰ ਪਾਇ ਕੇ ਸੰ: ੧੯੧੧ ਵਿਚ ਚੋਲਾ ਛਡ ਗਿਆ, ਪੰਜਵਾਂ ਭਾਈ ਹਜ਼ੂਰੀ ਅੱਡਣ ਸ਼ਾਹੀ ਸਾਧੂ ਅੰਮ੍ਰਿਤਸਰ ਜੀ ਵਿਚ ੧੩੨ ਬਰਸ ਦੀ ਉਮਰ ਭੋਗ ਕੇ ੧੯੪੬ ਮੈਂ ਮਰਿਆ ਹੈ, ਇੱਤ ਆਦਿਕ ਬੜੀ ਬੜੀ ਉਮਰ ਦੇ ਲੋਕਾਂ ਪਾਸੋਂ ਪਿਛਲੇ ਹਾਲ ਜੋ ਪਰੰਪਰਾ ਉਨ੍ਹਾਂਦੇ ਕੁਝ ਸੁਣੇ ਹੋਏ ਤੇ ਕੁਝ ਦੇਖੇ ਹੋਏ ਸੇਪੁਛ-ਪੁਛ ਕੇ ਕੁਛ ਕਿਤੋਂ ਕੁਛ ਕਿਤੋਂਲਿਖੇ ਹੋਏ ਜੋ ਮਿਲੇ, ਸੋ ਸਭ ਇਸ ਪੋਥੀ ਮੇਂ ਰਖੇ ਹੈਂ। ਇਸ ਪ੍ਰਕਾਰ ਬਹੁਤ ਮਿਹਨਤ ਨਾਲ ਇਹ ਪੁਸਤਕ ਤਿਆਰ ਕਰਕੇ ਕਈ ਬਰਸਾਂ ਦਾ ਰਖ ਛਡਿਆ ਸੀ, ਹੁਣ ਸ੍ਰੀ ਗੁਰੂ ਕਲਗੀਧਰ ਦੀ ਪ੍ਰੇਰਨਾ ਨਾਲ ਸ੍ਰੀ ਮਹੰਤ ਭਾਈ ਪ੍ਰੇਮ ਸਿੰਘ ਰਾਮ: ਗੜ੍ਹੀਏ ਰਈਸ ਬਾਬੇ ਦੀ ਬੇਰ ਸਿਆਲ ਕੋਟ, ਸਰਦਾਰ ਹਰੀ ਸਿੰਘ ਜੀ ਸਾਹਿਬ ਰਾਇ ਬਹਾਦੁਰ ਆਹਲੂਵਾਲੀਏ ਰਈਸ ਸਿਆਲ ਕੋਟ, ਸਰਦਾਰ ਬੂਟਾ ਸਿੰਘ ਸਾਹਿਬ ਠੇਕੇਦਾਰ ਆਹਲੂਵਾਲੀਏ, ਰਈਸ ਰਾਵਲ ਪਿੰਡੀ, ਇਨ੍ਹਾਂ ਤਿੰਨ੍ਹਾਂ ਮਹਾਸ਼ਯ ਧਰਮਾਤਮਾ,ਪਰ ਉਪਕਾਰੀ, ਪੁਰਖਾਂ ਨੇ ਏਸ ਪਰਮ ਧਰਮ ਪਰੋਪਕਾਰ ਦੇ ਵਾਸਤੇ ਖਰਚ ਕਰਕੇ ਆਪਣੇ ਛਾਪੇਖਾਨੇ ਵਿਚ ਮੁਦ੍ਰਿਤ ਕਰਵਾਈ।"

(ਤਵਾਰੀਖ ਗੁਰੂ ਖਾਲਸਾ ਪੰਨਾ ੧੦ ਛਾਪਾ ਪੱਥਰ, ਐਡੀਸ਼ਨ ੧ ਸੰਨ ੧੯੯੧)

*ਇਹ ਮਾਈ ੧੨੩ ਬਰਸ ਦੀ ਉਮਰ ਭੋਗ ਕੇ ਸੰ: ੧੯੧੩ ਮੈਂ ਸੁਰਗਬਾਸ ਹੋਈ ਹੈ। ਇਸ ਦਾ ਬਾਪ ਹਰਦਿਤ ਸਿੰਘ ਦਸਵੇਂ ਪਾਤਸ਼ਾਹ ਜੀ ਦੇ ਪਾਸ ਟਹਿਲ ਵਾਲਾ ਸੀ।



Digitized by Panjab Digital Library | www.panjabdigilib.org

ਬਹੁਤ ਕੁਝ ਮਸਾਲਾ ਤੇ ਆਪ ਨੇ ਬਨਾਰਸ ਵਿਚ ਰਹਿ ਕੇ ਹੀ ਇਕੱਤ੍ਰ ਕਰ ਲਿਆ ਸੀ, ਫਿਰ, ਪਟਿਆਲਾ, ਕਪੂਰਥਲਾ ਵਿਚ ਰਹਿ ਕੇ ਉਸ ਸਮੇਂ ਦੇ ਪੰਥ ਪ੍ਰੇਮੀ ਰਈਸਾਂ ਤੋਂ ਮਦਦ ਲਈ। ਇਸਦਾ ਜ਼ਿਕਰ ਵੀ ਗਿਆਨੀ ਜੀ ਨੇ ਆਪ ਹੀ ਕੀਤਾ ਹੈ— "ਕਪੂਰਥਲੇ ਦੇ ਦੀਵਾਨ ਰਾਮ ਜਸ ਸਾਹਿਬ ਤੇ ਪਟਿਆਲਾ ਦੇ ਦੀਵਾਨ ਗੁਰਮੁਖ ਸਿੰਘ ਦੀ ਪ੍ਰੇਰਨਾ ਨਾਲ—" ਇਹ ਦੋਨੋਂ ਰਿਆਸਤਾਂ ਦੇ ਦੀਵਾਨ ਬਹੁਤ ਚੰਗੇ ਧਰਮੀ ਪਰੋਪਕਾਰੀ ਪੂਰੇ ਪੂਰੇ ਵਿਦਵਾਨ ਹਰਿਗੁਰ ਭਗਤ, ਜਗਤ ਦੇ ਸੁਖਦਾਈ ਨਿਆਇਕਾਰੀ, ਨਿਹਾਇਤ ਸਿਆਣੇ, ਰਿਆਸਤ ਦੇ ਖੈਰ ਖਾਹ ਗਿਆਨੀ ਪੁਰਖ, ਰਾਜਾ ਜਨਕ ਦੀ ਤਰਾਂ ਰਾਜ ਜੋਗ ਕਮਾਂਵਦੇ ਹੋਏ ਅਨੰਦ ਭੋਗ ਦੇ ਹਨ। ਦੀਵਾਨ ਰਾਮ ਜਸ ਸਾਹਿਬ ਨੇ ਇਹ ਤਵਾਰੀਖ ਸੰ. ੧੯੩੫ ਬਿ: ਮੇਂ, ਜਦ ਕਾਬਲ ਨੂੰ ਫੌਜਾਂ ਗਈਆਂ ਸਨ, ਤਦ ਰਸ ਤੇ ਵਿਚ ਮੈਥੋਂ ਸੁਣੀ ਸੀ ਤੇ ਉਸ ਸਭਾ ਵਿਚ ਕਰਨੈਲ ਜਵਾਲਾ ਸਿੰਘ ਆਦਿਕ ਸਰਦਾਰ ਬੈਠ ਦੇ ਹੁੰਦੇ ਸੇ,......"

1935 − 57 = 1878 A.D.

( ਤਵਾਰੀਖ ਗੁਰੂ ਖਾਲਸਾ, ਪੰਨਾ ੬ ਭਾਗ ੧ ਐਡੀਸ਼ਨ ੧, )

ਬਾਬੇ ਦੀ ਬੇਰ ਦੇ ਮਹੰਤ ਪ੍ਰੇਮ ਸਿੰਘ ਜੀ ਸਾਹਿਬ ਬਹੁਤ ਵਿਦਵਾਨ, ਉਦਾਰ, ਧਰਮੀ ਮਹੰਤ ਸਨ, ਉਨ੍ਹਾਂ ਨੇ ਸ੍ਰੀ ਮਾਨ ਗਿਆਨੀ ਜੀ ਨੂੰ ਆਪਣੇ ਕੋਲ ਰਖ ਕੇ ਸੇਵਾ ਟਹਿਲੀ ਕੀਤੀ। ਜਿਥੇ ਆਪ ਨੂੰ ਸਰਦਾਰ ਹਰੀ ਸਿੰਘ ਜੀ ਰਈਸ ਸਿਆਲ ਕੋਟ ਤੇ ਰਾਇ ਬਹਾਦੁਰ ਬੂਟਾ ਸਿੰਘ ਜੀ ਰਾਵਲ ਪਿੰਡੀ ਵਾਲੇ, ਜੋ ਪਿਛੋਂ ਸਿਆਲ ਕੋਟ ਦੇ ਹੀ ਸਨ, ਮਿਲੇ, ਉਨ੍ਹਾਂ ਪੈਸੇ ਖਰਚ ਕਰਕੇ ਗੁਰੂ ਗੋਬਿੰਦ ਸਿੰਘ ਪ੍ਰੈਸ, ਸਿਆਲ ਕੋਟ ਵਿਚ ਬਾਬੂ ਰਜਿੰਦ੍ਰ ਸਿੰਘ ਮੈਨੇਜਰ ਦੇ ਅਨਿਕਾਰ ਨਾਲ,

(੧) ਤਾਰੀਖ ਗੁਰੂ ਖਾਲਸਾ ਭਾਗ ੧. (੨) ਸਮਸ਼ੇਰ ਖਾਲਸਾ ਭਾਗ ੨.

(੩) ਰਾਜ ਖਾਲਸਾ ਭਾਗ ੩. ਉਸ ਥਾਂ ਸੰਮਤ ੧੯੪੯ ਬਿ: ਮੁਤਾਬਕ ਜੁਲਾਈ ੧੮੯੨ ਈ. ਵਿਚ ਪਥਰ ਦੇ ਛਾਪੇ ਵਿਚ ਤਿਆਰ ਕਰਕੇ, ਸੰਗਤਾਂ ਨੂੰ ਆਪਣੇ ਗੁਰੂ-ਯਸ ਇਤਿਹਾਸ ਤੋਂ ਜਾਣੂ ਕਰਾਇਆ।



Digitized by Panjab Digital Library | www.panjabdigilib.org

# ਖਾਲਸਾ ਟ੍ਰੈਕਟ ਸੁਸਾਇਟੀ ਅੰਮ੍ਰਿਤਸਰ

ਨਾਲ

# ਸਬੰਧ-ਸਥਾਪਨ

ਖਾਲਸਾ ਟ੍ਰੈਕਟ ਸੁਸਾਇਟੀ ਅੰਮ੍ਰਿਤਸਰ, ਇਕ ਅਜਿਹੀ ਸੰਸਥਾ ਹੈ, ਜਿਸ ਦਾ ਕੰਮ ਸਿਖ ਧਰਮ ਦਾ ਪਰਚਾਰ ਕਰਨ ਲਈ, ਸਿਖ ਸਾਹਿਤ ਨੂੰ ਆਕ੍ਰਸ਼ਕ ਢੰਗ ਨਾਲ ਪ੍ਰਕਾਸ਼ਤ ਕਰਕੇ ਲੋਕਾਂ ਕੋਲ ਪੁਚਾਉਣਾ ਹੈ। ਗਿਆਨੀ ਜੀ ਆਪਣੀਆਂ ਪੁਸਤਕਾਂ ਛਪਵਾਕੇ ਸਿਆਲ ਕੋਟ ਤੋਂ ਸ੍ਰੀ ਅੰਮ੍ਰਿਤਸਰ ਆ ਗਏ। ਸਿਆਲ ਕੋਟ ਵਿਚ ਉਨ੍ਹਾਂ ਨੂੰ ਉਹ ਦਾਨੀ ਸਜਨ ਮਿਲ ਗਏ, ਜਿਨ੍ਹਾਂ ਦੇ ਦਿਲ ਵਿਚ ਪੰਥਕ ਪਰਚਾਰ, ਪਰਸਾਰ ਦੀ ਲਗਨ ਸੀ ਅਤੇ ਜਿਹੜੇ ਵਿਦਵਾਨਾਂ ਦੀ ਕਦਰ ਕੀਮਤ ਜਾਣਦੇ ਸਨ। ਪੁਸਤਕ ਛਪ ਤੇ ਗਏ ਪਰ ਇਨ੍ਹਾਂ ਦੇ ਲੋਕ ਹਥਾਂ ਵਿਚ ਪੁਜਣ ਲਈ ਸਿਆਲ ਕੋਟ ਕੋਈ ਚੰਗੇਰਾ ਸਥਾਨ ਨਹੀਂ ਸੀ। ਇਕ ਤੇ ਇਹ ਪੰਜਾਬ ਦੇ ਇਕਲ ਵਾਂਝੇ ਸੀ, ਦੂਜਾ ਪੁਸਤਕਾਂ ਦੀ ਮੰਡੀ ਅੰਮ੍ਰਿਤਸਰ ਹੀ ਸੀ। ਇਸ ਲਈ ਗਿਆਨੀ ਜੀ ਆਪਣਾ ਸਾਰਾ ਸਟਾਕ, ਪ੍ਰਕਾਸ਼ਤ ਜਿਸ ਵਿਚ ਤ੍ਵੈਵੇ ਭਾਗ ਖਾਲਸਾ ਤਵਾਰੀਖ, ਗੁਰਪ੍ਰਤਾਪ ਸੂਰਜ ਵਾਰਤਕ, ਨਿਰਮਲ ਪੰਥ ਪ੍ਰਦੀਪਕਾ ਖਾਲਸਾ ਪਤਿਤ ਪਾਵਨ ਆਦਿ ਜਿਨ੍ਹਾਂ ਉਤੇ ੫੦੦੦) ਖਰਚ ਆਇਆ, ਸੀ, ਇਸ ਤੋਂ ਬਿਨਾ ਹੋਰ ਹਥ ਲਿਖਤੀ ਖਰੜੇ ਜੋ ਪ੍ਰਕਾਸ਼ਤ ਹੋਣ ਵਾਲੇ ਭਾਵ ਅਪ੍ਰਕਾਸ਼ਤ ਸਨ ਸਭ ਕੁਝ ਲੈ ਕੇ ਠਾਕਰਾਂ ਦੀ ਧਰਮ ਸਾਲ ਸ੍ਰੀ ਅੰਮ੍ਰਿਤਸਰ ਵਿਚ ਆ ਗਏ। ਬੀਮਾਰੀ ਕਾਫੀ ਫਿਕਰ ਵਾਲੀ ਸੀ। ਇਸ ਲੲੀ ਜਦ ਟ੍ਰੈਕਟ ਸੁਸਾਇਟੀ ਦੇ ਪ੍ਰਬੰਧਕਾਂ ਨੂੰ ਪਤਾ ਲਗਾ ਕਿ ਸ੍ਰੀ ਮਾਨ ਗਿਆਨੀ ਗਿਆਨ ਸਿੰਘ ਜੀ ਠਾਕਰਾਂ ਦੀ ਧਰਮ ਸਾਲਾ ਸ੍ਰੀ ਮਾਨ ਮਹੰਤ ਹਰ ਨਾਮ ਸਿੰਘ ਜੀ ਠਾਕਰ ਕੋਲ ਮੌਤ ਦੀਆਂ ਘੜੀਆਂ ਗਿਣ ਰਹੇ ਹਨ, ਤਦੋਂ ਸ੍ਰੀ ਮਾਨ ਡਾਕਟਰ ਚਰਨ ਸਿੰਘ ਜੀ, ਸ੍ਰੀ ਮਾਨ ਭਾਈ ਸਾਹਿਬ ਭਾਈ ਚਰਨ ਸਿੰਘ ਜੀ ਦੇ ਪਿਤਾ ਸਰਦਾਰ ਵਜ਼ੀਰ ਸਿੰਘ ਜੀ ਜਿਨ੍ਹਾਂ ਦੇ ਨਾਂ ਤੇ, ਵਜ਼ੀਰ ਹਿੰਦ ਪ੍ਰੈਸ, ਹੈ, ਭਾਈ ਸਾਹਿਬ ਭਾਈ ਵੀਰ ਸਿੰਘ ਜੀ ਸਰਦਾਰ ਸੁਰ ਜਨ ਸਿੰਘ ਜੀ ਤੇ ਸਰਦਾਰ ਤ੍ਰਿਲੋਚਨ ਸਿੰਘ ਜੀ ਆਦਿ ਮਿਲਕੇ ਆਏ ਅਤੇ ਉਨ੍ਹਾਂ ਨੇ ਗਿਆਨੀ ਜੀ ਨੂੰ ਆਪਣੀ ਸਾਰੀ ਰਚਨਾ, ਛਪੀ ਅਣ—ਛਪੀ ਸੁਸਾਇਟੀ ਨੂੰ ਦੇਣ ਲਈ ਪ੍ਰੇਰਨਾ ਕੀਤੀ, ਗਿਆਨੀ ਜੀ ਮੰਨ ਗਏ। ਇਸ ਸਾਰੇ ਵਾਕਿਆ ਦਾ ਸ੍ਰੀ ਮਾਨ ਗਿਆਨੀ ਗਿਆਨ ਸਿੰਘ ਜੀ ਨੇ ਆਪ ਹੀ



Digitized by Panjab Digital Library | www.panjabdigilib.org

ਆਪਣੇ ਹਥਾਂ ਨਾਲ ਵਰਨਣ ਲਿਖਿਆ ਹੈ, ਜੋ ਕਿਸੇ ਟੀਕਾ ਟਿਪਣੀ ਦਾ ਮੁਥਾਜ ਨਹੀਂ।
ਸ੍ਰੀਮਾਨ ਗਿਆਨੀ ਜੀ ਲਿਖਦੇ ਹਨ :—

ੳਨੀ ਸੈ ਸੰਤਾਲੀ ਪੁਸਤਕ ਕਰ ਇਹ ਤਿਆਰ ।
ਸਿਆਲਕੋਟ ਛਪਵਾ ਲਏ ਹਿਸੇ ਤਿੰਨ ਉਦਾਰ ।
ਮਾਲਕ ਮਤਬੇ ਕਾ ਹੁਤੇ ਰਾਜਿੰਦਰ ਸਿੰਘ ਜੋਇ ।
ਸੋ ਆਮਦਨੀ ਛਕ ਗਯੇ ਹਿਸੇ ਰਹੇ ਗਏ ਦੋਇ ।
ਮੁਝ ਢਿਗ ਮਾਇਆ ਨਾਂਹਿ ਥੀ ਦੇ ਤੋ ਜੋ ਛਪਵਾਇ ।
ਹਿਸੇ ਛਪੇ ਨਾ ਯਾਂਹਿ ਤੇ ਲਾਭ ਭਯੋ ਨਹਿ ਕਾਇ ।

ਪੁਨ:

ਸ੍ਰੀ ਅੰਮ੍ਰਿਤਸਰ ਆਇ ਤਬ ਮੈ ਪੁਨ ਭਯੋ ਬਿਮਾਰ !
ਟਰੈਕਟ ਸੁਸੈਟੀ ਖਾਲਸਾ ਹੈ ਤਿਸ ਜਗ ਮਝਾਰ ।
ਮਿਲ ਕੇ ਉਨ ਕੇ ਮੈਂਬਰੈਂ ਪ੍ਰੇਰਯੋ ਮੁਝ ਕੋ ਆਇ ।
ਤੁਮ ਹੋ ਬ੍ਰਿਧ ਬਿਮਾਰ ਬਹੁ ਪਾਛੇ ਕੈਸੇ ਥਾਇ ।
ਪੁਸਤਕ ਰਚੇ ਜੋ ਆਪ ਨੇ ਇਨ ਕਾ ਵਾਰਸ ਨ ਕੋਇ ।
ਹੈ ਕਿਸਕੋ ਅਧਿਕਾਰ ਇਹ ਬਾਦ ਸੰਭਾਰੇ ਜੋਇ ।
ਜੇ ਅਸਲਾਇਕ ਨਾ ਨਾਹਿ ਕੋ ਤੋ ਸੁਸਾਇਟੀ ਤਾਇ ।
ਲਿਖਵਾ ਦੀਜੈ ਖੁਸ਼ੀ ਮੈਂ ਬਖਸ਼ਸ਼ ਨਾਮਾ ਚਾਇ ।
ਚਰਨ ਸਿੰਘ ਥਾ ਡਾਕਟਰ ਅਰ ਵਜ਼ੀਰ ਸਿੰਘ ਵੀਰ ।
ਸੁਰਜਨ ਸਿੰਘ ਤ੍ਰੈ ਨੈਨ ਸਿੰਘ ਦੋ ਇਤਕ ਸਜਨ ਥੇ ਤੀਰ ।
ਬਾਤ ਭਾਂਤ ਬਖਯਾਤ ਬਹੁ ਐਸੀ ਰਚੀ ਅਨੇਕ ।
ਨੇਜ ਦਿਸਚਿਤ ਪ੍ਰੇਮ ਮਮ ਲੀਨੋ ਉਨੈ ਸੁਨੇਕ ।
ਵਾਰਸ ਮੇਰਾ ਏਕ ਥਾ ਸੋ ਚਲ ਗਯੋ ਦੇ ਸ਼ੋਕ ।
ਮੈਂ ਭੀ ਤਿਸਦਿਨ ਤਿਆਰ ਥਾ ਚਲਣੈਂ ਕੋ ਗੁਰੂ ਲੋਕ ।
ਅਹੋ ਤਾਤ ! ਤੁਮ ਉਸ ਸਮੇਂ ਥੇ ਬਾਲਕ ਲਘੂ ਸਾਲ ।
ਪੰਥਕ ਲਾਭ ਵਿਚਾਰ ਮੇਂ ਹੱਕ ਦਯੋ ਤਿਸ ਕਾਲ ।
ਸੁਨ ਇਹ ਕਾਰ ਨਿਹਾਰ ਭਲ ਸਾਰਾ ਸਾਰ ਵਿਚਾਰ ।



Digitized by Panjab Digital Library | www.panjabdigilib.org

ਕਰ ਲੀਨੋ ਮਨਜ਼ੂਰ ਮੈਂ ਦੇਨੋਂ ਦਾਨ ਉਦਾਰ।
ਪੁਸਤਕ ਪਾਂਚ ਹਜ਼ਾਰ ਕੇ ਛਪੇ ਪਏ ਥੇ ਪਾਸ।
ਹਰਿ ਹਰਨਾਮ ਮਹੰਤ ਕਾ ਕੋਠਾ ਭਰਿਓ ਖਾਸ।
ਤਵਾਰੀਖ ਕੇ ਭਾਗ ਤ੍ਰੈ ਛਪੇ ਪਏ ਤੇ ਜੋਇ।
ਗੁਰੁ ਪ੍ਰਤਾਪ ਸੂਰਜ ਪ੍ਰਕਾਸ਼ ਵਾਰਤਕ ਰਚਨਾ ਸੋਇ।
ਅਰ ਨਿਰਮਲ ਪ੍ਰਦੀਪਕਾ ਪਤਤ ਪਾਵਨ ਲੋ ਸਾਰ।
ਛਪੇ ਪਏ ਥੇ ਸਭੈ ਦੀਨੇ ਹਿਤ ਉਪਕਾਰ।
ਇਨ ਸਭ ਪਰ ਮੇਰੇ ਲਗੇ ਦਮੜੇ ਪਾਂਚ ਹਜ਼ਾਰ।
ਸੋ ਸਭ ਅਰਪਨ ਕਰ ਦੀਏ ਧਰਮ ਅਰਥ ਲਖ ਸਾਰ।
ਉਨ ਲੈ ਕੇ ਬਡ ਖੁਸ਼ੀ ਹੈ, ਬਿਦਤ ਜਗਤ ਕਰ ਦੀਨ।
ਇਸ਼ਤਿਹਾਰ ਅਖਬਾਰ ਕੇ ਦੁਆਰ ਉਨ ਭਲ ਦੀਨ
ਇਸ਼ਤਿਹਾਰ ਕੀ ਨਕਲ ਮੈਂ ਦਿਲਚਸਪੀ ਕੇ ਹੇਤ।
ਐਨ ਅਸਲ ਕੋ ਹੁਬਹੂ ਨੀਚੇ ਛਾਪ ਸੁਦੇਤ।"

[ਸਾਰੀਆਂ ਰਚਨਾਵਾਂ ਖਾਲਸਾ ਟ੍ਰੈਕਟ ਸੁਸਾਇਟੀ ਨੂੰ ਮਿਲਣ ਦੇ ਮੌਕੇ ਉਤੇ ਗਿਆਨੀ ਜੀ ਦੀ ਉਦਾਰਤਾ ਬਾਰੇ ਸੁਸਾਇਟੀ ਵਲੋਂ ਜੋ ਪ੍ਰਸੰਸਾ ਕੀਤੀ ਗਈ ਤੇ ਅਖਬਾਰ ਵਿਚ ਛਾਪੀ ਗਈ ਉਹ ਹੇਠ ਲਿਖੇ ਅਨੁਸਾਰ ਹੈ]

## ਸੱਚੀ ਉਦਾਰਤਾ

"ਇਹ ਇਕ ਆਮ ਸ਼ਕਾਇਤ ਸੁਣਦੇ ਹਾਂ ਕਿ ਸਿਖਾਂ ਵਿਚ ਹੁਣ ਕੁਰਬਾਨੀ ਵਾਲੇ ਆਦਮੀ ਨਹੀਂ ਰਹੇ, ਇਸੇ ਕਰਕੇ ਕੌਮ ਤਰੱਕੀ ਕਰਨੋਂ ਰੁਕ ਗਈ ਹੈ। ਇਹ ਗਲ ਹੈ ਤਾਂ ਠੀਕ, ਪਰ ਬੀਜ ਨਾਸ ਨਹੀਂ ਹੈ। ਮਹਾਰਾਜ ਦਾ ਵਾਕ ਹੈ—(ਕੋਈ ਹਰਿਆ ਬੂਟ ਰਹਿਓ ਰੀ) ਸੋ ਹੁਣ ਕੋਈ ਕੋਈ ਵਿਰਲਾ ਹਰਾ ਬ੍ਰਿਛ ਕੁਰਬਾਨੀ ਦੀ ਲਹਿ ਲਹਾਵਟ ਨਾਲ ਝੂਲਦਾ ਨਜ਼ਰ ਪੈਂਦਾ ਹੈ। ਜਿਸ ਕਰਕੇ ਪੰਥ ਦੀ ਤਰੱਕੀ ਦੀ ਉਮੀਦ ਅਜੇ ਤੀਕ ਟੁਟਦੀ ਨਹੀਂ—ਇਸ ਪ੍ਰਸੰਗ ਵਿਚ ਅਸੀਂ ਇਕ ਨਵੀਂ ਕੁਰਬਾਨੀ ਦਾ ਜ਼ਿਕਰ ਕਰਨਾ ਚਾਹੁੰਦੇ ਹਾਂ--ਭਾਈ ਗਿਆਨ ਸਿੰਘ ਜੀ ਗਿਆਨੀ ਨੂੰ ਕੌਣ ਨਹੀਂ ਜਾਣਦਾ। ਇਨ੍ਹਾਂ ਦਾ ਜਨਮ ਲੌਂਗੋਵਾਲ ਦੁਲੱਟ ਜ਼ਿਮੀਂਦਾਰ ਸ: ਭਾਗ ਸਿੰਘ ਜੀ ਦੇ ਘਰ ਗਿਆਨੀ ਭਾਈ ਮਨੀ ਸਿੰਘ ਜੀ ਸ਼ਹੀਦ ਦੀ ਕੁਲ ਵਿਚ ਸੰਮਤ ੧੨੭੯ ਬਿਕ੍ਰਮੀ ਨੂੰ ਹੋਇਆ।



Digitized by Panjab Digital Library | www.panjabdigilib.org

ਬਜ਼ੁਰਗਾਂ ਦੀਆਂ ਕੁਰਬਾਨੀਆਂ ਦਾਅਸ ਰ ਔਲਾਦ ਵਿਚ ਅਕਸਰ ਹੋਇਆ ਹੀ ਕਰਦਾ ਹੈ, ਜੋ ਹੇਠ ਲਿਖੀ ਕੁਰਬਾਨੀ ਦੇ ਕਰਨੇ ਤੋਂ ਭਾਈ ਗਿਆਨ ਸਿੰਘ ਜੀ ਨੇ ਸਾਬਤ ਕਰ ਦਿਖਾਇਆ ਹੈ । ਆਪ ਨੇ ਆਪਣੀ ਉਮਰ ਦਾ ਢੇਰ ਸਾਰਾ ਹਿੱਸਾ ਸਰਗਰਦਾਨ ਮਿਹਨਤ ਕਰ ਕਰ ਕੇ ਗੁਰੂ ਘਰ ਦੀਆਂ ਤਾਰੀਖਾਂ ਲਿਖਣੇ ਪਰ ਖਰਚ ਕੀਤਾ ਅਤੇ ਦੂਰ ਦੂਰ ਦੇਸਾਂਤਨ ਕਰ ਕੇ ਖਾਲਸਾ ਤਵਾਰੀਖ ਤਿੰਨ ਭਾਗ, ਪੰਥ ਪ੍ਰਕਾਸ਼, ਪਤਤ ਪਾਵਨ ਆਦਿਕ ਪੁਸਤਕ ਤਿਆਰ ਕਰਕੇ ਛਾਪੇ ਅਰ ਚੌਥੇ ਅਰ ਅਗੇ ਪੰਜਵੇਂ ਭਾਗ ਨੂੰ ਹੁਣ ਜੁਟ ਰਹੇ ਸਨ । ਇਨ੍ਹਾਂ ਪੁਸਤਕਾਂ ਦੇ ਲਿਖੇ ਜਾਣ ਤੋਂ ਪਹਿਲੇ ਦਸਮ ਪਾਤਸ਼ਾਹ ਜੀ ਦੇ ਮਗਰਲੇ ਸਮਾਚਾਰ ਆਮ ਲੋਕਾਂ ਨੂੰ ਬਹੁਤ ਘੱਟ ਮਾਲੂਮ ਸੈ, ਪਰ ਇਨ੍ਹਾਂ ਪੁਸਤਕਾਂ ਦੇ ਛਪਣ ਪਰ ਮਾਨੋ-ਵਾਕਫ਼ੀਅਤ ਦਾ ਸੂਰਜ ਚੜ੍ਹ ਪਿਆ । ਵਖਿਆਨ ਦੇਣ ਵਾਲੇ ਕਥਾ ਕਰਨੇ ਵਾਲੇ ਤੇ ਪੁਸਤਕਾਂ ਰਚਨ ਵਾਲਿਆਂ ਨੂੰ ਬਹੁਤ ਲਾਭ ਇਹਨਾਂ ਪੁਸਤਕਾ ਤੋਂ ਹੁੰਦਾ ਹੈ । ਹੁਣ ਆਪ ਨੇ ਪਰਮ ਉਦਾਰਤਾ ਕਰ ਕੇ ਆਪਣੀਆਂ ਕੁਲ ਤਸ਼ਨੀਫ਼ਾਂ ਦਾ ਹੱਕ ਕਾਪੀ ਰਾਈਟ ਖਾ: ਟ੍ਰੈ: ਸੁਸਾਇਟੀ ਨੂੰ ਪ੍ਰਦਾਨ ਕਰ ਦਿਤਾ ਹੈ । ਅਰ ਜੋ ਪੁਸਤਕਾਂ ਆਪ ਦੇ ਪਾਸ ਛਪੀਆਂ ਪਈਆਂ ਸਨ, ਜਿਨ੍ਹਾਂ ਦੀ ਲਾਗਤ ਲਗ ਪਗ ੨੦੦੦) ਗਿਣੀ ਗਈ ਹੈ, ਉਹ ਵੀ ਸੁਸਾਇਟੀ ਨੂੰ ਦਾਨ ਕਰ ਦਿਤੀਆਂ ਹਨ । ਆਪ ਨੇ ਇਹ ਮਹਾਨ ਕੰਮ ਦੋ ਸੋਚਾਂ ਨਾਲ ਕੀਤਾ ਹੈ । ੧. ਸੁਸਾਇਟੀ ਦੇ ਕੰਮ ਨਾਲ ਆਪ ਨੂੰ ਪ੍ਰੇਮ ਹੈ ਅਰ ਸੁਸਾਇਟੀ ਨੂੰ ਆਪ ਪੰਥ ਦੀ ਤਰੱਕੀ ਜਾਣਦੇ ਹਨ ਇਸ ਕਰਕੇ ਇਹ ਕੁਰਬਾਨੀ ਆਪ ਨੇ ਪੰਥ ਦੇ ਵਾਧੇ ਦਾ ਹੇਤੂ ਜਾਣ ਕੇ ਕੀਤੀ ਹੈ । ਦੂਸਰੇ ਆਪ ਨੇ ਆਪਣੀਆ ਤਸਨੀਫਾਂ ਸੁਸਾਇਟੀਆਂ ਦੇ ਹਥ ਵਿਚ ਇਸ ਕਰਕੇ ਦਿਤੀਆਂ ਹਨ ਕਿ ਉਹ ਸਦਾ ਹੀ ਜੀਉਂਦੀਆਂ ਰਹਿਣ, ਕਿਉਂਕਿ ਮੁਸੱਨਫ ਦੀ ਜ਼ਿੰਦਗੀ ਦੇ ਬਾਅਦ ਛਾਪਿਆਂ ਵਾਲੇ ਕਿਤਾਬਾਂ ਦਾ ਨਾਸ ਕਰ ਦਿਆ ਕਰਦੇ ਹਨ । ਗਲ ਕੀ ਆਪ ਨੇ ਜੋ ਕੁਝ ਕੀਤਾ ਹੈ ਸੋ ਸੱਚੀ ਕੁਰਬਾਨੀ ਅਰ ਪਰਮ ਉਦਾਰਤਾ ਤੋਂ ਕੰਮ ਲੀਤਾ । ਸੁਸਾਇਟੀ ਆਪ ਦੀ ਧੰਨਵਾਦੀ ਹੈ ਹੈ ਅਰ ਪੰਥ ਨੂੰ ਵੀ ਆਪ ਦਾ ਧੰਨਵਾਦੀ ਹੋਣੇ ਦਾ ਮੌਕਾ ਹੈ, ਕਿਉਂਕਿ ਨੇਕ ਕੰਮ ਦੇ ਕਰਨੇ ਤੇ ਜੋ ਖੁਸ਼ੀ ਹੁੰਦੀ ਹੈ ਉਹ ਸੱਚੀ ਖੁਸ਼ੀ ਹੁੰਦੀ ਹੈ ਉਹ ਸੱਚੀ ਖੁਸ਼ੀ ਕਹੀ ਜਾਂਦੀ ਹੈ ਚੂਕਿ ਗਿਆਨੀ ਜੀ ਦਾ ਪਦਾਰਥ ਇਸ ਪਰ ਖਰਚ ਹੋਇਆ ਹੈ, ਅਰ ਆਪ ਦੀ ਬ੍ਰਿਧ ਅਵ੍ਸਥਾ ਹੈ । ਇਸ ਕਰ ਕੇ ਸੁਸਾਇਟੀ ਨੇ ਆਪ ਦੇ ਅੰਨ ਬਸਤਰ ਦੇ ਨਿਰਬਾਹ ਵਾਸਤੇ ੧੨) ਮਾਹਵਾਰ ਤਾ ਜ਼ਿੰਦਗੀ ਦੇਣ ਦਾ ਜ਼ੁੰਮਾ ਲੀਤਾ ਹੈ ।

ਪ੍ਰਾਰਥਕ—ਸਕੱਤ੍ਰ ਖਾਲਸਾ ਟ੍ਰੈਕਟ ਸੁਸਾਇਟੀ ਅੰਮ੍ਰਿਤਸਰ ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ ਵਿਚ ਛਪਿਆ ।



Digitized by Panjab Digital Library | www.panjabdigilib.org

ਤਯੋ ਹੀ ਮੁਝ ਦਿਸ ਤੇ ਉਨੈ ਬਕਸ਼ਸ਼ ਨਾਮਾ ਲੀਨ ।
ਜਯੋ ਚਾਹਿਓ ਤਯੋ ਲਿਖ ਲਯੋ ਮੈਂ ਦਸਖਤ ਕਰ ਦੀਨ ।
ਅਸਨ ਬਸਨ ਹਿਤ ਉਨੈ ਮੁਹਿ ਬਾਰਾਂ ਦਮੜੇ ਮਾਸ ।
ਨਾਲ ਗੁਰਮਤਾ ਆਪ ਹੀ ਲਿਖ ਦੀਨੇ ਉਨ ਖਾਸ ।
ਜੋ ਪੁਸਤਕ ਗਿਆਨੀ ਰਚੇ ਹਮ ਛਾਪੇਂਗੇ ਸੋਇ ।
ਏਹ ਸ਼ਰਤ ਉਨ ਜੋ ਲਿਖੀ ਪਾਲੀ ਨਾਹੀਂ ਕੋਇ ।
ਅੈਤਿ ਅਨਿਯਾਇ ਉਨ ਜ਼ੁਲਮ ਬਡ ਮੁਝ ਸੇ ਕੀਨੋ ਆਪ ।
ਨਹਿ ਖਰੜੇ ਮੁੜ ਦੇਤ ਹੈ ਨਹਿ ਛਾਪਤ ਹੈਂ ਆਪ ।
ਵਰਸ ਸਤਾਰਾਂ ਭਏ ਹੈਂ ਓਨ ਕੋ ਦਏ ਬਨਾਇ ।
ਖਟੇ ਮੇਂ ਪਾ ਰਖੇ ਹੈਂ ਟਾਲਾ ਕਰਤ ਰਹਾਇ ।
ਐਸੇ ਸਿਖਨ ਕੋ ਗੁਰੂ ਬਖਸ਼ੇ ਆਪ ਸੁਮੱਤਿ ।
ਕਰੈਂ ਨਾ ਆਗੇ ਔਰ ਸੋਂ ਮੁਝ ਸੈਂ ਕਰੀ ਕੁਪੱਤ ।
ਮਿਹਨਤ ਮੇਰੀ ਬਿਰਧ ਕੀ ਤੀਸ ਬਰਸ ਕੀ ਜੋਇ ।
ਬੇ-ਕਦਰੇ-ਨਾ ਸ਼ੁਕਰਿਆਂ ਬਿਰਥਾਂ ਰਾਖੀ ਖੋਇ ।
ਸੇਵਾ ਜੋ ਮੈਂ ਪੰਥ ਕੀ ਕਰੀ ਲਾਭ ਕੇ ਹੇਤ ।
ਗਰੇ ਪਰੇ ਮਤਸਰ ਭਰੇ ਮਰੇ ਮਾਰ ਪਕ ਖੇਤ ।
ਮਮ ਰਚਨਾ ਸੇ ਪੰਥ ਕੋ ਹੋਨਾ ਥਾ ਜੋ ਲਾਭ ।
ਸੋ ਸੁਸਾਇਟੀ ਨ ਦਯੋ ਪੰਥ ਰਹਿ ਗਯੋ ਅਲਾਭ ।
ਸਾਗਰ ਸਮ ਮਮਕ੍ਰਿਤ ਸੈਂ ਟ੍ਰੈਕਟ ਛਾਪ ਅਨੇਕ ।
ਧਨ ਅਰ ਨਾਮ ਕਾਮਾ ਰਹੇ ਪੰਥਕ ਆਗੂ ਨੇਕ ।

## ਚੌਪਈ

ਸੰਮਤ ਉਨੀ ਸੌ ਅਨਵੰਜੇ ।
ਪੁਸਤਕ ਬਹੁ ਯੁਤ ਹਿਸੇ ਪੰਜੇ ।
ਮੈਂ ਉਨ ਕੋ ਛਾਪਨ ਹਿਤ ਦੀਨੇ ।
ਉਨਹੂੰ ਲੈ ਲਕੋਇ ਰਖ ਲੀਨੇ ।



Digitized by Panjab Digital Library | www.panjabdigilib.org

ਬਾਰ ਅਨੈਕੇ ਕਰੀ ਤਕੀਦੀ ।
ਅਖਬਾਰਨ ਮੈਂ ਕਢਯੋ ਮਹੀਦੀ ।
ਬਰਸ ਸਤਾਰਾਂ ਬੀਤ ਗਏ ਹੈਂ ।
ਮੈਂ ਹੂੰ ਜਤਨ ਅਨੇਕ ਕੀਏ ਹੈਂ ।
ਹਫਤੇ ਵਾਰ ਪੜ੍ਹਨਾ ਪਠ ਹੋ ।
ਛਾਪਨੇ ਹੇਤ ਤਕੀਦੀ ਨਟ ਹੋ ।
ਯਾ ਮਨ ਮੈਂ ਖਿਆਲ ਇਹੁ ਆਇਆ
ਪੁਸਤਕ ਰਚੇ ਜੈਸ ਨਹਿ ਰਚੇ ।
ਜਭ ਲੌ ਭਏ ਪ੍ਰਵਿਰਤ ਨਹਿ ਸਚ ।
ਯਾ ਬਿਦ ਮੈਂ ਨਿਜ ਰਚਨਾ ਸਾਰੀ ।
ਗਈ ਨਿਕੰਮੀ ਜਬੈ ਨਿਹਾਰੀ ।
ਤਬ ਮੈਂ ਨਿਸਚਾ ਐਸੋ ਕੀਨਾ ।
ਭੋ ਮਨ ਤੂੰ ਠਗਨ ਠਗ ਲੀਨਾ ।
ਨਾਮ ਸਿੰਘ ਯਹਿ ਦਿਲ ਕੇ ਚੋਰ ।
ਠਗੀ ਕਰਤ ਮਿਸਟ ਬਣ ਘੋਰ ।
ਪੰਥਕ ਸੇਵਾ ਕੀ ਲੈ ਆੜ ।
ਜੇਬਾਂ ਖੀਸੇ ਲੇਵਤ ਝਾੜ ।
ਪੰਥਕ ਸੇਵਾ ਸ਼ੋਰ ਮਚਾਤੇ ।
ਇਸ ਬਿਧ ਠਗ ਕਰ ਲੋਕਾਂ ਖਾਤੇ ।
ਫਿਰ ਮੈਂ ਨਿਜ ਮਨ ਕੋ ਸਮਝਾਇਓ ।
ਭੋ ਮਨ ਤੈਂ ਬਡ ਧੋਖਾ ਖਾਇਓ ।

(ਰਿਪੁਦਮਨ ਪ੍ਰਕਾਸ਼, ਕ੍ਰਿਤ ਗਿਆਨ ਸਿੰਘ—ਗਿਆਨੀ)
(ਪੰਨਾ ੬-੭-੮-੯—ਵਗੈਰਾ)



Digitized by Panjab Digital Library | www.panjabdigilib.org

# ਗਿਆਨੀ ਜੀ ਮੁੜ ਪਟਿਆਲਾ ਵਿਚ

ਗਿਆਨੀ ਜੀ ਦਾ ਮੁਢੋਂ ਦੀ ਪਟਿਆਲੇ ਨਾਲ ਸੰਪਰਕ ਰਿਹਾ ਹੈ । ਇਕ ਤੇ ਲੌਂਗੋਵਾਲ ਪਿੰਡ ਵੀ ਰਿਆਸਤ ਵਿਚ ਹੀ ਸੀ, ਦੂਜਾ ਗਿਆਨੀ ਜੀ ਕੁਝ ਚਿਰ ਪਟਿਆਲੇ ਨੌਕਰੀ ਵੀ ਕਰਦੇ ਰਹੇ ਸਨ, ਤੀਜਾ ਉਨ੍ਹਾਂ ਦੇ ਵਿਦਿਅਕ ਗੁਰੂ ਸ੍ਰੀ ਪੰਡਤ ਤਾਰਾ ਸਿੰਘ ਜੀ ਨਿਰੋਤਮ ਨੇ ਵੀ ਪਟਿਆਲੇ ਦੇ ਆਸ਼ਰਤ ਰਹਿ ਕੇ ਹੀ ਬਹੁਤ ਸਾਰੀਆਂ ਪੁਸਤਕਾਂ, 'ਗੁਰਗਿਰਾਰਥਕੋਸ਼', 'ਗੁਰ ਤੀਰਥ ਸੰਗ੍ਰਹਿ', 'ਗੁਰਬਾਣੀ ਦਾ ਟੀਕਾ', ਆਦਿ ਲਿਖੀਆਂ ਸਨ । ਇਸ ਤੋਂ ਬਿਨਾ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ, ਜੋ ਮੋਤੀ ਬਾਗ, ਸ਼ਾਹੀ ਮਹੱਲ ਦੇ ਅਗੇ ਪਹਾੜ ਵਲ ਦੇ ਪਾਸੇ ਵਾਕਿਆ ਹੈ, ਵਿਚ ਬਹੁਤ ਸਾਰੇ ਵਿਦਵਾਨ ਟਿਕੇ ਰਹਿੰਦੇ ਸਨ ਰਸਤਾਂ । ਰਿਆਸਤ ਵਲੋਂ ਮਿਲਦੀਆਂ ਸਨ, ਖਾਣ ਪਹਿਨਣ ਦੀ ਦਿਕਤ ਕੋਈ ਨਹੀਂ ਸੀ, ਵਿਦਵਾਨਾਂ ਦੀ ਕਦਰ ਸੀ । ਇਥੇ ਗੁਰਦੁਆਰਾ ਮੋਤੀ ਬਾਗ ਰਹਿ ਕੇ, ਗਿਆਨੀ ਜੀ ਨੇ ਮਹਾਰਾਜਾ ਭੂਪਿੰਦਰ ਸਿੰਘ ਦਾ ਅਨੰਦ ਕਾਰਜ ਵੀ ਕਰਾਇਆ ਸੀ, ਜੋ ਮਹਾਰਾਜਾ ਦਾ ਪਹਿਲਾ ਅਨੰਦ ਸੀ, ਜਿਸ ਦਾ ਵਰਨਣ ਉਨ੍ਹਾਂ ਆਪਣੀ ਪੁਸਤਕ 'ਭੂਪਿੰਦਰਾ ਨੰਦ' ਵਿਚ ਕੀਤਾ ਹੈ । ਕੁਝ ਹੁਣ ਤੁਰਨ ਫਿਰਨ ਦੀ ਸ਼ਕਤੀ ਵੀ ਘਟ ਗਈ ਸੀ ।

ਮਹਾਰਾਜਾ ਭੂਪਿੰਦਰ ਸਿੰਘ ਜੀ ਇਲਮ ਦੋਸਤ, ਵਿਦਿਆ ਪ੍ਰੇਮੀ ਅਤੇ ਵਿਦਵਾਨਾਂ ਦੀ ਕਦਰ ਕਰਨ ਵਾਲੇ ਵੀ ਸਨ, ਉਨ੍ਹਾਂ ਦੀ ਸਖਾਵਤ ਤੇ ਕਦਰਦਾਨੀ ਸਦਕਾ ਹੀ ਸ੍ਰੀ ਮਾਨ ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਰਚਿਤ ਪੁਸਤਕ 'ਗੁਰ ਸ਼ਬਦ ਰਤਨਾਕ੍ਰ' ਭਾਵ 'ਮਹਾਨ ਕੋਸ਼' ਦਾ ਪ੍ਰਕਾਸ਼ਨ ਹੋਇਆ, ਜਿਸ ਦੀ ਕੀਮਤ ੧੦੦) ਰਖੀ ਗਈ ਸੀ ਪਰ ਵਿਦਵਾਨ ਤੇ ਅਸਰ ਰਸੂਖ ਵਾਲੇ ਬੰਦਿਆਂ ਨੂੰ ਪਟਿਆਲਾ ਦਰਬਾਰ ਵਲੋਂ ਮੁਫਤ ਵੀ ਦੇ ਦਿਤਾ ਜਾਂਦਾ ਸੀ । ਇਸ ਨੂੰ ਹੁਣ ਦੁਬਾਰਾ ਪੰਜਾਬ ਸਰਕਾਰ ਦੇ ਪੰਜਾਬੀ ਮਹਿਕਮੇ ਨੇ, ਚਾਰ ਜਿਲਜਾਂ ਇਕੋ ਜਿਲਦ ਵਿਚ, ਫਿਲਮਾਈਜ਼ ਕਰਕੇ ਬਰੀਕ ਅਖਰਾਂ ਵਿਚ ਪ੍ਰਕਾਸ਼ਤ ਕੀਤਾ ਹੈ ਤੇ ਕੀਮਤ ਕੇਵਲ ੪੨) ਰਖੀ ਗਈ ਹੈ । ਪੰਜਾਬ ਸਰਕਾਰ ਦੇ ਪੰਜਾਬੀ ਮਹਿਕਮੇ ਦਾ ਇਹ ਕੰਮ ਬਹੁਤ ਹੀ ਸ਼ਲਾਘਾ ਯੋਗ ਹੈ ।

ਮਹਾਰਾਜਾ ਭੂਪਿੰਦਰ ਸਿੰਘ ਜੀ ਨੇ ਇਹ ਪ੍ਰੇਰਨਾ ਮਿਲਣ ਤੇ ਕਿ—ਗਿਆਨੀ ਗਿਆਨ ਸਿੰਘ ਜੀ ਦੀਆਂ ਰਚਨਾਵਾਂ ਬਹੁਤ ਮਹਾਨ, ਵਾਕਫੀ ਭਰੀਆਂ ਤੇ ਨਾਮਣਾ ਖਟਣ



Digitized by Panjab Digital Library | www.panjabdigilib.org

ਵਾਲੀਆਂ ਹਨ, ਇਨ੍ਹਾਂ ਨੂੰ ਆਮ ਹਥਾਂ ਵਿਚ ਪਚਾਉਣ ਦੀ ਬਹੁਤ ਵੱਡੀ ਲੋੜ ਹੈ—ਪੁਸਤਕਾਂ ਦੇ ਪ੍ਰਕਾਸ਼ਨ ਲਈ ਇਕ ਵਖਰਾ ਵਿਭਾਗ ਕਾਇਮ ਕਰ ਦਿਤਾ ਜਿਸ ਦਾ ਨਾਂ ਹਿਸਟ੍ਰੀ ਸੁਸਾਇਟੀ, ਸੀ ਅਤੇ ਜਿਸਦੇ ਸਕੱਤ੍ਰ ਸ੍ਰੀ ਗਿਆਨੀ ਗਿਆਨ ਸਿੰਘ ਜੀ ਦੇ ਭਰਾ ਦੀ ਸਪੁਤ੍ਰੀ ਦੇ ਪੁਤ੍ਰ ਗਿਆਨੀ ਜੀ ਦੇ ਦੋਹਤਰੇ, ਗਿਆਨੀ ਹਮੀਰ ਸਿੰਘ ਜੀ ਕਾਇਮ ਕੀਤੇ ਗਏ ਅਤੇ ਸੁਸਾਇਟੀ ਨੂੰ ਇਕ ਲਖ ਪੈਂਤੀ ਹਜ਼ਾਰ ਰੁਪੈ ਦੀ ਰਕਮ ਪ੍ਰਦਾਨ ਕੀਤੀ ਗਈ।

ਬਦਕਿਸਮਤੀ ਨਾਲ, ਮਹਾਰਾਜਾ ਪਟਿਆਲਾ ਅਤੇ ਮਹਾਰਾਜਾ ਨਾਭਾ ਦੇ ਸਬੰਧ ਬਹੁਤ ਬੁਰੀ ਤਰਾਂ ਵਿਗੜ ਗਏ। ਦੋਵੇਂ ਰਿਆਸਤਾਂ ਆਮ ਕਰਕੇ, ਅਤੇ ਪਟਿਆਲਾ ਖਾਸ ਕਰਕੇ, ਰਾਜਨੀਤਕ, ਸਾਜ਼ਿਸ਼ਾਂ ਦਾ ਘਰ ਬਣ ਗਿਆ। ਦੋਹਾਂ ਮਹਾਰਾਜਿਆਂ ਨੂੰ, ਅਹਿਲ-ਕਾਰੀ ਹਥ ਫੇਰੀ ਅਤੇ ਤਾਕਤ ਕਾਬੂ ਰਖੀ ਰਖਣ ਦੀ ਲਾਲਸਾ ਨੇ ਬਹੁਤ ਬੁਰੀ ਤਰਾਂ ਇਕ ਦੂਜੇ ਦਾ ਜਾਨੀ ਦੁਸ਼ਮਣ ਬਣਾ ਦਿਤਾ। ਰਿਆਸਤ ਪਟਿਆਲਾ ਦਾ ਮੁਖ ਮੰਤ੍ਰੀ ਪ੍ਰਸਿਧ ਸਾਜ਼ਸ਼ੀ, ਬਦਨਾਮ ਵਿਅੱਕਤੀ ਸਰ ਦਿਆ ਕਿਸ਼ਨ ਕੌਲ ਸੀ। ਅੰਗ੍ਰੇਜ਼ ਉਤੋਂ-ਉਤੋਂ ਤਾਂ ਫੂਲਕੀਆਂ ਰਿਆਸਤਾਂ ਨਾਲ ਬਹੁਤ ਹਮਦਰਦੀ ਜ਼ਾਹਰ ਕਰਦਾ ਸੀ ਅਤੇ ਅੰਦਰੋ ਅੰਦਰੀਂ ਉਨ੍ਹਾਂ ਨੂੰ ਖਾਸ ਕਰਕੇ ਮਹਾਰਾਜਾ ਰਿਪੁਦਮਨ ਸਿੰਘ ਜੀ ਨਾਭਾ, ਨੂੰ ਖਤਮ ਕਰ ਦੇਣ ਵਿਚ ਹੀ ਆਪਣੀ ਭਲਾਈ ਸਮਝਦਾ ਸੀ।

1919 ਸੰਨ ੧੯੨੧ ਈ. ਵਿਚ ਜਲ੍ਹਿਆਂ ਵਾਲੇ ਬਾਘ ਦੇ ਖੂੰਨੀ ਸਾਕੇ ਪਿਛੋਂ ਸਾਰੇ ਦੇਸ਼ ਵਿਚ ਅਜ਼ਾਦੀ ਦੀ ਲਹਿਰ ਚਲ ਚੁਕੀ ਸੀ। ਸਿਖਾਂ ਉਤੇ ਅੰਗ੍ਰੇਜ਼ ਨੂੰ ਆਪਣੀ ਵਫਾਦਾਰੀ ਦਾ ਕਾਫੀ ਭਰੋਸਾ ਸੀ ਪਰ ਹੁਣ ਉਹ ਵੀ ਇਸ ਦੇ ਇਸ ਗੁਲਾਮੀ ਦੇ ਜਾਲ ਵਿਚੋਂ ਸੁਤੰਤਰ ਹੋਣਾ ਲੋਚਣ ਲਗ ਪਏ ਸਨ। ਪਰ ਫਿਰ ਵੀ ਬਹੁਤ ਸਾਰੇ ਸਿਖ ਸਰਦਾਰ ਅਤੇ ਉਨ੍ਹਾਂ ਦੀ ਜਥੇਬੰਦੀ 'ਚੀਫ-ਖਾਲਸ ਦੀਵਾਨ' ਤੇ ਸਿਖ ਰਿਆਸਤਾਂ ਤਾਂ ਅੰਗ੍ਰੇਜ਼ ਦੀਆਂ ਘੜੇ ਦੀਆਂ ਮਛੀਆਂ ਹੀ ਸਨ। ਸੋ ਦਿਆ ਕਿਸ਼ਨ ਕੌਲ ਅੰਗ੍ਰੇਜ਼ ਦਾ ਖਾਸ ਇਤਬਾਰੀ ਤੇ ਵਫ਼ਾਦਾਰ ਬੰਦਾ ਸੀ;ਉਹ ਹਰ ਚਾਲ ਸਿਖਾਂ ਨੂੰ ਇਸ ਅਜ਼ਾਦੀ ਦੇ ਘੋਲ ਤੋਂ ਦੂਰ ਰਖਣ ਲਈ ਚਲਦਾ ਸੀ। ਨਾਭਾ ਪਟਿਆਲਾ ਕੇਸ ਉਸੇ ਚਾਲ ਦਾ ਹੀ ਇਕ ਸਿਲਸਲਾ ਸੀ।

ਮੈਂ ਬਹੁਤੇ ਵਿਸਥਾਰ ਵਿਚ ਨਾ ਜਾ ਕੇ, ਕੇਵਲ ਇਹ ਦਸਣਾ ਹੀ ਜ਼ਰੂਰੀ ਸਮਝਦਾ ਹਾਂ ਕਿ ਇਸ ਝੇਟਿਆਂ ਦੇ ਭੇੜ ਵਿਚ ਉਸ ਗਰੀਬ ਝਾੜੀ ਗਿਆਨੀ ਗਿਆਨ



Digitized by Panjab Digital Library | www.panjabdigilib.org

ਸਿੰਘ ਜੀ ਦਾ ਵੀ ਖਉ ਹੋ ਗਿਆ । ਪਹਿਲੀ ਮਾਤ "ਖਾਲਸਾ ਟਰੈਕਟ ਸੁਸਾਇਟੀ" ਨੇ ਪਾਈ ਸੀ ਅਤੇ ਨਵੀਂ ਸ਼ਹਿ ਤੋਂ ਆਸ ਬਝੀ ਸੀ ਕਿ ਬਾਜ਼ੀ ਅਗੇ ਚਲ ਪਵੇਗੀ ਅਤੇ ਹੁਣ ਗਿਆਨੀ ਜੀ ਸਾਰੀਆਂ ਰੋਕ ਰੁਕਾਵਟਾਂ, ਵਿਘਨ ਦੂਰ ਕਰਕੇ ਅਵੱਸ਼ ਹੀ ਬਾਜ਼ੀ ਜਿਤ ਕੇ ਵਿਜੇਤਾ ਹੋ ਜਾਣਗੇ ਪਰ ਆਹ ! ਦਿਨਾਂ ਦੇ ਭੈੜੇ ਫੇਰ ਨੇ ਸੋਨਾ ਮਿਟੀ ਵਿਚ ਪਰੀਵਰਤ ਕਰ ਕੇ ਰਖ ਦਿਤਾ । ਸ੍ਰੀ ਦਿਆ ਕਿਸ਼ਨ ਕੌਲ ਦੀਆਂ ਚਾਲਾਂ ਨੇ ਇਹ ਬਾਜ਼ੀ ਵੀ ਮਾਤ ਪਾ ਦਿਤੀ । ਪਤਾ ਨਹੀਂ ਉਹ ਇਕ ਲੱਖ ਪੈਂਤੀ ਹਜ਼ਾਰ ਕਿਧਰ ਗਿਆ ਅਤੇ ਕਿਧਰ ਗਏ ਤਵਾਰੀਖੀ ਹਥ ਲਿਖਤ ਖਰੜੇ ?

ਮੇਰੇ ਕੋਲ ਉਸ ਸਮੇਂ ਦਾ ਇਕ ਟਰੈਕਟ 'ਸਚ ਦਾ ਪ੍ਰਕਾਸ਼' ਪਿਆ ਹੈ । ਇਸ ਵਿਚ 'ਤਵਾਰੀਖ ਗੁਰੂ ਖਾਲਸਾ' ਨੂੰ ਨਾ ਛਪਣ ਦੇਣ ਦਾ ਦੋਸ਼, ਕੁਝ ਪ੍ਰਸਿਧ ਸਿਖ ਸਰਦਾਰਾਂ, ਸਰ ਸੁੰਦਰ ਸਿੰਘ ਜੀ ਮਜੀਠਾ, ਸਰਦਾਰ ਬਹਾਦਰ ਕਾਹਨ ਸਿੰਘ ਜੀ ਨਾਭਾ ਸਰਦਾਰ ਗੁਰਨਾਮ ਸਿੰਘ ਜੀ ਆਦਿ ਤੇ ਲਾਇਆ ਹੈ । ਪਰ ਸ੍ਰੀ ਦਿਆ ਕਿਸ਼ਨ ਜੀ ਦੀ ਲੋੜ ਤੋਂ ਵਧ ਤਾਰੀਫ਼ ਕੀਤੀ ਗਈ ਹੈ । ਜਿਸ ਦੇ ਪੜ੍ਹਨ ਤੋਂ ਇਹ ਗਲ ਆਪਣੇ ਆਪ ਪ੍ਰਗਟ ਹੋ ਜਾਂਦੀ ਹੈ ਕਿ ਇਹ ਸਾਰਾ ਤਮਾਸ਼ਾ ਸੀ ਪੰਡਤ ਕੌਲ ਜੀ ਦਾ ਹੀ ਰਚਿਆ ਹੋਇਆ ਸੀ । ਹੋ ਸਕਦਾ ਹੈ ਕਿ ਗਿਆਨੀ ਜੀ ਦੀ ਕਿਸੇ ਲਿਖਤ ਨਾਲ ਇਨ੍ਹਾਂ ਸਿਖ ਸਰਦਾਰਾਂ ਦਾ ਵਿਖੇਵਾਂ ਜਾਂ ਮਤ ਭੇਦ ਹੋਵੇ, ਪਰ ਇਸ ਪੁਤਲੀ ਦੀ ਤਾਰ ਹਿਲਾਉਣ ਵਾਲੇ ਮੁਖ ਪਾਤਰ ਪੰਡਤ ਕੌਲ ਜੀ ਹੀ ਜਾਪਦੇ ਹਨ । ਕੁਝ ਵੀ ਕਿਉਂ ਨਾ ਹੋਵੇ ਪਰ ਇਹ ਗਲ ਇਕ ਖਾਸ ਸੋਚ ਦਾ ਵਿਸ਼ਾ ਬਣ ਕੇ ਦਿਮਾਗ ਵਿਚ ਚਕਰ ਕਟਦੀ ਹੋਈ ਪੁਛਦੀ ਹੈ ਕਿ ਆਖਰ ਉਹ ਇਕ ਲਖ ਪੈਂਤੀ ਹਜ਼ਾਰ ਕਿਥੇ ਗਿਆ ? ਦੁਬਾਰਾ ਪੁਸਤਕ ਪ੍ਰਕਾਸ਼ਤ ਕਿਉਂ ਨਾ ਹੋ ਸਕੇ ? ਇਸ ਗਲ ਦਾ ਜਵਾਬ ਨਾ ਇਸ ਟਰੈਕਟ ਵਿਚੋਂ ਹੀ ਲਭਦਾ ਹੈ, ਨਾ ਹੀ ਇਸ ਸਬੰਧੀ ਕੁਝ ਹੋਰ ਹੀ ਪਤਾ ਚਲਦਾ ਹੈ । ਅੰਤ ਇਹ ਆਖਕੇ ਹੀ ਸਬਰ ਕਰਨਾ ਪੈਂਦਾ ਹੈ ਕਿ-"ਦਿਨਨ ਕੋ ਫੇਰ ਹੋਤ ਮੇਰ ਹੋਤ ਪਾਈ ਕੋ"

## ਨਾਮਧਾਰੀ ਦਰਬਾਰ ਤੇ ਗਿਆਨੀ ਗਿਆਨ ਸਿੰਘ

ਸ੍ਰੀ ਮਾਨ ਗਿਆਨੀ ਗਿਆਨ ਸਿੰਘ ਜੀ, ਬਹੁਤ ਵਿਦਵਾਨ ਤੇ ਨਿਰਪਖ ਇਤਿਹਾਸ ਲੇਖਕ ਸਨ । ਉਨ੍ਹਾਂ ਹਰ ਗਲ ਨੂੰ ਬਹੁਤ ਘੋਖ ਕੇ, ਖੋਜ ਪੜਤਾਲ ਕਰਕੇ, ਵਿਚਾਰ ਕਰਕੇ ਹੀ ਆਪਣੀ ਲਿਖਤ ਵਿਚ ਥਾਂ ਦਿਤੀ ਹੈ । ਮਹਾਰਾਜ ਰਣਜੀਤ ਸਿੰਘ



Digitized by Panjab Digital Library | www.panjabdigilib.org

ਦਾ ਸਮਾਂ ਤਾਂ ਸਾਰੇ ਦਾ ਸਾਰਾ ਉਨ੍ਹਾਂ ਆਪਣੀ ਅੱਖੀਂ ਡਿਠਾ ਹੀ ਸੀ, ਪਰ ਓਹ ਉਨ੍ਹਾਂ ਵਯੱਕਤੀਆਂ ਨੂੰ ਵੀ ਲੱਭ-ਲੱਭ ਕੇ ਮਿਲਦੇ ਰਹੇ ਸਨ, ਜਿਨ੍ਹਾਂ ਨੇ ਸਾਹਿਬ ਸ੍ਰੀ ਗੁਰੂ ਗੋਬੰਦ ਸਿੰਘ ਜੀ ਦੇ ਦਰਸ਼ਨ ਕੀਤੇ ਸਨ ਅਤੇ ਬਾਬੇ ਬੰਦੇ ਦਾ ਜ਼ਮਾਨਾ ਚੰਗੀ ਤਰ੍ਹਾਂ ਡਿਠਾ ਹੋਇਆ ਸੀ। ਗਿਆਨੀ ਜੀ ਦੀ ਕਲਮ, ਸਚਾਈ ਦੇ ਰਸਤੇ ਤੇ ਜ਼ਰਾ ਵੀ ਇਧਰ ਉਧਰ ਨਹੀਂ ਭਟਕੀ। ਪੱਖ ਪਾਤ ਨੂੰ ਉਨ੍ਹਾਂ ਆਪਣੇ ਨੇੜੇ ਵੀ ਫਟਕਣ ਨਹੀਂ ਦਿਤਾ। ਉਹ ਸਿਖਾਂ ਵਿਚ, ਇਲਾਕਾਈ ਭਾਵਨਾ, ਭਾਵ, ਮਾਝਾ-ਮਾਲਵਾ, ਨੂੰ ਚੰਗਾ ਨਹੀਂ ਸਨ ਸਮਝਦੇ। ਸਚ ਲਿਖਣ ਵਿਚ ਉਨ੍ਹਾਂ ਮਲਵਈ ਹੁੰਦਿਆਂ ਵੀ ਮਲਵਈਆਂ ਨੂੰ ਮਾਫ ਨਹੀਂ ਕੀਤਾ ਅਤੇ ਨਾਂ ਹੀ ਖਾਹ ਮਖਾਹ, ਮਝੈਲਾਂ ਨੂੰ ਭੰਡਿਆ ਹੀ ਹੈ, ਗਿਆਨੀ ਗਿਆਨ ਸਿੰਘ ਜੀ ਹੀ ਇਕ ਅਜਿਹੇ ਸਾਹਿੱਤਕਾਰ ਇਤਿਹਾਸਕਾਰ ਸਨ ਜਿਨ੍ਹਾਂ ਸਮੂਹ ਸ੍ਰੀ ਗੁਰੂ ਨਾਨਕ ਸੰਪ੍ਰਦਾਵਾਂ ਨੂੰ ਸਿਖ ਧਰਮ ਦੇ ਮਹਾਨ ਰੁਖ ਦੀਆਂ ਸ਼ਾਖਾਂ ਆਖਕੇ ਸਨਮਾਨਤ ਕੀਤਾ ਹੈ ਅਤੇ ਆਪਣੇ ਪ੍ਰਸਿਧ ਪੁਸਤਕ 'ਪੰਥ ਪ੍ਰਕਾਸ਼' ਵਿਚ ਸਮੂਹ ਸਿਖ ਸੰਪ੍ਰਦਾਵਾਂ ਨੂੰ ਸਨਮਾਨਤ ਕਰਦਿਆਂ ਮੰਡਨ ਰੂਪ ਵਿਚ ਹੀ ਪੇਸ਼ ਕੀਤਾ ਹੈ।

ਨਾਮਧਾਰੀਆਂ ਸਬੰਧੀ ਉਨ੍ਹਾਂ ਆਪਣੇ ਪੰਥ ਪ੍ਰਕਾਸ਼ ਵਿਚ, 'ਕਥਾ ਕੂਕਿਆਂ' ਦੇ ਸਿਰ ਲੇਖ ਹੇਠ ੨੮ ਕਬਿਤ ਲਿਖੇ ਹਨ, ਜਿਨਾਂ ਵਿਚ ਅਤਕਥਨੀ ਤੋਂ ਕੋਈ ਵੀ ਕੰਮ ਨ ਲੈਂਦਿਆਂ ਸਹੀ-ਸਹੀ ਤੇ ਸਚ-ਸਚ ਲਿਖਣ ਦਾ ਜਤਨ ਕੀਤਾ ਹੈ। ਗਿਆਨੀ ਜੀ ਹੀ ਸਮੇ ਦੇ ਇਕ ਮਹਾਨ ਵਯੱਕਤੀ ਸਨ ਜਿਨ੍ਹਾਂ ਨੇ ਅੰਗ੍ਰੇਜ਼ ਦੇ ਜ਼ੁਲਮ ਤਸ਼ੱਦਦ ਤੇ ਜਬਰ ਦੀ ਪ੍ਰਵਾਹ ਨਾ ਕਰਦਿਆਂ ਉਸ ਮਹਾਨ ਇਤਿਹਾਸਕ ਵਿਪਤਾ ਸਮੇਂ ਨਾਮਧਾਰੀਆਂ ਦੇ ਅਲੇ ਫੱਟਾਂ ਤੇ ਹਮਦਰਦੀ ਦੀ ਮਲ੍ਹਮ ਲਾਈ ਸੀ। ਉਨ੍ਹਾਂ ਆਪਣੇ ਇਤਿਹਾਸ ਦੇ ਅੰਤਮ ਹਿਸੇ, 'ਪੰਥ ਖਾਲਸਾ' ਵਿਚ ਲਿਖਿਆ ਹੈ (ਜਿਸ ਦੀ ਮੈਨੂੰ ਅਪ੍ਰਕਾਸ਼ਤ ਨਕਲ ਉਨ੍ਹਾਂ ਨੇ ਅਪਾਰ ਕਿਰਪਾ ਕਰਕੇ ਬਖਸ਼ੀ ਸੀ) ਕਿ "ਸ੍ਰੀ ਮਹਾਰਾਜ ਬਾਬਾ ਰਾਮ ਸਿੰਘ ਜੀ ਨਾਲ ਅਸੀਂ ਕਈ ਦਿਨ ਰਹੇ ਅਤੇ ਨਾਨਕ ਪ੍ਰਕਾਸ਼ ਦੀ ਕਥਾ ਕਰਕੇ ਸਰਵਣ ਕਰਾਉਂਦੇ ਰਹੇ"

ਅੰਗ੍ਰੇਜ਼ ਨੇ ਕੂਕਾ ਲਹਿਰ ਨੂੰ ਪੰਜਾਬ ਵਿਚ ਫੈਲਣ ਤੋਂ ਜਿਥੇ ਜ਼ੁਲਮ ਤੇ ਤਸ਼ੱਦਦ ਦੇ ਬੰਨ ਲਾਏ ਉਥੇ ਗਲਤ ਪ੍ਰਾਪੇਗੰਡਾ ਵੀ ਕਰਾਇਆ। ਆਪਣੇ ਪਿਠੂ ਪੁਜਾਰੀਆਂ, ਜਗੀਰ ਦਾਰਾਂ, ਸਿਖ ਆਗੂਆਂ ਤੇ ਤਖਤਾਂ ਦੇ ਜਥੇਦਾਰਾਂ ਤੋਂ ਇਹ ਲਿਖਵਾ ਕੇ ਸਾਰੇ ਧੁਮਾ ਦਿਤਾ



Digitized by Panjab Digital Library | www.panjabdigilib.org

ਸੀ ਕਿ—"ਕੂਕੇ ਮੁਸਲਮਾਨੀ ਕਲਾਮ ਪੜ੍ਹਦੇ ਹਨ ਐਪਰ ਗਿਆਨੀ ਜੀ ਨੇ ਨਿਰਭੈਤਾ ਨਾਲ ਇਸਦਾ ਖੰਡਨ ਕਰ ਦਿਆਂ ਕਿਹਾ—"ਕੋਊ ਜੋ ਕਹਿਤ ਥੇ ਕਲਾਮ ਦੀਨੀ ਸੱਯਦਾਨੀ ਸੋਊ ਸਭ ਦੂਰ ਹਮ ਪੇਖਿਓ ਅਜ਼ਮਾਇਕ।' ਨਾਮ ਧਾਰੀ ਪੰਥ ਖਾਸ ਕਰਕੇ ਨਾਮਧਾਰੀ ਦਰਬਾਰ ਗਿਆਨੀ ਜੀ ਦੀਆਂ ਇਨ੍ਹਾਂ ਲਿਖਤਾਂ ਤੇ ਬਹੁਤ ਹੀ ਪ੍ਰਸੰਨ ਸੀ.ਅਤੇ ਉਸਨੇ ਆਪਣੇ ਵਾਲੀ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ ਫੈਸਲਾ ਕੀਤਾ ਕਿ—ਸ੍ਰੀ ਮਾਨ ਗਿਆਨੀ ਗਿਆਨ ਸਿੰਘ ਜੀ ਨੂੰ ਨਾਮਧਾਰੀ ਦਰਬਾਰ ਵਲੋਂ ਸਿਰੋਪਾ ਦਿਤਾ ਜਾਵੇ। ਮੈਂ ਕਿਉਂਕਿ ਨਾਮਧਾਰੀ ਦਰਬਾਰ ਦਾ ਇਕ ਅਦਨਾ ਜਿਹਾ ਸੇਵਕ ਸਾਂ ਅਤੇ ਦਰਬਾਰ ਦਾ ਮੰਤਰੀ ਭਾਵ ਸਕੱਤਰ ਵੀ ਸਾਂ ਇਸ ਲਈ ਮੇਰੇ ਵਾਲੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹਕਮ ਦਿਤਾ ਕਿ ਮੈਂ ਗਿਆਨੀ ਜੀ ਦੇ ਦਰਸ਼ਨ ਵੀ ਕਰਾਂ ਤੇ ਨਾਲ ਹੀ ੧੦੧) ਰੁਪੱਈਆ, ਇਕ ਕੇਸ਼ਮੀ ਦਸਤਾਰ, ਮਾਲਾ, ਗੜਵਾ, ਆਸਣ ਤੇ ਪਊਏ ਭੇਟ ਕਰਕੇ ਆਵਾਂ।

ਉਨ੍ਹਾਂ ਦਿਨਾਂ ਵਿਚ ਗਿਆਨੀ ਜੀ ਨਾਭੇ ਰਹਿੰਦੇ ਸਨ। ਨਾਭੇ ਉਹ ਕਿਵੇਂ ਗਏ ਸਨ, ਜਿਥੋਂ ਤੀਕ ਮੇਰੀ ਵਾਕਫੀਅਤ ਹੈ ਕਿ ਮਹਾਰਾਜ ਨਾਭਾ ਨੇ ਰਾਤ ਨੂੰ ਕਾਰ ਭੇਜਕੇ ਪਟਿਆਲੇ ਤੋਂ ਚੋਰੀ ਗਿਆਨੀ ਜੀ ਨੂੰ ਨਾਭੇ ਲੈ ਆਂਦਾ ਸੀ। ਦਿਨੇ ਪਤਾ ਲਗ ਜਾਣ ਤੇ ਮਹਾਰਾਜ ਪਟਿਆਲਾ ਬਹੁਤ ਗੁਸੇ ਹੋਏ ਅਤੇ ਹਥ ਮਲਦੇ ਰਹਿਗਏ ਪਰ ਹੁਣ ਹੋ ਕੀ ਸਕਦਾ ਸੀ। ਉਸ ਸਮੇਂ ਇਹ ਦੋਵੇਂ ਸਿਖ ਰਿਆਸਤਾਂ, ਗਿਆਨੀ ਜੀ ਨੂੰ ਅੰਤ ਸਮੇਂ ਆਪਣੇ ਆਸ਼ਰਤ ਰਖਕੇ, ਸੇਵਾ ਦਾ ਮਾਣ ਲੈਣਾ ਚਾਹੁੰਦੀਆਂ ਸਨ। ਮਹਾਰਾਜਾ ਪਟਿਆਲਾ ਤੇ ਇਸ ਲਈ ਗਿਆਨੀ ਜੀ ਤੇ ਆਪਣਾ ਹਕ ਜਤਾਉਂਦੇ ਹੋਏ ਅਪਣੱਤ ਜ਼ਾਹਰ ਕਰਦੇ ਸਨ ਗਿਆਨੀ ਜੀ ਦਾ ਪਿੰਡ ਰਿਆਸਤ ਪਟਿਆਲਾ ਵਿਚ ਸੀ ਅਤੇ ਮੁਢਲੇ ਦਿਨਾਂ ਵਿਚ ਸਰਵਿਸ ਵਿਚ ਵੀ ਪਟਿਆਲੇ ਹੀ ਰਹੇ ਸਨ। ਫਿਰ ਮਹਾਰਾਜਾ ਪਟਿਆਲਾ ਨੇ ਪੁਸਤਕਾਂ ਦੀ ਛਪਵਾਈ ਲਈ ਇਕ ਚੋਖੀ ਰਕਮ ਰਾਖਵੀਂ ਰਖ ਦਿਤੀ ਸੀ ਅਤੇ ਉਨ੍ਹਾਂ ਦੇ ਭਰਾ ਦੇ ਦੋਹਤਰੇ, ਸ੍ਰੀ ਮਾਨ ਗਿਆਨੀ ਹਮੀਰ ਸਿੰਘ ਜੀ ਨੂੰ ਚੰਗੀ ਤਨਖਾਹ ਦੇ ਕੇ ਸਤਕਾਰ ਨਾਲ ਆਪਣੇ ਕੋਲ ਰਖਿਆ ਸੀ। ਪਰ-ਮਹਾਰਾਜਾ ਨਾਭਾ ਗਿਆਨੀ ਜੀ ਤੇ ਆਪਣਾ ਹੱਕ ਇਕ ਨਜ਼ਦੀਕੀ ਰਿਸ਼ਤੇਦਾਰ ਹੋਣ ਕਰਕੇ ਵਧੀਕ ਸਮਝਦੇ ਸਨ, ਕਿਉਂਕਿ ਮਹਾਰਾਜਾ ਰਿਪੁਦਮਨ ਸਿੰਘ ਜੀ ਗਿਆਨੀ ਜੀ ਦੇ ਸਕੇ ਭਰਾ ਦੀ ਧੀ ਦੇ ਸਪੁਤਰ ਸਨ ਇਸ ਲਈ ਗਿਆਨੀ ਜੀ ਦੇ



Digitized by Panjab Digital Library | www.panjabdigilib.org

ਦੋਹਤਰਿਆਂ ਦੇ ਥਾਂ ਲਗਦੇ ਸਨ ਅਤੇ ਉਹ (ਮਹਾਰਾਜਾ ਨਾਭਾ) ਉਨ੍ਹਾਂ ਨੂੰ ਆਦਰ ਮਾਣ ਤੇ ਸਤਕਾਰ ਨਾਲ "ਨਾਨਾ ਜੀ" ਆਖ ਕੇ ਹੀ ਸੰਬੋਧਨ ਕੀਤਾ ਕਰਦੇ ਸਨ।

ਨਾਭੇ ਵਿਚ ਨਾਮਧਾਰੀ ਦਰਬਾਰ ਦੀ ਇਕ ਮਹਾਨ ਆਤਮਾ, ਮਾਈ ਹੁਕਮੀ ਵੀ ਰਹਿੰਦੀ ਸੀ। ਇਹ ਜੁਆਨੀ ਵਿਚ ਹੀ ਸਤਿਗੁਰੂ ਜੀ ਦੀ ਸ਼ਰਨ ਆਈ ਤੇ ਸਭੋ ਕੁਝ ਘਰ ਬਾਰ ਗ੍ਰਹਸਤ ਦੇ ਟੰਟੇ ਛਡ ਛਡਾ ਦਸਤਾਰ, ਕਛਹਿਰੇ ਨਾਲ ਲੰਮਾ ਚੋਗਾ ਪਹਿਨ, ਸੁਆਸ-ਸੁਆਸ ਨਾਮ ਜਪਦੀ ਤੇ ਬਾਣੀ ਪੜ੍ਹਦੀ ਸੀ। ਰਾਗ ਦੀ ਸਮਝ ਸੀ, ਕੀਰਤਨ ਕਰਨ ਵਿਚ ਨਿਪੁੰਨ ਸੀ। ਮਹਾਰਾਜਾ ਰਿਪੁਦਮਨ ਸਿੰਘ ਉਨ੍ਹਾਂ ਨੂੰ 'ਮਹਾ-ਤਮਾ ਜੀ' ਆਖ ਕੇ ਸਤਕਾਰ ਕਰਦੇ ਅਤੇ ਆਪਣੇ ਮਹਿਲਾਤ ਵਿਚ ਹੀ ਰਖਦੇ। ਇਨ੍ਹਾਂ ਦੀ ਉਮਰ ਵੀ ਇਕ ਸੌ ਨੂੰ ਢੁਕਦੀ ਸੀ ਪਰ ਅੰਮ੍ਰਿਤ ਵੇਲੇ ਦਾ ਅਸ਼ਨਾਨ, ਪੰਜ ਬਾਣੀ ਦਾ ਪਾਠ ਤੇ ਨਾਮ ਸਿਮਰਨ ਵਿਚ, ਬੀਮਾਰੀ ਸਮੇਂ ਵੀ ਆਲਸ ਨਹੀਂ ਸਨ ਕਰਦੇ। ਸਤਿਗੁਰੂ ਰਾਮ ਸਿੰਘ ਜੀ ਨੇ ਇਨ੍ਹਾਂ ਨੂੰ ਮਾਈਆਂ ਦੀ ਜਥੇਬੰਦੀ ਲਈ ਸੂਬਾ ਵੀ ਨੀਯਤ ਕੀਤਾ ਸੀ। ਇਹ ਜਿਹਲ ਵਿਚ ਵੀ ਕਾਫੀ ਸਮਾ ਰਹੇ। ਮੈਨੂੰ ਇਨ੍ਹਾਂ ਕੋਲ ਜਾਕੇ, ਇਨ੍ਹਾਂ ਨੂੰ ਨਾਲ ਲੈਕੇ ਹੀ ਗਿਆਨੀ ਜੀ ਨੂੰ ਮਿਲਣ ਦਾ ਆਦੇਸ਼ ਸੀ। ਇਸ ਲਈ ੫ ਸਾਵਣ ੧੯੭੮ ਮੁਤਾਬਕ ੨੦ ਜੁਲਾਈ ਸੰਨ ੧੯੨੧ ਈ: ਨੂੰ ਮੈਂ ਨਾਭੇ ਪੁਜ ਕੇ ਸ੍ਰੀ ਮਹਾਤਮਾ ਜੀ ਨੂੰ ਨਾਲ ਲੈਕੇ ਸਿਖ ਕੌਮ ਦੇ ਮਹਾਂ ਵਿਦਵਾਨ, ਪੂਰਨ ਤਪੱਸਵੀ, ਨਿਰਲੋਭ ਨਿਰ ਸੁਆਰਥ, ਪ੍ਰਸਿਧ ਸਾਹਿੱਤਕਾਰ ਤੇ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਜੀ ਦੇ ਚਰਨਾਂ ਵਿਚ ਸ਼ਰਧਾਂਜਲੀ ਅਰਪਨ ਕਰਨ ਲਈ ਹਾਜ਼ਿਰ ਹੋਇਆ। ਭਾਵੇਂ ਉਮਰਾਂ ਦਾ ਸੂਰਜ ਪੂਰਬ ਦਿਸ਼ਾ ਤੋਂ ਪਛੋਂ ਵਲ ਲੁਕਣ ਲਈ ਵਗੋ ਤਗੀ ਨਸਾ ਜਾ ਰਿਹਾ ਸੀ ਪਰ ਛਿਪ ਰਹੇ ਸੂਰਜ ਦੇ ਤੇਜ ਅਗੇ ਜਿਵੇਂ ਅੱਖ ਨਹੀਂ ਟਿਕਦੀ ਤਿਵੇਂ ਇਸ ਯੋਗੀ-ਰਾਜ ਮਹਾਪੁਰਸ਼ ਮਹਾਤਮਾ ਦਾ ਵਿਸ਼ਾਲ ਸਭਰਾਵਾਂ ਦੇ ਮੈਦਾਨ ਜਿਹਾ ਚਉੜਾ ਮੱਥਾ, ਬ੍ਰਹਮ ਚਰਜ ਦੇ ਪ੍ਰਭਾਵ ਨਾਲ ਅਜ ਵੀ ਦਮਕਾਂ ਮਾਰ ਰਿਹਾਸੀ,ਜਿਸ ਅਗੇ ਮੇਰੀ ਜੁਆਨੀ ਸ਼ਰਮ ਨਾਲ ਪਾਣੀ-ਪਾਣੀ ਹੁੰਦੀ ਜਾ ਰਹੀ ਸੀ। ਅੱਖਾਂ ਦੀ ਬਲੌਰੀ ਭਾਹ ਅਜੇ ਵੀ ਸੁਰਖਸ਼ਤ ਸੀ ਅਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਦਾ ਭੇਜਿਆ ਹੋਇਆ ਪਤਰ ਬਿਨਾ ਐਨਕ ਦੇ ਸਹਾਰੇ ਤੋਂ ਝੱਟ ਪੱਟ ਸਾਰੇ ਦਾ ਸਾਰਾ ਬੇਰੋਕ ਪੜ੍ਹ ਗਏ। ਜਦ ਮੈਂ ਦਸਤਾਰ ਅਗੇ ਰਖੀ ਤਦ ਝਟ ਪਟ ਸੀਸ ਤੇ ਸਜਾ ਲਈ ਅਤੇ ਫਿਰ ਅਖੀਆਂ ਵਿਚ ਜਲ ਭਰਕੇ



Digitized by Panjab Digital Library | www.panjabdigilib.org

ਇਕ ਡੂੰਘਾ ਹਉਕਾ ਭਰਿਆ। ਕੁਝ ਚਿਰ ਇਸ ਵਿਸਮਾਦੀ ਮਸਤੀ ਜਿਹੀ ਵਿਚ ਬਤੀਤ ਕਰਕੇ, ਅੰਤ ਭਰੇ ਹੋਏ ਗਲੇ ਨਾਲ ਮੇਰੀ ਕੰਡ ਤੇ ਹੱਥ ਫੇਰਦਿਆਂ ਫੁਰਮਾਇਆ—"ਮਹਾਤਮਾ ਜੀ ! ਤੁਹਾਡੇ ਤੇ ਤੁਹਾਡੇ ਨਾਲ ਆਏ ਇਸ ਨਾਮਧਾਰੀ ਦਰਬਾਰ ਦੇ ਪ੍ਰਤੀ-ਨਿਧਿ ਦੇ ਬਹੁਤ ਹੀ ਸ਼ੁਕਰ ਗੁਜ਼ਾਰ ਤੇ ਧੰਨਵਾਦੀ ਹਾਂ। ਸਾਡੀ ਇਹ ਸਦੀਵੀ ਰੀਝ ਰਹੀ ਕਿ ਸਾਡੀਆਂ ਕੀਤੀਆਂ ਪੰਥਕ ਸੇਵਾਵਾਂ ਤੇ ਲਿਖਤਾਂ ਦੀ ਪੰਥ ਕਦਰ ਕਰੇ। ਪਰ ਕਦਰ ਤੇ ਕਿਸੇ ਕੀ ਕਰਨੀ ਸੀ, ਉਨ੍ਹਾਂ ਨੂੰ ਆਮ ਹੱਥਾਂ ਵਿਚ ਦੇਣ ਤੋਂ ਵੀ ਵਾਂਝਿਆ ਹੀ ਰਖਿਆ ਗਿਆ। ਅਜ ਉਹ ਅਜਿਹੇ ਥਾਂ ਪੁਜ ਚੁਕੀਆਂ ਹਨ ਜਿਥੋਂ ਉਹ ਸ਼ਾਇਦ ਹੀ ਕਦੇ ਨਿਕਲ ਸਕਣ। ਮੇਰੀਆਂ ਅੱਖਾਂ ਇਹ ਵੇਖਣ ਲਈ ਹੀ ਕੁਝ ਖੁਲ੍ਹੀਆਂ ਹਨ ਤੇ ਹਾਲਾਂ ਮਿਚਣਾ ਨਹੀਂ ਚਾਹੁੰਦੀਆਂ ਕਿ ਇਕ ਵਾਰ ਇਹ ਆਪਣੀ ਮਿਹਨਤ ਸਫਲ ਹੋਈ ਵੇਖ ਸਕਣ। ਪਰ ! ਪਤਾ ਨਹੀਂ ਸਤਿਗੁਰੂ ਜੀ ਨੂੰ ਕੀ ਮਨਜ਼ੂਰ ਹੈ। ਮੈਂ ਆਪਣੀ ਰੀਝ ਵਿਚੇ ਲੈ ਕੇ ਸਤਿਗੁਰੂ ਜੀ ਦੇ ਚਰਨਾਂ ਵਿਚ ਸਦੀਵੀ ਨਿਵਾਸ ਕਰਨ ਜਾ ਰਿਹਾ ਹਾਂ। ਪਰ ਅਜ ਮੈਂ ਕੁਝ, ਨਹੀਂ-ਨਹੀਂ ਬਹੁਤ ਹੱਦ ਤੀਕ ਪ੍ਰਸੰਨ ਹਾਂ ਕਿ ਮੇਰੀ ਇਕ ਰੀਝ ਪੂਰੀ ਹੋ ਗਈ। ਉਹ ਇਹ ਕਿ ਪੰਥ ਨੇ ਮੇਰੀ ਘਾਲੀ ਘਾਲ ਨੂੰ ਪ੍ਰਵਾਨ ਕਰਕੇ, ਮੈਨੂੰ ਉਹ ਮਾਣ ਦੇਕੇ ਨਿਵਾਜ ਦਿਤਾ ਹੈ, ਜਿਸ ਦੀ ਮੈਨੂੰ ਚਾਹਨਾ ਸੀ, ਲੋਚਾ ਸੀ, ਰੀਝ ਸੀ। ਮੈਂ ਕੂਕਿਆਂ ਨੂੰ ਸਿਖ ਪੰਥ ਦਾ ਨਾ ਇਕ ਨਿਰੋਇਆ ਅੰਗ ਹੀ ਨਹੀਂ ਸਮਝਦਾ ਸਗੋਂ ਮਰ ਚੁਕੀ ਪੰਥਕ ਜ਼ਿੰਦਗੀ ਵਿਚ ਨਵ ਜੀਵਨ ਸੰਚਾਰਤ ਕਰਕੇ ਪੁਨਰ ਜੀ ਦਾਨ ਦੇਣ ਵਾਲੀ ਇਕ ਮਹਾਨ ਭਾਵਨਾ ਦਾ ਪ੍ਰਵਰਤਕ ਸਮਝਕੇ ਆਦਰ ਕਰਦਾ ਹਾਂ। ਮੇਰੀ ਅਰਦਾਸ ਹੈ ਕਿ ਨਾਮਧਾਰੀ ਪੰਥ ਵਧੇ ਫੁਲੇ ਅਤੇ ਇਹ ਇਸੇ ਤਰਾਂ ਪੰਥਕ ਸੇਵਕਾਂ ਨੂੰ ਉਤਸ਼ਾਹਤ ਕਰਕੇ ਉਨ੍ਹਾਂ ਦਾ ਮਾਣ ਵਧਾਉਣ ਵਿਚ ਸਹਾਇਕ ਹੁੰਦਾ ਰਹੇ। ਸ੍ਰੀ ਹਜ਼ੂਰ ਮਹਾਰਾਜ ਪ੍ਰਤਾਪ ਸਿੰਘ ਜੀ ਨੂੰ ਮੇਰੇ ਵਲੋਂ ਨਮਸ਼ਕਾਰ ਕਰਦਿਆਂ ਅਰਜ਼ ਕਰਨਾ, ਕਿ ਮੈਂ ਹੁਣ ਬਹੁਤ ਖੁਸ਼ੀ-ਖੁਸ਼ੀ ਗੁਰਪੁਰੀ ਨੂੰ ਬਹੁਤ ਜਲਦੀ ਹੀ ਪ੍ਰਸਥਾਨ ਕਰਾਂਗਾ।"

ਇਹ ਆਖਕੇ ਉਹ ਚੁਪ ਕਰ ਗਏ। ਮੈਂ ਕੁਝ ਗਲਾਂ ਸਿਖ ਇਤਿਹਾਸ ਸਬੰਧੀ ਪੁਛੀਆਂ ਜਿਨ੍ਹਾਂ ਦਾ ਉਤਰ ਉਨ੍ਹਾਂ ਬਹੁਤ ਠਰੰਮੇ ਤੇ ਦਲੀਲ ਨਾਲ ਦੇ ਕੇ ਮੇਰੀ ਤਸੱਲੀ ਕੀਤੀ। ਮੈਂ ਤਿੰਨ ਦਿਨ ਨਾਭੇ ਰਹਿਕੇ ਸੇਵਾ ਵਿਚ ਹਾਜ਼ਰ ਹੁੰਦਾ ਰਿਹਾ। ਮੈਨੂੰ ਉਨ੍ਹਾਂ 'ਪੰਥ-ਖਾਲਸਾ' ਦੀ ਉਹ ਵਾਰਤਕ ਲਿਖਤ ਵੀ ਦਸੀ ਜੋ ਉਨ੍ਹਾਂ ਨੇ ਨਾਮਧਾਰੀਆਂ ਸਬੰਧੀ,



Digitized by Panjab Digital Library | www.panjabdigilib.org

ਆਪਣੇ ਨਵ ਨਿਰਮਤ ਇਤਿਹਾਸ ਲਈ ਨਿਰਮਾਣ ਕੀਤੀ ਸੀ। ਅੰਤ ਬਹੁਤ ਸਾਰੀਆਂ ਅਸੀਸਾਂ ਲੈ ਕੇ ਅਤੇ ਸ਼ੰਕਾ ਸਮਾਧਾਨ ਕਰਾਕੇ ਸ੍ਰੀ ਭੈਣੀ ਸਾਹਿਬ ਮੁੜ ਆਇਆ।

ਕੁਝ ਦਿਨਾਂ ਪਿਛੋਂ ਇਕ ਦਿਨ ਇਕ ਪੱਤਰ ਪ੍ਰਾਪਤ ਹੋਇਆ, ਜਿਸ ਵਿਚ ਇਹ ਮਹਾਨ ਦੁਖਦਾਈ ਖਬਰ ਅੰਕਤ ਕੀਤੀ ਗਈ ਸੀ ਕਿ—ਪ੍ਰਸਿਧ ਸਿਖ ਵਿਦਵਾਨ, ਵਿਗਿਆਨਕ ਸਿਖ ਇਤਿਹਾਸ ਦੇ ਲੇਖਕ, ਗਿਆਨੀ ਗਿਆਨ ਸਿੰਘ ਜੀ, ੯ ਅੱਸੂ ੧੯੭੮ ਮੁਤਾਬਕ ੨੪ ਸਤੰਬਰ ੧੯੨੧ ਈਸਵੀ ਨੂੰ ਗੁਰਪੁਰੀ ਸਿਧਾਰ ਗਏ ਹਨ।

1978 [ਨੋਟ: ਗਿਆਨੀ ਗਿਆਨ ਸਿੰਘ ਜੀ ਦੇ ਇਸ ਲੇਖ ਦੀ ਸਮੱਗਰੀ ਮੈਨੂੰ ਉਨ੍ਹਾਂ ਦੇ ਸਯੋਗ ਉਤਰ-ਧਿਕਾਰੀ, ਗਿਆਨੀ ਹਮੀਰ ਸਿੰਘ ਜੀ ਤੋਂ ਪ੍ਰਾਪਤ ਹੋਈ ਹੈ। ਇਹ ਸਾਰਾ ਕੁਝ ਉਨ੍ਹਾਂ ਨੇ ਗਿਆਨੀ ਗਿਆਨ ਸਿੰਘ ਜੀ ਦੀ ਜ਼ਬਾਨੀ ਉਰਦੂ ਅਖਰਾਂ ਵਿਚ ਲਿਖ ਕੇ ਸੰਭਾਲਿਆ ਹੋਇਆ ਸੀ। ਮੇਰਾ ਰੋਮ-ਰੋਮ ਗਿਆਨੀ ਹਮੀਰ ਸਿੰਘ ਜੀ ਅਤੇ ਉਨ੍ਹਾਂ ਦੀ ਧਰਮ ਪਤਨੀ ਸ੍ਰੀ ਮਤੀ ਬੀਬੀ ਜੋਗਿੰਦਰ ਕੌਰ ਜੀ ਦਾ ਧੰਨਵਾਦੀ ਹੈ। ਜੇ ਮੇਰੀ ਬੀਬੀ ਜੀ ਇਤਨੀ ਮਦਦ ਨਾ ਕਰਦੇ ਤਦ ਮੈਂ ਇਹ ਮੈਟਰ ਸ਼ਾਇਦ ਹੀ ਹਾਸਲ ਕਰ ਸੋਕਦਾ। ਬੀਬੀ ਜੀ ਬਹੁਤ ਸਿਆਣੇ, ਗੁਰਬਾਣੀ ਦੇ ਗਿਆਤਾ ਸ਼ੁਧ ਗੁਰਬਾਣੀ ਉਚਾ-ਰਣ ਕਰਨ ਵਾਲੇ, ਪਤੀ ਪ੍ਰਾਇਣ, ਪੜ੍ਹੇ ਲਿਖੇ ਇਸਤ੍ਰੀ ਰਤਨ ਹਨ। ਇਹ ਜੋੜੀ ਗਿਆਨੀ ਹਮੀਰ ਸਿੰਘ ਜੀਤੇ ਬੀਬੀ ਜੋਗਿੰਦਰ ਕੌਰ ਜੀ ਅਜ ਕਲ ਧਨੌਲਾ ਜ਼ਿਲਾ ਸੰਗਰੂਰ ਵਿਚ ਬਹੁਤ ਮੁਫਲਸੀ ਦੀ ਹਾਲਤ ਵਿਚ,ਸਤਿਗੁਰੂ ਦੇ ਭਾਣੇ ਅੰਦਰ ਦਿਨ ਕਟੀ ਕਰ ਰਹੀ ਹੈ ਜਿਸ ਤੋਂ ਡਰ ਹੈ ਕਿ ਅਜ ਤੀਕ ਦਾ ਸਾਰਾ ਸਾਂਭਿਆ ਸੰਭਾਲਿਆ ਕੌਮੀ ਧਨ, ਹਥ ਲਿਖਤਾਂ ਅਜਾਂਈਂ ਨਾ ਖਤਮ ਹੋ ਜਾਣ। ਕੀ ਪੰਜਾਬ ਗੌਰਮੈਂਟ ਤੇ ਹੋਰ ਸੰਸਥਾਵਾਂ ਇਸ ਪਾਸੇ ਕਝ ਧਿਆਨ ਨਹੀਂ ਦੇ ਸਕਣਗੀਆਂ ? ]

———



Digitized by Panjab Digital Library | www.panjabdigilib.org

# ਗਿਆਨੀ ਗਿਆਨ ਸਿੰਘ ਜੀਵਨ ਤੇ ਰਚਨਾ ਬਾਰੇ

ਗਿਆਨੀ ਗਿਆਨ ਸਿੰਘ ਜੀ ਅੰਗ੍ਰੇਜ਼ੀ ਕਾਲ ਦੇ ਸਭ ਤੋਂ ਵਡੇ ਸਿਖ ਇਤਿਹਾਸਕਾਰ ਹੋਏ ਹਨ। ਇਨ੍ਹਾਂ ਨੇ ਭਾਈ ਸੰਤੋਖ ਸਿੰਘ, ਸਰਦਾਰ ਕਰਮ ਸਿੰਘ ਤੇ ਸ: ਗੰਡਾ ਸਿੰਘ ਵਾਂਗ ਸਿਖ ਇਤਿਹਾਸ ਦੇ ਕਿਸੇ ਵਿਸ਼ੇਸ਼ ਕਾਲ ਜਾਂ ਵਿਸ਼ੇਸ਼ ਪੱਖ ਤੇ ਹੀ ਚਾਨਣਾ ਨਹੀਂ ਪਾਇਆ ਸਗੋਂ ਇਕ ਸਿਰੇ ਤੋਂ ਲੈ ਕੇ ਅਖੀਰ ਤਕ ਮੁਕੰਮਲ ਸਿਖ ਇਤਹਾਸ ਲਿਖਿਆ ਹੈ। ਹੁਣ ਤਕ ਸਾਰੇ ਸਿਖ ਸੰਸਾਰ ਵਿਚ ਤੇ ਸਾਰੇ ਸਿਖ ਵਿਦਵਾਨ ਤੇ ਲਿਖਾਰੀਆਂ ਵਿਚੋਂ ਮੁਕੰਮਲ ਸਿਖ ਇਤਿਹਾਸ ਲਿਖਣ ਦਾ ਮਾਣ ਤੇ ਪਦਵੀ ਆਪ ਨੂੰ ਹੀ ਮਿਲੀ ਹੈ। ਇਸ ਦ੍ਰਿਸ਼ਟੀ ਕੋਨ ਤੋਂ ਵੇਖਿਆਂ ਆਪ ਸਦਾ ਹੀ ਸਿਖ ਇਤਿਹਾਸ ਦੇ ਗਗਨਾਂ ਤੇ ਚਮਕਦੇ ਰਹਿਣਗੇ ਤੋਂ ਜਦੋਂ ਵੀ ਕੋਈ ਨਵੀਨ ਲੇਖਕ ਪੰਜਾਬ ਦੇਇਤਹਾਸ ਤੇ ਜਾਂ ਸਿਖ ਇਤਿਹਾਸ ਤੇ ਕਲਮ ਚੁਕੇਗਾ ਆਪ ਦਾ ਲਿਖਿਆ ਇਤਿਹਾਸ ਉਸ ਲਈ ਚਾਨਣ ਮੁਨਾਰੇ ਦਾ ਕੰਮ ਦੇਵੇਗਾ।

ਗਿਆਨੀ ਗਿਆਨ ਸਿੰਘ ਜੀ ਦਾ ਜਨਮ ੧੮੨੪ ਈਸਵੀ ਵਿਚ ਹੋਇਆ,ਜਦੋਂ ਸਿਖ ਰਾਜ ਪੂਰੇ ਜੋਬਨ ਤੇ ਸੀ। ਸੋ ਆਪ ਨੇ ਸਿਖ ਰਾਜ ਦਾ ਢਲਦਾ ਸੂਰਜ ਅਖੀਂ ਵੇਖਿਆ। ਇਹ ਹੀ ਕਾਰਨ ਸੀ ਕਿ ਆਪ ਦੀ ਰਚਨਾ ਵਿਚ ਸਿਖੀ ਪਿਆਰ ਤੇ ਸਿਖੀ ਵਲਵਲਾ ਠਾਠਾਂ ਮਾਰਦਾ ਸੀ। ਜਦੋਂ ਅੰਗਰੇਜ਼ੀ ਰਾਜ ਸਮੇਂ ਵਿਚ ਈਸਾਈਆਂ, ਮੁਸਲਮਾਨਾਂ ਤੇ ਆਰੀਆ ਸਮਾਜੀਆਂ ਦੇ ਨਾਲ ਨਾਲ ਸਿਖਾਂ ਵਿਚ ਵੀ ਸਿਖ ਰਹੁ ਰੀਤੀ ਨੂੰਪੁਨਰ ਜੀਵਤ(RENAISSANCE)ਕਰਨ ਦੀਲੋੜ ਪਈ ਤਾਂ ਆਪ ਅੰਮ੍ਰਿਤਸਰ ਵਿਚ ੧੮੭੩ ਵਿਚ ਅਸਥਾਪਤ ਹੋਈ ਸਿੰਘ ਸਭਾ ਦੇ ਪਹਿਲੇ ਸਕਤਰ ਬਣੇ। ਆਪ ਜੀ ਨੇ ਲਗਨ, ਮਿਹਨਤ ਤੇ ਸਿਖੀ ਪਿਆਰ ਨਾਲ ਸਾਰੇ ਗੁਰਧਾਮਾਂ ਦੀ ਯਾਤਰਾ ਕੀਤੀ ਤੇ 'ਤਵਾਰੀਖ ਗੁਰੂ ਖਾਲਸਾ' ਨਾਮਕ ਗਰੰਥ ਲਿਖਿਆ।

ਗਿਆਨੀ ਗਿਆਨ ਸਿੰਘ ਜੀ ਦੇ ਇਤਿਹਾਸ ਲਿਖਣ ਦਾ ਢੰਗ ਚੋਖਾ ਸੰਪਰ-ਦਾਈ ਸੀ ਤੇ ਸਰਦਾਰ ਕਰਮ ਸਿੰਘ ਦਾ ਚੋਖਾ ਵਿਗਿਆਨਕ, ਇਸ ਲਈ ਇਨ੍ਹਾਂ ਦੋਹਾਂ ਸਮਕਾਲੀ ਇਤਹਾਸਕਾਰਾਂ ਵਿਚ ਕਈਆਂ ਵਿਸ਼ਿਆਂ ਤੇ ਮਤਭੇਦ ਸੀ। ੧੮੭੨ ਈਸਵੀ ਵਿਚ ਇਕ ਜਰਮਨ ਸਕਾਲਰ ਡਾਕਟਰ ਟਰੰਪ ਨੇ "ਇੰਡੀਆ ਆਫਸ" ਦੇ ਕਹਿਣ ਤੇ ਗੁਰੂ ਗ੍ਰੰਥ ਸਾਹਿਬ ਦਾ ਅੰਗਰੇਜ਼ੀ ਵਿਚ ਉਲਥਾ ਕੀਤਾ ਤੇ ਭੂਮਕਾ ਵਜੋਂ



Digitized by Panjab Digital Library | www.panjabdigilib.org

ਦਸ ਗੁਰੂਆਂ ਦੀਆਂ ਜੀਵਨੀਆਂ ਲਿਖੀਆਂ ਤੇ ਇਹ ਸਿਧ ਕੀਤਾ ਕਿ ਭਾਈ ਬਾਲਾ ਇਕ ਫਰਜ਼ੀ ਨਾਂ ਹੈ ਕਿਉਂਕਿ ਇਸ ਦਾ ਕਥਨ ਪੁਰਾਤਨ ਜਨਮ ਸਾਖੀ ਵਿਚ ਨਹੀਂ ਆਉਂਦਾ। ਸ: ਕਰਮ ਸਿੰਘ ਨੇ ਡਾਕਟਰ ਟਰੰਪ ਦੀ ਇਸ ਟੂਕ ਦੀ ਪੁਸ਼ਟੀ ਵਿਚ ਇਕ ਪੁਸਤਕ "ਕਤਕ ਕਿ ਵਿਸਾਖ" ਲਿਖੀ ਜਿਸ ਵਿਚ ਇਹ ਸਿਧ ਕੀਤਾ ਕਿ ਬਾਲੇ ਵਾਲੀ ਜਨਮ ਸਾਖੀ ਗਲਤ ਹੈ ਤੇ ਬਾਲਾ ਇਕ ਫਰਜ਼ੀ ਨਾਂ ਹੈ। ਗਿਆਨੀ ਗਿਆਨ ਸਿੰਘ ਜੀ ਇਸ ਨਵੀਂ ਖੋਜ ਨਾਲ ਸਹਿਮਤ ਨਹੀਂ ਸਨ ਇਸ ਲਈ ਆਪ ਨੇ ਸਰਦਾਰ ਕਰਮ ਸਿੰਘ ਨੂੰ ੧੯੧੨ ਈਸਵੀ ਵਿਚ ਇਕ ਚਿਠੀ ਲਿਖੀ ਜਿਸ ਵਿਚ ਆਪ ਨੇ ਲਿਖਿਆ:—

"ਜੇਕਰ ਕੋਈ ਤਰਕਬਾਜ਼ ਅਨਮਤੀ ਜਨਮ ਸਾਖੀਆਂ ਦੀਆਂ ਕਹਾਣੀਆਂ ਨੂੰ ਨਿਰਮੂਲਕ ਜਾਂ ਗੱਪਾਂ ਦਸੇ ਤਾਂ ਹਿੰਦੂ ਪੁਰਾਣਾਂ, ਮੁਹੰਮਦੀ ਹਦੀਸਾਂ, ਈਸਾਈ ਅੰਜੀਲ, ਤੌਰੇਤ ਵਗੈਰਾ ਨੂੰ ਪੜ੍ਹ ਦੇਖੇ, ਸਭ ਦੇ ਘਰ ਅੰਧੇਰਾ ਢੋਈ ਦਾ ਹੈ।"

ਭਾਈ ਬਾਲੇ ਬਾਰੇ ਆਪ ਨੇ ਲਿਖਿਆ ਤੇ ਭਾਈ ਕਰਮ ਸਿੰਘ ਜੀ ਦੀਆਂ ਦਲੀਲਾਂ ਦਾ ਉੱਤਰ ਦਿਤਾ:—

"ਹੋਰ ਜਿਕੂੰ ਇਕ ਬਾਲੇ ਦਾ ਨਾਮ ਭਾਈ ਗੁਰਦਾਸ ਜੀ ਨੇ ਨਹੀਂ ਲਿਖਿਆ, ਸਿਖਾਂ ਦੀ ਫੈਰਿਸਤ ਵਿਚ ਹੋਰ ਭੀ ਬਹੁਤੇ ਪ੍ਰਸਿਧ ਸਿਖ ਭਾਈ ਭਗਤੂ, ਬਹਿਲੋ, ਭੂਦੜ ਦਿਆਲਾ, ਵਗੈਰਾ ਨਹੀਂ ਲਿਖੇ, ਅਪਰਸਿਧ ਬਹੁਤ ਲਿਖੇ ਹਨ, ਏਸ ਕਰਕੇ ਸਾਫ ਨਹੀਂ ਲਿਖਿਆ (ਗੁਰਮੁਖ ਬਾਲ ਸੁਭਾਇ ਉਦਾਸੀ)। ਛੰਦ ਵਿਚ ਲਘੂ ਦੀਰਘ, ਦੀਰਘ ਲਗੂ ਵਰਤਿਆ ਜਾਂਦਾ ਹੈ, ਹੋਰ ਜੇ ਉਲਾਦ ਵਾਲੇ ਹੀ ਸਿਖ ਹੋਏ ਮੰਨੇ ਜਾਣ ਤਾਂ ਪੰਜਾਂ ਪਿਆਰਿਆਂ ਦੀ ਸੰਤਾਨ ਨਹੀਂ ਪਰ ਮੰਨੇ ਜਾਂਦੇ ਹਨ, ਹੋਏ ਠੀਕ ਹਨ।"

ਗਿਆਨੀ ਜੀ ਦੀ ਇਹ ਚਿਠੀ ਉਨ੍ਹਾਂ ਦੀ ਇਤਹਾਸਕ ਸੂਝ ਤੇ ਜਾਣਕਾਰੀ ਦਾ ਪ੍ਰਤਿਬਿੰਬ ਹੈ।

ਗਿਆਨੀ ਜੀ ਨ ਕੇਵਲ ਇਕ ਉਘੇ ਇਤਿਹਾਸਕਾਰ ਸਨ ਸਗੋਂ ਇਕ ਪ੍ਰਸਿੱਧ ਕਵੀ ਵੀ ਸਨ। ਆਪ ਦਾ ਜਨਮ ਉਸ ਸਮੇਂ ਵਿਚ ਹੋਇਆ ਜਦੋਂ ਮਹਾਂ-ਕਵੀ ਭਾਈ ਸੰਤੋਖ ਸਿੰਘ ਆਪਣਾ ਮਹਾਂ ਕਾਵਿ "ਗੁਰ ਪਰਾਪਤ ਸੂਰਜ" ਲਿਖ ਰਹੇ ਸਨ। "ਮਹਿਮਾ ਪਰਕਾਸ਼ ਗ੍ਰੰਥ" ਲਿਖਿਆ ਜਾ ਚੁਕਿਆ ਸੀ ਤੇ ਸਿਖਾਂ ਵਿਚ ਕਵਿਤਾ ਵਿਚ ਇਤਿਹਾਸ ਲਿਖਣ ਦੀ ਪਰਪਾਟੀ ਪੈ ਚੁਕੀ ਸੀ। ਜਦੋਂ ਆਪ ਨੇ ਭਾਈ ਰਤਨ ਸਿੰਘ ਭੰਗੂ ਦਾ ਲਿਖਿਆ ਪੰਥ ਪ੍ਰਕਾਸ਼ ਪੜ੍ਹਿਆ ਤਾਂ ਉਸ ਵਿਚ ਲਿਖੇ



Digitized by Panjab Digital Library | www.panjabdigilib.org

ਇਤਿਹਾਸ ਤੋਂ ਬਹੁਤ ਪ੍ਰਭਾਵਤ ਹੋਏ ਪਰ ਨਾਲ ਹੀ ਆਪ ਨੂੰ ਬਹੁਤ ਦੁਖ ਹੋਇਆ ਕਿਉਂਕਿ ਕਾਵਿ ਦੇ ਦ੍ਰਿਸ਼ਟੀਕੋਨ ਤੋਂ ਇਸ ਵਿਚ ਲਿਖੀ ਕਵਿਤਾ ਬਹੁਤ ਵਧੀਆ ਨਹੀਂ ਸੀ। ਛੰਦਾ ਬੰਦੀ ਦੇ ਨਿਯਮ ਇਸ ਵਿਚ ਨਹੀਂ ਸਨ ਵਰਤੇ। ਇਸ ਲਈ ਆਪਨੇ ਉਸੇ ਗ੍ਰੰਥ ਦੇ ਆਧਾਰ ਤੇ ਨਵਾਂ ਪੰਥ ਪ੍ਰਕਾਸ਼ ਲਿਖਿਆ। ਆਪ ਲਿਖਦੇ ਹਨ :—

"ਗ੍ਰੰਥ ਪੰਥ ਪਰਕਾਸ਼ ਸੁਹਾਵਨ।
ਰਤਨ ਸਿੰਘ ਜੋ ਕੀਨ ਬਨਾਵਨ।
ਢੀਲੀ ਤਾਹਿ ਅਧਿਕ ਕਵਿਤਾਈ।
ਮਤਲਬ ਥੋਰਾ ਬਹੁ ਫੈਲਾਈ।
ਹੁਤੋ ਸਿੰਘ ਵਹਿ ਸੂਧਾ ਸਾਦਾ।
ਕਵਿਤਾ ਕੀ ਨ ਲਖਤ ਮਰਯਾਦਾ।
ਜੈਸਾ ਗੁਰੂ ਕਾ ਪੰਥ ਰੰਗੀਲਾ।
ਬੀਰ ਬਾਂਕਰੋ ਛੈਲ ਛਬੀਲਾ।
ਚਹੀਏ ਗਾਥ ਤਾਹਿ ਕੀ ਤੈਸੀ।
ਦੇਵ ਅਨਰੂਪ ਬਲੀ ਦ੍ਵੈ ਜੈਸੀ।

ਗਿਆਨੀ ਗਿਆਨ ਸਿੰਘ ਜੀ ਦੇ ਪੰਥ ਪ੍ਰਕਾਸ਼ ਦੀ ਕਵਿਤਾ ਇਕ ਉਚ ਕੋਟੀ ਦੀ ਕਵ੍ਰਿਤਾ ਹੈ ਜਿਸ ਵਿਚ ਵਲਵਲਾ, ਛੰਦ ਬੰਦੀ ਤੇ ਢੁਕਵੇਂ ਅਲੰਕਾਰ ਮਿਲਦੇ ਹਨ। ਕਈ ਤੁਕਾਂ ਤਾਂ ਮੁਹਾਵਰਾ ਹੀ ਬਣ ਗਈਆਂ ਹਨ ਜਿਵੇਂ ਕਿ :—

ਕੋਈ ਕਿਸੀ ਕੋ ਰਾਜਨ ਦੇ ਹੈ।
ਜੋ ਲੈ ਹੈ ਨਿਜ ਬਲਤੇ ਲੈ ਹੈ।

ਆਪ ਦਾ ਪੰਥ ਪ੍ਰਕਾਸ਼ ਸਿਖ ਇਤਹਾਸ ਦਾ ਆਖਰੀ ਮਹਾਂ ਕਾਵਿ ਹੈ। ਆਪ ਜੀ ਦੇ ਪਿਛੋਂ ਕਿਸੇ ਨੇ ਸਾਰਾ ਸਿਖ ਇਤਿਹਾਸ ਸਮੁਚੇ ਤੌਰ ਤੇ ਨਿਗਰ ਤੇ ਨਰੋਈ ਕਵਿਤਾ ਵਿਚ ਨਹੀਂ ਲਿਖਿਆ।

ਜਿਥੇ ਗਿਆਨੀ ਜੀ ਉਚ ਕੋਟੀ ਦੇ ਕਵੀ ਸਨ ਉਥੇ ਆਪ ਮਹਾਨ ਵਾਰਤਕ ਲਿਖਾਰੀ ਵੀ ਸਨ। ਆਪ ਦੀਆਂ ਵਾਰਕਤ ਵਿਚ ਪ੍ਰਸਿਧ ਪੁਸਤਕਾਂ "ਤਵਾਰੀਖ ਗੁਰੂ ਖਾਲਸਾ" "ਸਮਸ਼ੇਰ ਖਾਲਸਾ" ਤੇ "ਰਾਜ ਖਾਲਸਾ" ਹਨ। ਆਪ ਦੀ ਲੇਖਣੀ ਵਿਚ



Digitized by Panjab Digital Library | www.panjabdigilib.org

ਜਿਥੇ ਇਤਿਹਾਸਿਕ ਵੇਰਵਾ ਹੈ ਉਥੇ ਲਿਖਤ ਵਿਚ ਜ਼ੋਰ ਹੈ। ਆਪ ਜੋ ਕੁਝ ਲਿਖਦੇ ਹਨ ਉਸਦਾ ਚਿੱਤ੍ਰ ਖਿਚ ਦੇਂਦੇ ਹਨ ਤੇ ਪਾਠਕ ਕਈਆਂ ਥਾਵਾਂ ਤੇ ਆਪ ਜੀ ਦੀ ਜ਼ੋਰਦਾਰ ਲੇਖਣੀ ਤੋਂ ਪ੍ਰਭਾਵਤ ਹੋਏ ਬਿਨਾਂ ਨਹੀਂ ਰਹਿ ਸਕਦਾ। ਆਪ ਬੰਦੇ ਬਹਾਦਰ ਦਾ ਦੂਸਰੀ ਵਾਰੀ ਸਰਹਿੰਦ ਬਿਜੈ ਕਰਨ ਦਾ ਹਾਲ ਇਸ ਤਰ੍ਹਾਂ ਲਿਖਦੇ ਹਨ :—

"ਬਹਾਦਰ ਸ਼ਾਹ ਨੇ ਦੁਨੀਆਂ ਤੋਂ ਕੂਚ ਕੀਤਾ ਤੇ ਉਸ ਦੇ ਸ਼ਾਹ-ਜ਼ਾਦਿਆਂ ਵਿਚ ਤਖਤ ਮਲਣ ਬਦਲੇ ਲੜਾਈਆਂ ਝਗੜੇ ਛਿੜ ਪਏ। ਏਸ ਕਰਕੇ ਸਿੰਘਾਂ ਦਾ ਪਿਛਾ ਛੱਡਕੇ ਸ਼ਾਹੀ ਹਾਕਮ ਤੇ ਲਸ਼ਕਰ ਤਿਤਰ ਬਿਤਰ ਹੋ ਗਏ। ਨਾਜ਼ਮਾਂ ਨੂੰ ਆਪਣੇ ਆਪਣੇ ਸੁਤੰਤਰ ਹੋਣ ਦੀ ਹਫੜਾ ਦਫੜੀ ਪੈ ਗਈ। ਦਖਣ ਵਿਚ ਮਰਹਟਿਆਂ, ਪੰਜਾਬ ਵਿਚ ਸਿੰਘਾਂ ਨੇ ਲੁਟ ਕੁਟ, ਮਾਰ ਪਿੱਟ ਦੀ ਧੂਮ ਮਚਾ ਰਖੀ ਸੀ। ਉਸ ਵੇਲੇ ਬਾਬੇ ਬੰਦੇ ਬਹਾਦਰ ਨੇ ਭੀ ਸਮਾਂ ਗਨੀਮਤ ਸਮਝਕੇ ਹਥੋਂ ਖਾਲੀ ਨ ਜਾਣ ਦਿਤਾ। ਸਰਹੰਦ ਦਾ ਮੈਦਾਨ ਖਾਲੀ ਵੇਖਕੇ ਫੌਰਨ ਏਥੇ ਆ ਘੋੜਾ ਕੁਦਾਬਾਇਆ, ਪੈਂਦਰਾਂ ਕੁ ਹਜ਼ਾਰ ਸਿੰਘਾਂ ਸਮੇਤ ਬਿਨਾਂ ਬੰਦੂਕ ਦਾਗੇ ਸਰਹੰਦ ਬਾਉਨੀ ਆਂ ਮੱਲੀ। ਜਾ ਬਜਾ ਸਿੰਘ ਨੂੰ ਪਰਗਣੇ ਵੰਡ ਦਿਤੇ। ਸਿੰਘਾਂ ਦੇ ਮਿਠੇ ਦੇਗੇ ਤੇ ਕੜਾਹ ਪ੍ਰਸ਼ਾਦ ਹੋਣ ਲਗੇ"

(ਸਮਸ਼ੇਰ ਖਾਲਸਾ ਹਿਸਾ ਪਹਿਲਾਂ ਪੰਨਾਂ ੭੩)

ਗਿਆਨੀ ਗਿਆਨ ਸਿੰਘ ਜੀ ਨਾ ਕੇਵਲ ਇਤਹਾਸਕਾਰ ਸਨ ਸਗੋਂ ਮਹਾਂ ਕਵੀ ਤੇ ਪ੍ਰਸਿੱਧ ਵਾਰਤਕ ਲਿਖਾਰੀ ਵੀ ਸਨ ਜਿਨ੍ਹਾਂ ਨੇ ਸਿਖ ਇਤਹਾਸ ਲਿਖਣ ਵਿਚ ਮੁਢਲੇ ਤੇ ਨਿਗਰ ਕੰਮ ਕੀਤਾ ਆਉਣ ਵਾਲੀਆਂ ਨਸਲਾਂ ਲਈ ਆਪ ਦੀ ਕਥਨੀ ਤੇ ਕਰਨੀ ਤੇ ਲਿਖਤਾਂ ਸਦਾ ਹੀ ਚਾਨਣ ਮੁਨਾਰੇ ਦਾ ਕੰਮ ਦੇਂਦੀਆਂ ਰਹਿਣਗੀਆਂ।

——



Digitized by Panjab Digital Library | www.panjabdigilib.org

# ਇਤਿਹਾਸਕਾਰ ਗਿਆਨੀ ਗਿਆਨ ਸਿੰਘ

ਸ੍ਰੀ ਗਿਆਨੀ ਗਿਆਨ ਸਿੰਘ ਜੀ ਪੰਥ ਵਿਚ ਪ੍ਰਸਿਧ ਤੇ ਉਚ ਕੋਟੀ ਦੇ ਇਤਿਹਾਸਕਾਰ ਮੰਨੇ ਗਏ ਹਨ। ਆਪ ਗੁਰੂ ਘਰ ਦੇ ਪ੍ਰੇਮੀ ਅਤੇ ਪੁਰਸ਼ਾਰਥੀ ਜੀਊੜੇ ਸਨ। ਗੁਰਮਤ ਦੇ ਅਣਥੱਕ ਖੋਜੀ ਹੋਣ ਕਰਕੇ ਪੰਥ ਪ੍ਰਕਾਸ਼ ਆਦਿ ਕਈ ਗ੍ਰੰਥਾਂ ਦੇ ਆਪ ਲਿਖਾਰੀ ਹੋਏ। ਪਹਿਲੀਆਂ ਪੁਸਤਕਾਂ ਵਿਚ ਕੁਝ ਨਾ ਕੁਝ ਔਖਿਆਈ ਵੇਖਕੇ ਬਾਅਦ ਸਰਲ ਭਾਸ਼ਾ ਵਿਚ 'ਤਵਾਰੀਖ ਗੁਰੂ ਖਾਲਸਾ' ਲਿਖੀ, ਜਿਸ ਨੂੰ ਪੜ੍ਹ ਕੇ ਸਿਖੰ ਪੰਥ ਦਾ ਬੱਚਾ ਬੱਚਾ ਗੁਰੂਆਂ ਦੇ ਜੀਵਨ ਅਤੇ ਗੁਰਮਤ ਦਾ ਜਾਣੂ ਹੋ ਰਿਹਾ ਹੈ। ਆਪ ਦਾ ਜਨਮ ਪਿੰਡ ਲੌਂਗੋਵਾਲ ਜ਼ਿਲਾ ਸੰਗਰੂਰ ਦਾ ਸੀ। ਪੰਦਰਾਂ ਸੋਲਾਂ ਵਰ੍ਹੇ ਘਰੋਗੀ ਕੰਮਾਂ ਵਿਚ ਪਰਚੇ ਰਹੇ। ਬਾਅਦ ਬਾਬਾ ਗਾਂਧਾ ਸਿੰਘ ਜੀ ਨਿਰਮਲੇ ਸੰਤਾਂ ਦੇ ਡੇਰੇ ਬਰਨਾਲਾ ਵਿਚ ਸੇਵਾ ਕਰਦੇ ਰਹੇ ਜਿਨ੍ਹਾਂ ਦਿਨਾਂ ਵਿਚ ਸ੍ਰੀ ਮਾਨ ਸੰਤ ਵੀਰਾ ਸਿੰਘ ਜੀ ਡੇਰੇ ਦੇ ਮਹੰਤ ਸਨ। ਸ਼ਿਸ਼ ਭਾਵ ਗ੍ਰਹਨ ਕਰਕੇ ਵਿਦਿਆ ਪੜ੍ਹਦੇ ਰਹੇ। ਮਹੰਤ ਵੀਰਾ ਸਿੰਘ ਜੀ ਨੇ ਆਪ ਨੂੰ ਵਿਦਿਆ ਪੜ੍ਹਨ ਦਾ ਚਾਹਵਾਨ ਤੇ ਪੁਰਸ਼ਾਰਥੀ ਜਾਣ ਕੇ ਸ੍ਰੀ ਮਾਨ ਪੰਡਿਤ ਤਾਰਾ ਸਿੰਘ ਜੀ ਨਰੋਤਮ ਸ੍ਰੀ ਮਹੰਤ ਨਿਰਮਲ ਅਖਾੜਾ ਜੀ ਦੇ ਪਾਸ ਪਟਿਆਲੇ ਭੇਜ ਦਿਤਾ।

ਇਨ੍ਹਾਂ ਦਿਨਾਂ ਵਿਚ ਸ੍ਰੀ ਮਹੰਤ ਸਾਹਿਬ ਜੀ, ਮਹਾਰਾਜਾ ਸਾਹਿਬ ਨਰਿੰਦਰ ਸਿੰਘ ਜੀ ਦੀ ਪ੍ਰੇਰਨਾ ਨਾਲ ਗੁਰੂ ਘਰ ਦੇ ਗ੍ਰੰਥ ਲਿਖ ਰਹੇ ਸਨ, ਜਿਸ ਕਰ ਕੇ ਆਪ ਦਾ ਮੰਨ ਵੀ ਗੁਰੂ ਮਤ ਦੀ ਖੋਜ ਵਿਚ ਲਗ ਗਿਆ।

ਸ੍ਰੀ ਮਹੰਤ ਸਾਹਿਬ ਜੀ ਸੰਮਤ ੧੯੪੮ ਵਿਚ ਗੁਰਪੁਰੀ ਸਿਧਾਰ ਗਏ।ਬਾਅਦ ਉਨ੍ਹਾਂ ਦੇ ਆਰੰਭ ਕੀਤੇ ਕੰਮਾਂ ਨੂੰ ਗਿਆਨੀ ਜੀ ਸਿਰੇ ਚੜ੍ਹਾਨ ਲਈ ਜੁਟ ਗਏ।ਹੁਣ ਭਾਈ ਗਿਆਨ ਸਿੰਘ ਜੀ ਗੁਰਮਤ ਦੇ ਪੂਰਨ ਜਾਣਕਾਰ ਹੋ ਗਏ ਸਨ। ਸੰਗਤ ਦਾ ਅਸਰ ਹੋਣਾ ਜ਼ਰੂਰੀ ਸੀ। ਸਭ ਤੋਂ ਪਹਿਲਾਂ ਨਿਰਮਲ ਪੰਥ ਪ੍ਰਦੀਪਕਾ ਪੁਸਤਕ ਲਿਖੀ, ਜਿਸ ਵਿਚ ਆਪ ਨੇ ਨਿਰਮਲ ਪੰਥ ਦੀ ਉਪਜ ਤੇ ਨਿਰਮਲ ਅਖਾੜੇ ਦੇ ਸੰਬੰਧ ਵਿਚ ਬਹੁਤ ਕੁਝ ਲਿਖਿਆ। ਇਹ ਪੁਸਤਕ ਪਥਰ ਦੇ ਛਾਪੇ ਵਿਚ ਛਪਿਆ ਹੋਇਆ ਹੈ ਤੇ ਕਈਆਂ ਡੇਰਿਆਂ, ਲਾਇਬਰੇਰੀਆਂ ਵਿਚ ਪਿਆ ਮਿਲਦਾ ਹੈ।

ਫਿਰ ਦਸ ਗੁਰੂਆਂ ਦੇ ਜੀਵਨ ਲਿਖਣ ਵਿਚ ਲਗ ਗਏ। ਇਹ ਗ੍ਰੰਥ ਚੌਪਈਆਂ, ਸਵੱਯਾਂ ਦੀ ਕਵਿਤਾ ਵਿਚ ਹੈ ਤੇ ਇਸ ਦਾ 'ਪੰਥ ਪ੍ਰਕਾਸ਼' ਨਾਮ ਰਖਿਆ। ਪਹਿਲੀ



Digitized by Panjab Digital Library | www.panjabdigilib.org

ਐਡੀਸ਼ਨ ਵਿਚ ਕੁਝ ਨਾ ਕੁਝ ਕਸਰ ਹੁੰਦੀ ਵੇਖ ਕੇ ਦੂਜੀ ਐਡੀਸ਼ਨ ਛਾਪੀ, ਦੂਜੀ ਵਿਚ ਕੁਝ ਕਸਰ ਵੇਖੀ ਤਾਂ ਤੀਜੀ ਛਾਪ ਦਿਤੀ । ਇਸ ਤਰ੍ਹਾਂ ਕਈ ਐਡੀਸ਼ਨਾਂ ਵਿਚ ਪੰਥ ਪ੍ਰਕਾਸ਼ ਛਾਪਿਆ । ਇਤਨਾ ਹੁੰਦਿਆਂ ਸੁੰਦਿਆਂ ਬਾਅਦ ਵਿਚ ਸਰਲ ਭਾਸ਼ਾ ਵਿਚ 'ਤਵਾਰੀਖ ਗੁਰੂ ਖਾਲਸਾ ਲਿਖੀ' ਆਪ ਲਿਖ ਚੁਕੇ ਤਾਂ ਚੜ੍ਹਾਈ ਕਰ ਗਏ । ਪਿਛੋਂ ਆਪ ਦੀ ਰਚੀ ਪੁਸਤਕ ਨੂੰ ਚੀਫ ਖਾਲਸਾ ਦੀਵਾਨ ਦੇ ਮੁਖੀ ਸਜਣਾਂ ਨੇ ਛਪਵਾਇਆ ਜੋ ਇਸ ਵੇਲੇ ਛਿਆਂ ਹਿਸਿਆਂ ਵਿਚ ਛਪੀ ਮਿਲਦੀ ਹੈ ਤੇ ਪੰਥ ਪ੍ਰੇਮੀ ਪੜ੍ਹ ਕੇ ਲਾਭ ਉਠਾ ਰਹੇ ਹਨ ।

ਆਪ ਨੇ ਪੰਥ ਪ੍ਰਕਾਸ਼ ਦੇ ੧੦੦੪ ਅੰਗ ਤੇ ਲਿਖਿਆ ਹੈ:—

'ਬਖਤਾ ਸਿੰਘ ਕਾ ਭਾਗ ਮ੍ਰਿਗੇਸ਼ ।
ਤਿਹ ਸੁਤ ਗਿਆਨ ਸਿੰਘ ਦਰਵੇਸ਼ ।
ਰਚਯੋ ਗ੍ਰੰਥ ਪੰਥ ਪ੍ਰਕਾਸ਼ ।
ਤਵਾਰੀਖ ਗੁਰੂ ਖਾਲਸਾ ਖਾਸ ।
ਖਾਲਸਾ ਧਰਮ ਪਤਿਤ ਪਾਵਨ ।
ਗ੍ਰੰਥ ਇਤ ਆਦਿਕ ਕਰ ਰਚਾਵਨ ।
ਗੁਰੂ ਦਵਾਰਾ ਮਮ ਹੈ ਬਰਨਾਲੇ ।
ਸੰਤ ਨਿਰਮਲੇ ਸੁਖਦ ਬਿਸਾਲੇ ।
ਸ੍ਰੀ ਬਾਬੇ ਗਾਂਧੇ ਸਿੰਘ ਕੇਰਾ ।
ਪ੍ਰਗਟ ਡੇਰਾ ਅਹਿ ਬਥੇਰਾ ।
ਤਹਾਂ ਮਹੰਤ ਵੀਰ ਸਿੰਘ ਮ੍ਰਿਗੇਸ਼ ।
ਸੋ ਮਮ ਸਤਿਗੁਰ ਭਯੋ ਬਸ਼ੇਸ਼ ।
ਵਿਦਿਆ ਗੁਰ ਹਮਰੇ ਪ੍ਰਸ਼ੋਤਮ ।
ਪੰਡਿਤ ਤਾਰਾ ਸਿੰਘ ਨਰੋਤਮ ।

ਉਕਤ ਲੇਖ ਦਵਾਰਾ ਆਪ ਦੇ ਜੀਵਨ ਸੰਬੰਧੀ ਹਾਲ ਦਾ ਬਹੁਤ ਕੁਝ ਪਤਾ ਲਗ ਜਾਂਦਾ ਹੈ । ਆਪ ਸ੍ਰੀ ਬਖਤਾ ਸਿਘ ਜੀ ਦੇ ਸਪੁਤ੍ਰ ਸ੍ਰੀ ਭਾਗ ਘਿੰਘ ਜੀ ਦੇ ਬੇਟੇ ਸਨ । ਵਡੇ ਹੋ ਕੇ ਬਰਨਾਲੇ ਆਏ, ਜਿਥੇ ਬਾਬਾ ਗਾਂਧਾ ਸਿੰਘ ਜੀ ਦੇ ਨਾਮ ਤੇ ਨਿਰਮਲੇ ਸੰਤਾਂ ਦਾ ਡੇਰਾ ਹੈ, ਉਥੇ ਰਹਿ ਕੇ ਸ੍ਰੀ ਮਾਨ ਮਹੰਤ ਵੀਰ ਸਿੰਘ ਜੀ ਦੇ ਸ਼ਿਸ਼ ਹੋ ਕੇ ਸੇਵਾ ਕਰਦੇ ਪੜ੍ਹਦੇ ਰਹੇ । ਵਿਦਿਆ ਗੁਰੂ ਆਪ ਨੇ ਪੰਡਿਤ ਤਾਰਾ ਸਿੰਘ ਜੀ ਨਰੋਤਮ ਨੂੰ ਲਿਖਿਆ ਹੈ । ਇਸੇ ਲੇਖ ਦੇ ਆਧਾਰ ਪੁਰ ਹੀ ਸ੍ਰੀ ਮਾਨ ਸੰਤ ਦਿਆਲਾ ਸਿੰਘ ਜੀ ਨੇ ਆਪ ਨੂੰ, ਨਿਰਮਲ ਭੇਖ ਦੇ ਭੂਸ਼ਣ ਤੇ ਵਿਦਵਾਨ ਸੰਤ ਮੰਨਦਿਆਂ ਹੋਇਆਂ ਇਥੋਂ ਤਕ ਲਿਖਿਆ ਹੈ ਕਿ ਪੰਥ ਵਿਚ ਗੁਰਮਤ ਦੇ ਪ੍ਰਚਾਰਕ ਯਾ ਇਤਿਹਾਸਕਾਰ ਕੋਈ ਹੋਏ ਹੈ ਤਾਂ ਨਿਰਮਲੇ ਸੰਤ ਹੀ ਹੋਏ ਹਨ ।



Digitized by Panjab Digital Library | www.panjabdigilib.org

# ਗਿਆਨੀ ਜੀ ਦੀਆਂ ਲਿਖ਼ਤੀ ਯਾਦਗਾਰਾਂ

ਗਿਆਨੀ ਗਿਆਨ ਸਿੰਘ ਜੀ ਦੀ ਬਾਲ ਵਸਥਾ ਦੇ ਹਾਲ ਤਾਂ ਉਨ੍ਹਾਂ ਕਿਧਰੇ ਲਿਖੇ ਨਹੀਂ; ਪਰ ਜਵਾਨੀ ਦੀ ਪਉੜੀ ਚੜ੍ਹਦਿਆਂ ਸਾਰ, ਉਨ੍ਹਾਂ ਦੇ ਜੀਵਨ ਵਿੱਚ ਜੋ ਇਨਕਲਾਬ ਆਇਆ; ਉਸਦਾ ਥੋੜਾ ਜਿਹਾ ਹਾਲ ਉਨ੍ਹਾਂ ਆਪਣੀ ਕਲਮ ਨਾਲ ਲਿਖਿਆ ਹੈ।

ਉਨ੍ਹਾਂ ਦੀ ਆਪਣੀ ਲਿਖਤ ਅਨੁਸਾਰ ਅਸੀਂ ਇਸ ਸਿਟੇ ਉਤੇ ਪੁਜਦੇ ਹਾਂ ਕਿ ਉਹ ਤੀਹ-ਚਾਲੀ ਵਰ੍ਹੇ, ਦੇਸ਼ਰਟਨ ਕਰਕੇ ਜਿਥੇ ਕਿਤੇ ਸਿੱਖ ਗੁਰੂ ਸਾਹਿਬਾਨ ਦੇ ਯਾਦਗਾਰੀ-ਅਥਸਾਨ ਤੇ ਨਿਸ਼ਾਨ, ਉਦਾਸੀ ਸਿੱਖ ਸਾਧੂਆਂ ਦੇ ਉੱਦਮ-ਉਪਰਾਲੇ ਨਾਲ ਕਾਇਮ ਹੋ ਚੁਕੇ ਸਨ; ਉਥੋਂ ਦੇ ਲੋਕਾਂ ਪਾਸੋਂ 'ਬਾਬਾਣੀਆਂ ਕਹਾਣੀਆਂ' ਸੁਣਕੇ ਗੁਰੂ ਸਾਹਿਬਾਨ ਤੇ ਪੁਰਾਤਨ ਸਿਖ ਬਜ਼ੁਰਗਾਂ ਦੇ ਹਾਲ ਭੀ, ਆਪਣੇ-ਪਰਾਏ ਵਡੇਰਿਆਂ ਪਾਸੋਂ ਪੁਛ ਪੜਤਾਲ ਕੇ ਸੰਗ੍ਰਿਹ ਕੀਤੇ। ਜਿਹਾ ਕਿ ਉਹ ਆਪ 'ਤਵਾਰੀਚ ਗੁਰੂ ਖਾਲਸਾ' ਦੀ ਉਥਾਨਕਾ ਵਿਚ ਬਿਆਨ ਕਰਦੇ ਨਿ:—

"ਸੰਮਤ ੧੯੩੪ ਯਾ ੩੫ (ਬਿਕ੍ਰਮੀ ੧੮੭੭-੮ ਈਸਵੀ) ਵਿਚ ਜਦ ਪੋਥੀ 'ਪੰਥ ਪ੍ਰਕਾਸ਼' ਛੰਦਾ-ਬੰਦੀ, ਏਸ ਦਾਸ ਨੇ ਤਯਾਰ ਕੀਤੀ ਸੀ; ਤਦ ਬਹੁਤ ਸਿੰਘ ਅਨੇਕ ਸ਼ਹਿਰਾਂ-ਨਗਰਾਂ ਦੇ ਆਖਦੇ ਰਹਿੰਦੇ ਸੇ, 'ਜਿਸ ਤਰ੍ਹਾਂ ਤੁਸਾਂ 'ਪੰਥ ਪ੍ਰਕਾਸ਼' ਪੋਥੀ ਰਚੀ ਹੈ; ਤੈਸੇ ਕੋਈ ਬਾਰਤਕ ਪੰਜਾਬੀ ਬੋਲੀ ਵਿਚ ਖਾਲਸੇ ਦੀ ਤਵਾਰੀਖ ਬਣਾਓ! ਜਿਸ ਨੂੰ ਥੋੜਾ-ਬਹੁਤ ਪੜ੍ਹੇ ਹੋਏ ਇਸਤਰੀ-ਪੁਰਖ ਭੀ ਪੜ੍ਹ ਕੇ ਗੁਰੂਆਂ ਤੇ ਸਿਖਾਂ ਦੀਆਂ ਕਥਾਂ ਸਮਝ ਲੇਣ! ਕਿਉਂਕਿ ਛੰਦਾਂ-ਬੰਦ ਪੁਸਤਕ ਨੂੰ ਕੋਈ ਕੋਈ ਪੜ੍ਹਦੇ-ਸਮਝਦੇ ਹਨ ਸਭ ਨਹੀਂ ਪੜ੍ਹ ਸਮਝ ਸਕਦੇ!" ਕੁਛ ਤਾਂ ਉਨ੍ਹਾਂ ਸਿੱਖਾਂ ਦੇ ਕਹਿਣੇ, ਕੁਛ ਕਪੂਰਥਲੇ ਦੇ ਦੀਵਾਨ ਰਾਮਜਸ ਸਾਹਿਬ ਤੇ ਪਟਿਆਲੇ ਦੇ ਦੀਵਾਨ ਗੁਰਮੁਖ ਸਿੰਘ ਸਾਹਿਬ 'ਬਹਾਦਰ' ਦੀ ਪਰੇਰਨਾ ਨਾਲ ਬਨਾਈ। ਤੇ ਬਾਕੀ, ਜਦ ਮੈਂ 'ਪੰਥ ਪਰਕਾਸ਼' ਰਚਣ ਦੇ ਸਮੇਂ ਤਵਾਰੀਖ ਉਰਦੂ ਬਹੁਤ ਦੇਖਿਆ ਕਰਦਾ ਸੀ; ਤਦ ਸਭ ਸੈ ਜ਼ਯਾਦੇ ਏਸ ਗ੍ਰੰਥ ਦੇ ਰਚਣ ਦਾ ਸ਼ੌਂਕ ਪੈਦਾ ਹੋ ਗਿਆ। ਕਾਹੇ ਤੇ? ਹੋਰ ਸਭਨਾਂ ਮਜ਼ਬਾਂ-ਪੰਥਾਂ ਦੀਆਂ ਤਵਾਰੀਖਾਂ ਦੇਖਣ ਵਿਚ ਆਈਆਂ; ਪਰ 'ਖਾਲਸੇ-ਮਜ਼ੁਬ' ਦੀ ਕੋਈ ਨਾ ਦੇਖੀ। ਤੇ ਜੋ ਕੁਛ ਕਿਸੇ ਕਿਤਾਬ ਵਿਚ, ਕਿਸੇ ਗੈਰ ਮਜ਼ੁਬ ਵਾਲੇ ਨੇ ਥੋੜਾ ਥੋੜਾ ਹਵਾਲ ਖਾਲਸੇ ਦਾ ਲਿਖਿਆ ਭੀ ਹੈ; ਸੋ ਨਿੰਦਾ ਤੇ ਬੇ-ਅਦਬੀ ਦਾ ਭਰਿਆ ਹੋਇਆ ਝੂਠ ਬਹੁਤ ਲਿਖਿਆ



Digitized by Panjab Digital Library | www.panjabdigilib.org

ਹੈ।ਉਹ ਭੀ ਸੱਚੇ ਹੈਂ। ਕਾਹੇ ਤੇ ? ਇਕ ਤਾਂ ਦੂਸਰੇ ਮਜ਼੍ਹਬ ਦਾ ਆਦਮੀ ਦੂਸਰੇ ਮਜ਼੍ਹਬ ਦਾ ਗਿਆਤਾ ਨਹੀਂ ਹੁੰਦਾ। ਇਸ ਵਾਸਤੇ ਉਹਨਾਂ ਨੇ ਅਟ-ਵਟ ਸੁਣਕੇ ਅਲਮ-ਗਲਮ ਲਿਖ ਰਖਿਆ ਹੈ। ਦੂਸਰੇ ਜਦ 'ਪੰਥ ਖਾਲਸਾ', ਹਿੰਦੂ ਤੁਰਕ ਦੇ ਨੇਤਰਾਂ ਵਿਚ ਗਣ ਦੀ ਤਰ੍ਹਾਂ ਰੜਕਦਾ ਹੈ; ਤਾਂ ਫੇਰ ਕਿਉਂ ਨਾ ਮਤਸਰ ਦੇ ਭਰੇ ਹੋਏ ਬਚਨ ਖਾਲਸੇ ਦੇ ਬਾਬਤ ਲਿਖਣ ? ਸੱਚ ਲਿਖਣਾ ਤਾਂ ਕਿਸੇ ਸਚੇ ਸਤ ਪੁਰਖ ਦਾ ਹੀ ਕੰਮ ਹੈ।

ਹੋਰ ਏਧਰ ਜੇਹੜੀਆਂ ਪੋਥੀਆਂ ਸਿਖਾਂ ਨੇ ਰਚੀਆਂ ਹਨ; ਉਹਨਾਂ ਵਿਚ ਪੁਰਾਣਾਂ ਦੀਆਂ ਕਥਾਂ ਅਤੇ ਗੁਰੂਆਂ ਦੀਆਂ ਕਰਾਮਤਾਂ ਭਰਣ ਨੂੰ ਤਾਂ ਐਡਾ ਜ਼ੋਰ ਦਿਤਾ ਹੈ ਜੋ ਕਿਤੇ ਬਸ ਨਹੀਂ ਕੀਤੀ; ਪਰ ਸੰਮਤ ਦਾ ਪੂਰਾ ਪੂਰਾ ਪਤਾ ਇਕ ਭੀ ਨਹੀਂ ਲਿਖਿਆ। ਜੇ ਕਿਤੇ ਕੁਛ ਲਿਖਿਆ ਭੀ ਹੈ ; ਸੋ ਪੂਰਬ ਉਤਰ ਬਿਚਾਰੇ ਬਿਨ ਦਿਤਾ ਹੈ। (ਦੇਖੋ ਹਿਸਾ ਪੰਜਵਾਂ)।

ਏਸੇ ਕਰਾਣ ਤੋਂ, ਇਨ੍ਹਾਂ ਸਭਨਾਂ ਗਲਾਂ ਦੀ ਸਚੀਂ ਸਚੀ ਦਰੁਸਤੀ ਦੇਖਾਵਣ ਲਈ, 'ਏਸ 'ਤਵਾਰੀਖ ਗੁਰੂ ਖਾਲਸਾ' ਦਾ ਆਰੰਭ ਕੀਤਾ ਹੈ।

ਅਗੇ ਚਲਕੇ, ਗਿਆਨੀ ਜੀ ਨੇ ਉਨ੍ਹਾਂ ਪੁਸਤਕਾਂ ਦਾ ਜ਼ਿਕਰ ਕੀਤਾ ਹੈ; ਜਿਨ੍ਹਾਂ ਤੋਂ ਆਪ ਨੇ ਸਹਾਇਤਾ ਲਈ। ਫਿਰ ਦਸਦੇ ਹਨ :—

"ਇਸ ਦਾਸ ਨੇ ਪੰਦਰਾਂ-ਸੋਲਾਂ ਬਰਸ, ਦੇਸ ਦੇਸ ਵਿਚ ਫਿਰ ਫਿਰ ਕਰਿ, ਵਡੀ ਵਡੀ ਉਮਰ ਦੇ ਲੋਕਾਂ ਪਾਸੋਂ ਪੁਛ ਪੁਛ ਕੇ ਸਾਖੀਆਂ ਲਿਖਿਆਂ ਹਨ। ਆਪਣੇ ਪਰ-ਪਿਤਾਮਾ (ਪੜਦਾਦਾ) ਨਗਾਹੀਆ ਸਿੰਘ ਤੇ ਪਿਤਾਮਾ (ਦਾਦਾ) ਰੁਘਾ ਸਿੰਘ, ਬਖਤਾ ਸਿੰਘ, ਆਦਿਕ— ਜੋ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚਰਨਾਂ ਵਿਚ, ਤੇ ਬਾਬੇ ਬੰਦੇ 'ਬਹਾਦਰ' ਦੇ ਨਾਲ ਯੁਧ-ਜੰਗਾਂ ਵਿਚ ਰਹੇ ਸੀ ਫਿਰ ਥਰਾਝ ਸਿੰਘ, ਮਰਾਝ ਸਿੰਘ ਨਵਾਬ ਕਪੂਰ ਸਿੰਘ ਦੇ ਡੇਰੇ ਨਾਲ ਲਸ਼ਕਰ ਖਾਲਸੇ ਵਿਚ ਤੇ ਰੁਘਾ ਸਿੰਘ ਬਖਤਾ ਸਿੰਘ ਮਹਾਰਾਜੇ ਆਲਾ ਸਿੰਘ, ਅਮਰ ਸਿੰਘ ਦੇ ਨਾਲ ਰਹਿੰਦੇ ਸੀ।

ਬਹੁਤ ਸਾਖੀਆਂ ਉਹਨਾਂ ਦੀਆਂ ਲਿਖੀਆਂ ਹੋਈਆਂ; ਤੇ ਕੁਛ ਆਪਣੀ ਦਾਦੀ ਸਾਹਿਬ ਤੋਂ ਸੁਣਕੇ ਇਸ ਪੋਥੀ ਵਿਚ ਰਖੀਆਂ ਹਨ। ਅਤ ਪੀਰੋ 'ਲੁਹਾਰੀ' (੧੧੭) ਬਰਸ ਦੀ—ਜੋ ਮੌੜ ਪਿੰਡ ਮਾਲਵੇ ਦੇਸ ਮੈਂ, ਸੰਮਤ (੧੮੮੨ ਈਸਵੀ) ਨੂੰ ਜਿਉਂਦੀ ਤਨ ਅਰੋਗ ਦੇਖੀ ਸੀ; ਤੇ ਦੂਸਰਾ ਸੂਰਾ 'ਸਾਂਹਸੀ', 'ਰਤੋ ਕੇ' ਪਿੰਡ ਮਾਝੇ ਦੇਸ ਮੈਂ;



Digitized by Panjab Digital Library | www.panjabdigilib.org

੧੨੬ ਬਰਸ ਦਾ ਮਸ਼ਹੂਰ ਸੀ; ਤੀਸਰਾ ਭਾਈ ਮੁਕਤਾ ਸਿੰਘ 'ਨਿਹੰਗ', 'ਕਉਲਸਰ' ਦੇ ਕਿਨਾਰੇ ਸ੍ਰੀ ਅੰਮ੍ਰਿਤਸਰ ਜੀ ਮੇਂ, ੧੩੪ ਬਰਸ ਦੀ ਉਮਰ ਭੋਗ ਕੇ, ਸੰਮਤ ੧੯੪੨ (੧੮੮੫ ਈ:) ਨੂੰ ਗੁਜ਼ਰਿਆ ਹੈ; ਚੌਥਾ ਭਾਈ ਮੁਹਰ ਸਿੰਘ 'ਕਟਈ' ਬਬੇਕਸਰ ਦੇ ਕਿਨਾਰੇ, ਸ੍ਰੀ ਅੰਮ੍ਰਿਤਸਰ ਵਿਚ 'ਜੋਗੀਰਾਜ਼' ੧੪੨ ਬਰਸ ਦੀ ਉਮਰ ਪਾਇਕੇ, ਸੰਮਤ ੧੯੧੧ (੧੮੫੪ ਈ:) ਵਿਚ ਚੋਲਾ ਛਡ ਗਿਆ; ਪੰਜਵਾਂ ਭਾਈ, ਅੱਡਣਸ਼ਾਹੀ ਸ਼ਾਧੂ, ਅੰਮ੍ਰਿਤਸਰ ਜੀ ਵਿਚ ੧੩੨ ਬਰਸ ਦੀ ਉਮਰ ਭੋਗ ਕੇ, ੧੯੪੬ (੧੮੮੯ ਈ:) ਮੇਂ ਮਰਿਆ ਹੈ; ਇਤਆਦਿਕ ਬੜੀ ਬੜੀ ਉਮਰ ਦੇ ਬਹੁਤ ਲੋਗਾਂ ਪਾਸੋਂ ਪਿਛਲੇ ਹਾਲ ਜੋ ਪਰੰਪਰਾ ਉਨ੍ਹਾਂ ਦੇ ਸੁਣੇ ਹੋਏ; ਤੇ ਕੁਛ ਦੇਖੇ ਹੋਏ ਸੇ;—ਪੁਛ ਕੇ; ਕੁਛ ਕਿਤੋਂ ਕਿਤੋਂ ਲਿਖੇ ਹੋਏ ਜੋ ਮਿਲੇ, ਸੋ ਸਭ ਇਸ ਪੋਥੀ ਵਿਚ ਰਖੇ ਹੈਂ ॥"

('ਤਵਾਰੀਖ ਗੁਰੂ ਖਾਲਸਾ', ਪਥਰ ਛਾਪ-ਪੰਨਾ ੬-੧੦) ।

ਇਸ ਤਰ੍ਹਾਂ ਲੰਮੇ ਸਫਰ ਕਰਕੇ, ਅਣਥੱਕ ਘਾਲਾਂ ਘਾਲਕੇ ਜਿਤਨਾ ਇਤਿਹਾਸਕ ਮਸਾਲਾ ਆਪ ਇੱਕਤਰ ਕਰ ਸਕੇ; ਉਸਨੂੰ ਬੜੇ ਸੁੱਚਜੇ ਢੰਗ ਨਾਲ ਤਰਤੀਬ ਦਿਤਾ; ਅਤੇ ਅਨੇਕਾਂ ਗ੍ਰੰਥ ਪਦਯ (ਛੰਦਾਂ ਬੰਦੀ) ਤੇ ਗਦਯ (ਵਾਰਤਕ) ਵਿਚ ਲਿਖੇ। ਜਿਨ੍ਹਾਂ ਦੀ ਸੂਚੀ, 'ਤਵਾਰੀਖ ਅੰਮ੍ਰਿਤਸਰ' (ਉਰਦੂ) ਦੇ ਆਖਰੀ ਪੱਤ੍ਰੇ ਪਰ ਛਪੇ ਇਸ਼ਤਿਹਾਰ ਵਿਚ, ਇਉਂ ਦਿਤੀ ਹੈ:—

੧-ਪੋਥੀ ਪੰਥ ਪ੍ਰਕਾਸ਼;
੨-ਨਿਰਮਲ ਪੰਥ ਪ੍ਰਦੀਪਕਾ,
੩-ਤਵਾਰੀਖ ਗੁਰੂ ਖਾਲਸਾ-ਪੰਜ ਭਾਗ;
(੧) ਦਸਾਂ ਸਤਿਗੁਰਾਂ ਦੇ ਜੀਵਨ ਚਰਿਤ੍ਰ;
(੨) ਸ਼ਮਸੇਰ ਖਾਲਸਾ,
(੩) ਰਾਜ ਖਾਲਸਾ-ਪਹਿਲਾ ਹਿੱਸਾ;
(੪) ਸਰਦਾਰ ਖਾਲਸਾ ਦੂਜਾ ਹਿੰਸਾ,
(੫) ਪੰਥ ਖਾਲਸਾ;
੪—ਗੁਰਧਾਮ ਸੰਗ੍ਰਹ,
੫—ਪਤਿਤਪਾਵਨ;



Digitized by Panjab Digital Library | www.panjabdigilib.org

੬—ਤ੍ਵਾਰੀਖ ਸ੍ਰੀ ਅੰਮ੍ਰਿਤਸਰ;

੭—ਭੂਪਿੰਦ੍ਰਾ ਨੰਦ;

੮—ਤਵਾਰੀਖ ਲਾਹੌਰ (ਉਰਦੂ);

੯—ਰਿਪੁਦਮਨ ਪ੍ਰਕਾਸ਼-ਪੰਜ ਹਿੱਸੇ;

੧੪—ਗੁਰਪੁਰਬ ਪ੍ਰਕਾਸ਼;

੧੧—ਅਨਿਕ ਪ੍ਰਕਾਸ਼;

੧੨—ਅੰਮ੍ਰਿਤ ਪ੍ਰਕਾਸ਼;

੧੩—ਕੰਵਲ ਫੂਲ ਮਾਲ;

੧੪—ਨੀਤੀ ਪ੍ਰਕਾਸ਼;

੧੫—ਇਤਿਹਾਸ ਭਾਈ ਰੂਪ ਚੰਦ;

੧੬—ਕਥਾ ਪੂਰਨ ਮਾਸ਼ੀ;

੧੭—ਦੋਹਾਵਲੀ;

੧੮—ਪ੍ਰਸ਼ਨੋਤ੍ਰੀ; ਆਦਿਕ ।

ਇਨ੍ਹਾਂ ਵਿਚੋਂ ਨੰਬਰ ੩, ੪ ਤੇ ੬ ਉਰਦੂ ਵਿੱਚ ਵਿਚ ਵੀ ਲਿਖੇ ਤੇ ਛਪਵਾਏ ਸਨ । ਪਰ ਅਸਾਂ ਨੂੰ ਇਹ ਸਾਰੇ ਗ੍ਰੰਥ ਵੇਖਣ ਤੇ ਪੜ੍ਹਨ-ਵਿਚਾਰਨ ਦਾ ਅਉਸਰ ਪ੍ਰਾਪਤਿ ਨਹੀਂ ਹੋ ਸਕਿਆ ਜਿਤਨੇ ਕੁ ਅਸਾਂ ਸਿੱਖ ਰੈਫਰੈਂਸ ਲਾਇਬ੍ਰੇਰੀ, ਅਮ੍ਰਿਤਸਰ ਵਿੱਚ ਸੁਰਖਤ ਕੀਤੇ ਹਨ; ਯਾ 'ਮਹਾਨ ਕੋਸ਼' ਵਿੱਚ ਸ. ਬ. ਭਾਈ ਕਾਨ੍ਹ ਸਿੰਘ ਸਾਹਿਬ ਨਾਭਾ ਨੇ ਜਿਨ੍ਹਾਂ ਦਾ ਜ਼ਿਕਰ ਕੀਤਾ ਹੈ; ਉਨ੍ਹਾਂ ਸੰਬੰਧੀ ਹੀ ਜਾਣ-ਪਛਾਣ ਕਰਵਾ ਸਕਦੇ ਹਾਂ । ਸੋ, ਬੜੇ ਸੰਕੋਚ ਨਾਲ, ਮਾਨਜੋਗ ਪਾਠਕਾਂ ਦੀ ਭੇਟ ਕਰਦੇ ਹਾਂ:—

ਗਿਆਨੀ ਜੀ ਨੇ, ਆਪਣੇ ਸਾਰੇ ਗ੍ਰੰਥਾਂ ਦੇ ਰਚਨ-ਕਾਲ ਤੇ ਲਿਖਣ ਦੇ ਕਾਰਣ ਭੀ ਦੱਸੇ ਹਨ । ਉਤੇ ਦਿੱਤੀ ਸੂਚੀ ਰਚਨ-ਕਾਲ ਦੇ ਕਰਮ ਅਨੁਸਾਰ ਨਹੀਂ, ਪਰ ਅਸੀ—ਜਿੱਥੋਂ ਤਕ ਹੋ ਸਕਿਆ ਹੈ, ਆਪਣੀ ਲਭਤ ਮੂਜਬ—ਇਨ੍ਹਾਂ ਦਾ ਵੇਰਵਾ, ਸਮੇਂ ਦੀ ਤਰਤੀਬ ਨਾਲ ਹੀ ਦੇ ਰਹੇ ਹਾਂ:—

**ਸ੍ਰੀ ਗੁਰੂ ਪੰਥ ਪ੍ਰਕਾਸ਼ ਗ੍ਰੰਥ**:—ਇਹ ਗ੍ਰੰਥ, ਬੜੀ ਖੜਕਵੀਂ ਤੇ ਜੋਸ਼-ਜਜ਼ਬੇ ਭਰੀ ਕਵਿਤਾ ਵਿੱਚ ਲਿਖਿਆ ਹੈ । ਗਿਆਨੀ ਜੀ ਨੇ ਪੰਡਿਤ ਤਾਰਾ ਸਿੰਘ ਜੀ



Digitized by Panjab Digital Library | www.panjabdigilib.org

'ਨਰੋਤਮ' ਪਾਸੋਂ ਵਿਦਿਆ ਪ੍ਰਾਪਤ ਕਰਕੇ, ਉਨ੍ਹਾਂ ਦੀ ਆਗਿਆ ਅਤੇ ਉਸ ਸਮੇ ਦੇ ਪੁਰਾਣੇ ਸਿਆਣੇ ਸਿੱਖ ਮੁਖੀਆਂ ਦੀ ਪ੍ਰੇਰਨਾ ਤੇ ਹਲਾਸ਼ੇਰੀ ਪਾਕੇ, ਪੋਥੀ ਲਿਖਣ ਦਾ ਉਦਮ 'ਮਹਾਨ ਕੋਸ਼' ਦੇ ਸੰਮਪਾਦਕ ਸ. ਬ. ਭਾਈ ਕਾਨ੍ਹ ਸਿੰਘ ਜੀ ਦੇ ਕਥਨ ਅਨੁਸਾਰ ਸੰਮਤ ੧੯੨੪ ਬਿਕ੍ਰਮੀ (੧੮੬੭ ਈਸਵੀ) ਵਿੱਚ ਕੀਤਾ ਸੀ । ਅਤੇ ਸੰ: ੧੯੩੭ ਬਿੱ: (੧੮੮੦ ਈ:) ਵਿਖੇ ਪਹਿਲੀ ਵਾਰ ਛਪਵਾਇਆ ਸੀ । ਉਸ ਛਾਪ ਵਿੱਚ ਸਰਦਾਰ ਬਹਾਦੁਰ ਨੂੰ ਬਹੁਤ ਸਾਰੇ ਛੰਦ, ਕਵਿ ਨਿਹਾਲ ਸਿੰਘ ਜੀ (ਨਿਰਮਲੇ ਸੰਤ) ਲਾਹੌਰ ਨਿਵਾਸੀ ਦੇ, ਨਾਉਂ ਬਦਲਕੇ ਦਰਜ ਕੀਤੇ ਲੱਭੇ ਸਨ । (ਪੰਨਾ-੨੩੭੭)

ਐਪਰ ਸਾਨੂੰ ਇਸ ਅਮੋਲਕ ਗ੍ਰੰਥ ਦੀ ਦੂਜੀ ਪੱਥਰ ਛਾਪ ਲੱਭੀ ਹੈ; ਜੋ ਸੰਮਤ ੧੯੪੬ ਬਿ: ਹਾੜੀ (੧੮੮੯ ਈ. ਮਤੀ) ਨੂੰ, ਮਤੱਬਾ ਚਸ਼ਮਾਇ ਨੂਰ, ਅੰਮ੍ਰਿਤਸਰ ਵਿੱਚ ਛਪੀ ਹੈ । ਇਸ ਦੀ ਭੂਮਿਕਾ-ਉਥਾਨਕਾ ਅਸੀਂ ਉਨ੍ਹਾਂ ਦੇ ਆਪਣੇ ਅੱਖਰਾਂ ਵਿਚ ਹੀ ਪਾਠਕਾਂ ਨੂੰ ਸੁਨਾਉਣਾ ਚਾਹਦੇ ਹਾਂ:—

ਦੋਹਰਾ

ਮੰਗਲਚਾਰ ਉਚਾਰ ਕਰਿ, ਕਵਿ ਕੋ ਵਿਦਨ ਜੁਹਾਰਿ;
ਭਯੋ ਗ੍ਰੰਥ ਜਯੋਂ ਨਯੋ ਯਹਿ, ਬਰਨੋਂ ਸੋ ਪਰਕਾਰ ॥ ੨੯

**ਚੌਪਈ**

ਨਗਰ ਪਟਯਾਲਾ ਸੁਭ ਅਸ਼ਥਾਨਾ ।
ਫੂਲ-ਬੰਸ ਜਤ ਭੂਪ ਮਹਾਨਾ । *
ਰਹਤ ਸੰਤ ਇਕ ਉੱਤਮ ਤਹਾਂ ।
ਕਵਿ ਕੋਵਿਦ ਪ੍ਰਗਟ ਜਗਿ ਮਹਾਂ ॥ ੩੦

ਨਾਮ ਨਖੱਤ੍ਰ ਮ੍ਰਿਗੇਸ਼ ਮਹਾਨੂੰ;
ਨਿਰਮਲ ਪੰਥ ਬੀਚ ਸਮ ਭਾਨੂੰ ।
ਤਿਨਕੇ ਪਦ-ਪੰਕਜ ਤੇ ਸਿੱਖਯਾ-
ਪਾਇ; ਹਰੇ ਭਵ ਦੂਖ, ਸਮ ਬਿਖਯਾ ॥ ੩੧

---

* ਸੰਮਤ ੧੯੨੪ ਬਿ: ਵਿੱਚ, ਪਟਿਆਲੇ ਦੇ ਰਾਜ-ਸਿੰਘਾਸਣ ਪਰ, ਮਹਾਰਾਜਾ ਮਹਿੰਦਰ ਸਿੰਘ ਜੀ ਵਿਰਾਜਮਾਨ ਸਨ ।



Digitized by Panjab Digital Library | www.panjabdigilib.org

ਇਕ ਦਿਨ ਉਨ ਹਿਤ ਪਰ ਉਪਕਾਰੇ;
ਯਤਿ ਆਗਯਾ ਮੁਹਿ ਦਈ ਉਦਾਰੇ:—
'ਗ੍ਰੰਥ ਪੰਥ ਪ੍ਰਕਾਸ਼' ਸੁਹਾਵਨ,
ਰਤਨ ਸਿੰਘ ਜੋ ਦੀਨ ਬਨਾਵਨ; ੩੨
ਢੀਲੀ ਤਾਂਹਿ ਅਧਿਕ ਕਵਿਤਾਈ।
ਮਤਲਬ ਥੋੜਾ, ਬਹੁਤ ਫੈਲਾਈ।
ਹੁਤੋ ਸਿੰਘ ਵਹਿ ਸੂਧਾ ਸਾਦਾ;
ਕਵਿਤਾ ਕੀ ਨ ਲਖਤ ਮਰਯਾਦਾ। ੩੩
ਜੈਸ ਗੁਰੂ ਕਾ ਪੰਥ ਰੰਗੀਲਾ;
ਬੀਰ ਬਾਂਕਰੋ ਛੈਲ ਛਬੀਲਾ;
ਚਹੀਹੇ ਗਾਥ ਤਾਂਹਿ ਕੀ ਤੈਸੀ।
ਦੇਵ ਅਨਰੂਪ ਬਲੀ ਹੈਵ ਜੈਸੀ॥ ੩੪
ਤਾਂਤੇ ਤੁਮ ਯਹਿ ਗਾਥ ਬਚਿਤ੍ਰ;
ਗੁਰੂ ਖਾਲਸੇ ਕੇਰ ਚਰਿਤ੍ਰ,
ਛੰਦ ਬੰਦ ਕਰਿ ਰਚੋ ਸੁਹਾਵਨ।
ਗ੍ਰੰਥ ਪੰਥ ਪ੍ਰਕਾਸ਼ ਜੋ ਪਾਵਨ॥
ਜਾਂ ਕੋ ਪੇਖਿ ਪੰਥ ਗੁਰੁ ਕੇਰਾ;
ਲੈ ਹੈ ਮੋਦ ਪ੍ਰਮੋਦ ਘਨੇਰਾ॥ ੩੫

ਦੋਹਰਾ

ਯਹ ਆਗਯਾ ਜਬ ਉਨ ਦਈ; ਮਾਨੀ ਹਮ ਮੁਦ ਪਾਇ।
ਗ੍ਰੰਥ ਰਚਨ ਹਿਤ ਪੁਨਿ ਕਰਯੋ, ਉੱਦਮ ਗੁਰੂ ਮਨਾਇ॥ ੩੬

(ਪਹਿਲਾ ਨਿਵਾਸ)

'ਪੰਥ ਪ੍ਰਕਾਸ਼' ਦੀ ਬੋਲੀ ਸਰਲ ਹੈ ਤੇ ਉਸ ਸਮੇਂ ਦੀ ਸਾਹਿਤਕ ਬੋਲੀ "ਸਾਧ ਭਾਖਾ" ਦੀ ਵਰਤੋਂ ਕੀਤੀ ਗਈ ਹੈ। ਆਪ ਨੇ "ਪੰਥ ਪ੍ਰਕਾਸ਼" ਪਹਿਲੇ, ਸ੍ਰੀ ਅੰਮ੍ਰਿਤ-ਸਰ, ਬਾਬਾ ਰਾਮ ਕੌਰ ਜੀ ਦੇ ਡੇਰੇ, ਮਹੰਤ ਹਰਿਨਾਮ ਸਿੰਘ ਜੀ ਪਾਸ ਬਹਿਕੇ ਲਿਖਿਆ ਸੀ, ਅਤੇ ਏਥੇ ਹੀ ਸੰਮਤ ੧੯੩੫ ਬਿਕ੍ਰਮੀ (੧੮੭੮ ਈ:) ਵਿਚ ਛਪਾਇਆ ਸੀ।



Digitized by Panjab Digital Library | www.panjabdigilib.org

ਉਸ ਨੂੰ ਮੁੜ ਸੋਧ-ਛਾਂਟ ਕੇ ਹੋਰ ਪ੍ਰਸੰਗ ਵਧਾਕੇ, ਸੰਮਤ ੧੯੪੬ ਬਿ: ਜੇਠ ਸੁਦੀ ਚੌਥ (ਮਈ ੧੮੮੯ ਈ:) ਨੂੰ ਪ੍ਰਕਾਸ਼ਤ ਕਰਵਾਇਆ ਹੈ। ਲਿਖਾਰੀ (ਕਾਤਬ) ਇਸ ਖਰੜੇ ਦੇ ਭਾਈ ਬੁਧ ਸਿੰਘ ਜੀ, ਬੁੰਗਾ ਬੂੜੀਏ ਵਾਲਾ, ਮੁਤਸਿਲ ਦੁਖਭੰਜਨ ਬੇਰ, ਦਰਬਾਰ ਸਾਹਿਬ-ਅੰਮ੍ਰਿਤਸਰ ਜੀ ਹਨ।

ਇਸ ਉਤਮ ਕਾਵਿ-ਗ੍ਰੰਥ ਵਿਚ ਸ੍ਰੀ ਗੁਰੂ ਨਾਨਕ ਦੇਵ ਤੋਂ ਲੈਕੇ ਦਸਾਂ ਸਤਿ-ਗੁਰਾਂ ਦੇ ਜੀਵਨ ਚਰਿਤਰ, ਹਜ਼ੂਰੀ ਸਿਖਾਂ-ਸਿੰਘਾਂ ਦੀ ਰੀਸ ਜੋਗ ਕਰਨੀ-ਕਰਤੂਤਾਂ, ਮਗਰੋਂ ਖਾਲਸਾ ਜੀ ਦੀਆਂ ਅਦੁਤੀ ਕੁਰਬਾਨੀਆਂ, ਖਾਲਸਾ ਦਲ ਤੇ ਮਿਸਲਾਂ ਦੀ ਕਾਇਮੀ ਤੇ ਰਾਜ-ਭਾਗ ਮਾਨਣ ਦੇ ਸਮਾਚਾਰ, ਬੜੀ ਕੜਾਕੇਦਾਰ ਸਵਾਦਲੀ ਤੇ ਭਾਵ-ਭਰਪੂਰ ਛੰਦਾ ਬੰਦੀ ਵਿਖੇ ਵਰਤੇ ਗਏ ਹਨ। ਸਿੱਖ-ਧਰਮ ਧਾਰੀਆਂ ਦੀਆਂ ਹੋਰ ਸਾਰੀਆਂ ਸੰਪ੍ਰਦਾਵਾਂ ਦੇ ਹਾਲ-ਹਵਾਲ ਭੀ ਸੰਖੇਪ-ਰੂਪ ਦਰਜ ਹਨ।

ਇਹ ਗ੍ਰੰਥ ਤੀਜੀ ਵਾਰ ਭੀ, ਸੰਮਤ ੧੯੫੨ (੧੮੯੫ ਈ:) ਵਿੱਚ, ਪੱਥਰ ਕਲਾ ਦਵਾਰਾ ਹੀ ਛਪਿਆ ਸੀ; ਲੇਕਿਨ ਚੌਥੀ ਵਾਰ, ਭਾਈ ਕਾਕਾ ਸਿੰਘ ਜੀ ਸਾਧੂ ਨੇ, ਸੰਮਤ ੧੯੫੫ ਬਿ: (੧੮੯੯ ਈ:) ਦੇ ਚੇਤ ਮਹੀਨੇ, ਵਜ਼ੀਰ ਹਿੰਦ ਪ੍ਰੈਸ-ਅੰਮ੍ਰਿਤਸਰ ਵਿਖੇ ਛਪਵਾਇਆ ਸੀ।

ਇਸ ਆਖਰੀ ਛਾਪ ਤੋਂ ਪ੍ਰਗਟ ਹੈ ਕਿ ਹਰ ਨਵੀਂ ਐਡੀਸ਼ਨ ਢੇਰ ਸਾਰੀਆਂ ਬਦਲੀਆਂ, ਵਾਧਿਆਂ ਤੇ ਸੋਧ-ਸੁਧਾਈਆਂ ਨਾਲ ਛਪਦੀ ਰਹੀ ਹੈ। ਸੰਮਤ ੧੯੫੫ ਬਿ: ਵਿਚ ਇਸ ਗ੍ਰੰਥ ਦੇ ਵਧ ਵਧ ਕੇ ੧੧੪ ਨਿਵਾਸ (ਅਧਿਆ) ਹੋ ਗਏ ਹਨ, ਅਤੇ ਗ੍ਰੰਥ ਦੀ ਕਵਿਤਾ, ਬੋਲੀ ਤੇ ਸਰਲਤਾ ਵਿਚ ਭੀ ਕਾਫੀ ਸੁਧਾਰ ਹੋਇਆ ਹੈ। ਜਿਵੇਂ ਪ੍ਰਕਾਸ਼ਕ ਦਾ ਕਥਨ ਹੈ:—ਏਹ ਪੁਸਤਕ ਸ੍ਰੀ ਗੁਰੂ ਪੰਥ ਪ੍ਰਕਾਸ਼ ਚੰਗੀ ਤਰਾਂ ਸੋਧ ਕੇ, ਟਾਈਪ ਵਿਚ ਛਪਾਯਾ ਹੈ। ਪਹਿਲੇ ਏਸ ਵਿਚ ਫ਼ਾਰਸੀ ਪਦ ਬਹੁਤ ਥੇ। ਬੇਅੰਤ ਸਿੱਖਾਂ ਦੀ ਫੁਰਮਾਇਸ਼ ਮੰਨ ਕੇ ਉਨ੍ਹਾਂ ਦੀ ਜਗਾ ਪੰਜਾਬੀ ਪਦ ਪਾ ਦਿਤੇ। ਬਲਕਿ ਹੋਰ ਵੀ ਕਠਨ ਅਰਥਾਂ ਵਾਲੇ ਪਦ ਸੁਗਮ ਕੀਤੇ ਗਏ ਹਨ। ਜੇ ਪੰਜਵੀਂ ਐਡੀਸ਼ਨ ਗਿਆਨੀ ਜੀ ਨੂੰ ਛਪਵਾਉਣ ਦਾ ਮੌਕਾ ਮਿਲਦਾ, ਤਾਂ ਇਹ ਮਹਾਨ ਗ੍ਰੰਥ, ਏਦੂੰ ਵੀ ਵਧਕੇ, ਇਤਿਹਾਸਕ ਗੌਰਵ ਤੇ ਮਹਾਨਤਾ ਪ੍ਰਾਪਤ ਕਰਕੇ, ਪਾਠਕਾਂ ਦੇ ਹੱਥਾਂ ਵਿਚ ਪਹੁੰਚਦਾ! ਇਹ ਪੂਰਨ ਆਸ ਸੀ।

'ਗੁਰਦੁਆਰਾ ਸੁਧਾਰ ਲਹਿਰ' ਅਰੰਭ ਹੋਣ ਸਮੇਂ ਗਿਆਨੀ ਜੀ ਭਾਵੇਂ ਬਹੁਤ



Digitized by Panjab Digital Library | www.panjabdigilib.org

ਬਿਰਧ ਹੋ ਚੁਕੇ ਸਨ; ਤਦ ਵੀ ਉਨ੍ਹਾਂ ਦੇ ਉਦਾਰ ਦਿਲ ਅੰਦਰ ਪੰਥਕ ਪਿਆਰ, ਗੁਰੂ ਸਾਹਿਬ ਤੇ ਗੁਰਧਾਮਾਂ ਉਤੇ ਅਥਾਹ ਸ਼ਰਧਾ ਅਤੇ ਮ੍ਰਿਯਾਦਾ-ਸੁਧਾਰ ਲਈ ਜੋਸ਼-ਜਜ਼ਬਾ ਅੱਜ-ਕੱਲ ਦੇ ਫੈਸ਼ਨੇਬਲ ਵਿਦਵਾਨ ਗੱਭਰੂਆਂ ਨਾਲੋਂ ਬਹੁਤ ਵਧ ਸੀ । ਜਿਹਾ ਕਿ ਉਹ 'ਗੁਰਧਾਮ-ਸੰਗ੍ਰਹਿ' ਪੁਸਤਕ ਵਿਚ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦਗਾਰ ਵਿਚ ਸਜੇ ਇਕ ਭਾਰੇ ਦੀਵਾਨ ਦਾ ਹਾਲ ਦੱਸਦੇ ਹੋਏ ਲਿਖਦੇ ਹਨ:—

"ਖਾਸ ਨਾਭੇ ਦੇ ਡੇਰਾ ਬਾਬਾ ਅਜਾਪਾਲ ਸਿੰਘ ਜੀ ਵਿਖੇ ਜੋ ਭਾਰਾ ਜੋੜ ਮੇਲ ਹੋਇਆ, ਓਸ ਦੇ ਦਰਸ਼ਨ ਕਰਨ ਦਾ ਮੌਕਾ, ਏਸ ਅਤੀ ਬ੍ਰਿਧ ਅਵਸਥਾ ਵਿਚ, ਕਰਤਾ ਨੂੰ ਭੀ ਹੋਯਾ । ਸੰਗਤ ਬੇਅੰਤ ਸੀ, ਅਰ ਸਭ ਦੇ ਹਿਰਦਿਆਂ ਉਤੇ ਸ਼ਹੀਦਾਂ ਦੀ ਕੁਰਬਾਨੀ ਦਾ ਖਾਸ ਅਸਰ ਸਾਫ ਪ੍ਰਗਟ ਹੋ ਰਿਹਾ ਸੀ । ਸੰਗਤ ਨੇ ਆਪਣੇ ਏਸ ਬ੍ਰਿਧ ਸੇਵਕ ਨੂੰ ਮਾਣ ਬਖਸ਼ਣ ਲਈ ਸਰਬ ਸੰਮਤੀ ਨਾਲ; 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਤਾਬਿਆ ਬਿਠਾ-ਇਆ ਤੇ ਗੁਰੂ ਮਹਾਰਾਜ ਦਾ ਵਾਕ ਲੈਣ ਲਈ ਕਰਤਾ ਨੂੰ ਹੀ ਹੁਕਮ ਕੀਤਾ । ਇਕ ਦੋ ਵਿਦਵਾਨ ਸਜਣਾਂ ਨੇ ਕਰਤਾ ਦੀ ਤੁੱਛ ਪੰਥ-ਸੇਵਾ ਸੰਬੰਧੀ ਵੀ ਵਡੇ ਵਡੇ ਉਪਮਾ ਭਰੇ ਲਫਜ਼ ਆਖੇ; ਜੋ ਉਨ੍ਹਾਂ ਦੇ ਪੰਥ ਪਿਆਰ ਦਾ ਸਬੂਤ ਸਨ । ਵਰਨਾ ਕਰਤਾ ਤਾਂ ਆਪਣੀ ਇਛਾ ਅਨੁਸਾਰ ਪੂਰੀ ਪੰਥ-ਸੇਵਾ ਕਰ ਹੀ ਨਹੀਂ ਸਕਿਆ ।"

ਇਸ ਦੀਵਾਨ ਵਿਚ ਪੜ੍ਹੀ ਗਈ ਇਕ ਕਵਿਤਾ "ਸ਼ਹੀਦੀ ਖੂਨ ਦੀ ਬਾਰਸ਼ !" ਦੀ ਸਿਫਤ ਕਰਦੇ ਹੋਏ: "ਮੈਂ ਬਹੁਤ ਚਿਰ ਤੋਂ ਅਰਦਾਸੇ ਕਰ ਰਿਹਾ ਸਾਂ; ਕਿ ਪੰਜਾਬੀ ਦਾ ਕੋਈ ਸੱਚ ਮੁਚ ਦਾ ਕਵੀ ਪੈਦਾ ਹੋਵੇ । ਸੋ, ਉਪਰੋਕਤ ਕਵਿਤਾ ਸੁਣ ਕੇ ਮੇਰਾ ਹਿਰਦਾ ਪ੍ਰਸੰਨ ਹੋ ਗਿਆ । ਅਰੁ ਨਿਸਚਾ ਹੋ ਗਿਆ ਕਿ ਹੁਣ ਪੰਜਾਬੀ ਕਵਿਤਾ ਜ਼ਰੂਰ ਤਰੱਕੀ ਕਰੇਗੀ । ਅਰੁ ਚੂੰਕਿ ਕੌਮਾਂ ਦੇ ਬਨੌਣ ਲਈ ਉਚ ਦਰਜੇ ਦੀਆਂ ਕਵਿਤਾ, ਵਡਾ ਕਾਰਨ ਹੁੰਦੀਆਂ ਹਨ, ਇਸ ਲਈ ਹੁਣ ਪੰਜਾਬੀ ਕਵਿਤਾ ਵੀ ਪੰਥ-ਉਨਤੀ ਦਾ ਸਾਧਨ ਬਣੇਗੀ । ਅਕਾਲ ਪੁਰਖ ਦਾ ਸ਼ੁਕਰ ਹੈ ਕਿ ਮੈਨੂੰ—ਜਿਸ ਨੇ ਆਪਣੀ ਸਾਰੀ ਆਰਬਲਾ ਗੁਰੂ ਕੇ ਸਿੱਖਾਂ ਨੂੰ, ਓਹਨਾਂ ਦੇ (ਵਡਾਰੂਆਂ ਨੂੰ) ਵਡਿਆਈ ਦੇ ਕੇ, ਉੱਚੀ ਸ਼ਾਨ ਦਸਣ ਵਿਚ ਖਰਚ ਕੀਤੀ ਹੈ—ਏਸ ਬਿਰਧ ਅਵਸਥਾ ਵਿੱਚ, ਸਿੱਖਾਂ ਦੇ ਅੰਦਰ ਫੇਰ ਨਵੀਂ ਜ਼ਿੰਦਗੀ ਦਾ ਆਰੰਭ ਦੇਖਣਾ ਨਸੀਬ ਹੋਯਾ ! ਗੁਰੂ ਕਰੇ ਪੰਥ ਖਾਲਸਾ, ਸਿੱਖ ਇਤਿ-ਹਾਸ ਅਰੁ ਪੰਜਾਬੀ ਸਾਹਿਤ ਦੀ ਦਿਨੋ ਦਿਨ ਉਨਤੀ ਹੋਵੇ !!"



Digitized by Panjab Digital Library | www.panjabdigilib.org

ਇਨ੍ਹਾਂ ਵਲਵਲਿਆਂ ਵਾਲਾ ਬੁੱਢਾ-ਨੌਜਵਾਨ, ਕਵੀ ਤੇ ਲਿਖਾਰੀ, ਆਪਣੇ ਗ੍ਰੰਥ ਵਿੱਚ, 'ਅਕਾਲੀ ਲਹਿਰ' ਅੰਦਰ ਸਿੰਘਾਂ ਵਲੋਂ ਦਿੱਤੀਆਂ ਗਈਆਂ ਕੁਰਬਾਨੀਆਂ ਸੰਬੰਧੀ, ਇਕ ਨਵਾਂ ਕਾਂਡ (ਨਿਵਾਸ) ਨਾ ਵਧਾਉਂਦਾ, ਇਹ ਅਨਹੋਣੀ ਗੱਲ ਸੀ। ਐਪਰ 'ਵਜ਼ੀਰ ਹਿੰਦ ਪ੍ਰੈਸ' ਦੇ ਮਾਲਕਾਂ-ਸੰਚਾਲਕਾਂ ਨੇ, ਗਿਆਨੀ ਜੀ ਦੀਆਂ ਕਈ ਛਪਣ ਆਈਆਂ ਪੁਸਤਕਾਂ ਗਹਿ-ਮਾਰਕੇ, ਉਨ੍ਹਾਂ ਦਾ ਦਿਲ ਤੋੜ ਦਿਤਾ। ਅਫਸੋਸ !!

੨. **ਤਵਾਰੀਖ ਗੁਰੂ ਖਾਲਸਾ**—'ਪੰਥ ਪ੍ਰਕਾਸ਼' ਗ੍ਰੰਥ ਲਿਖਕੇ, ਗਿਆਨੀ ਜੀ ਨੇ ਇਸ ਦੂਜੇ ਗ੍ਰੰਥ ਦਾ ਉਦਮ ਅਰੰਭਿਆ। ਸਿੱਖਾਂ ਦੇ ਇਸ ਇਕਲੌਤੇ ਇਤਿਹਾਸਕ ਪੁਸਤਕ ਵਿੱਚ ਕੀ ਕੁਝ ਦਰਜ ਹੈ ? ਗਿਆਨੀ ਸਾਹਿਬ ਆਪ ਹੀ ਦੱਸਦੇ ਹਨ:—

"ਸੰਮਤ ੧੫੨੬ ਬਿਕ੍ਰਮੀ (੧੪੬੯ ਈ:) ਤੋਂ ਲੈਕੇ ਸੰਮਤ ੧੯੪੮ (੧੮੯੧ ਈ:) ਤੱਕ, ਇਸ ਸਵਾ ਚਾਰ ਸੌ ਬਰਸ ਵਿੱਚ, ਜੋ ਕੋਈ ਵਡਾ ਕੰਮ ਕਿਸੇ ਗੁਰੂ ਸਾਹਿਬ ਨੇ, ਯਾ ਕਿਸੇ ਗੁਰੂ ਜੀ ਦੇ ਸਿੱਖ ਨੇ ਕੀਤਾ ਹੈ, ਉਹ ਸਭ ਹਾਲ ਸੱਚਾ ਸੱਚਾ ਲਿਖਣ ਦੀ ਮਨਸ਼ਾ ਧਾਰਕੇ, ਏਹੋ ਤਵਾਰੀਖ ਖਾਲਸਾ ਇਕ ਉਰਦੂ, ਦੂਸਰੀ ਗੁਰਮੁਖੀ, ਪੰਜਾਂ ਹਿਸਿਆਂ ਵਿੱਚ ਤਿਆਰ ਕੀਤੀ ਹੈ।

੧. ਪ੍ਰਥਮ ਭਾਗ ਵਿਖੇ ਦਸਾਂ ਗੁਰੂ ਸਾਹਿਬਾਂ ਦੇ ਜੀਵਨ ਚਰਿਤਰ ਬਰਨੇ ਹੈਂ।

੨. ਦੂਸਰੇ ਭਾਗ ਵਿਖੇ ਬਾਬੇ ਬੰਦੇ ਸਾਹਿਬ ਦੀ ਸੂਰਬੀਰਤਾ ਤੇ ਪੰਥ ਖਾਲਸੇ ਦੇ ਇਕੱਤਰ ਰਹਿ ਕਰਿ ਸ਼ਤਰੂਆਂ ਨਾਲ ਜੰਗ ਕਰਨੇ ਲਿਖੇ ਹੈਂ।

੩. ਤੀਸਰੇ ਭਾਗ ਵਿਖੇ ਬਾਰਾਂ ਮਿਸਲਾਂ ਦਾ ਬਿਰਤਾਂਤ, ਪੰਥ ਕਾ ਤੇਜ਼-ਪ੍ਰਤਾਪ, ਮਹਾਰਾਜਾ ਰਣਜੀਤ ਸਿੰਘ ਬਹਾਦਰ ਦੇ ਘਰ ਦਾ ਆਦਿ ਤੋਂ ਅੰਤ ਤਕ ਪ੍ਰਸੰਗ ਹੈ।

੪. ਚੌਥੇ ਭਾਗ ਵਿਖੇ ਫੂਲ ਬੰਸੀ ਰਾਜਿਆਂ, ਪਹਾੜੀ ਰਾਜਿਆਂ, ਸਰਬ ਦੇਸ ਦੇ ਸਿਖਾਂ, ਸਰਦਾਰਾਂ, ਮਲੇਰ ਕੋਟਲੇ ਆਦਿਕ ਨਵਾਬਾਂ ਦੇ ਪ੍ਰਸੰਗ ਬਰਨੇਂਗੇ।

੫. ਪੰਜਵੇਂ ਭਾਗ ਵਿਖੇ ਚਾਰ ਪ੍ਰਕਾਰ ਦੇ ਸ਼ਹਿਜ਼ਾਦੇ, ਸਤ ਗੁਰੂ ਦੇ ਪੰਥ, ਗੁਰ-ਦੁਵਾਰੇ, ਸ਼ਹੀਦ ਗੰਜ, ਮਸੰਦ, ਬਾਈ ਮੰਜੀਆਂ ਦਾ ਬ੍ਰਿਤਾਂਤ ਬਰਨਾਂਗੇ।"

(੧) ਇਸ ਪਰਮੁੱਤਮ ਗ੍ਰੰਥ ਦੇ ਪਹਿਲੇ ਭਾਗ ਦੀ ਪਹਿਲੀ ਛਾਪ (ਐਡੀਸ਼ਨ) ਸਾਡੇ ਮੇਜ਼ ਤੇ ਪਈ ਹੈ। ਇਹ ਮਹੰਤ ਪ੍ਰੇਮ ਸਿੰਘ ਸਾਹਿਬ ਰਈਸ, ਸਰਦਾਰ ਹਰੀ ਸਿੰਘ



Digitized by Panjab Digital Library | www.panjabdigilib.org

ਸਾਹਿਬ ਰਈਸ ਸਿਆਲਕੋਟੀਏ ਤੇ ਸਰਦਾਰ ਬੂਟਾ ਸਿੰਘ ਸਾਹਿਬ ਠੇਕੇਦਾਰ, ਰਈਸ ਰਾਵਲਪਿੰਡੀ ਵਾਲੇ ਦੀ ਆਗਯਾ ਅਨੁਸਾਰ (ਪੱਥਰ-ਕਲਾ) ਯੰਤਰ ਗੁਰੂ ਗੋਬਿੰਦ ਸਿੰਘ ਪ੍ਰੈਸ) ਸਿਆਲਕੋਟ ਵਿੱਚ, ਬਾਬੂ ਰਾਜੇਂਦਰ ਸਿੰਘ ਮੈਨੇਜਰ ਦੇ ਅਧਿਕਾਰ ਨਾਲ, ਸੰਮਤ ੧੯੪੮ ਬਿ: (੧੮੯੧ ਈਸਵੀ) ਵਿਖੇ ਛਪੀ ਹੈ। ਅਤੇ ਕਾਪੀ, ਭਾਈ ਬੁਧ ਸਿੰਘ ਕਾਪੀ ਨਵੀਸ, ਬੁੰਗਾ ਬੂੜੀਏ ਵਾਲਾ-ਅੰਮ੍ਰਿਤਸਰ ਦੇ ਸੁਚੱਜੇ-ਸੁਥਰੇ ਹੱਥਾਂ ਦੀ ਲਿਖੀ ਹੋਈ ਹੈ। ਸੰਮਤ ੧੯੪੯ ਚੇਤਰ ੨੫ ਸੰਨ ੧੮੯੨ ਈ: ਸਾਲ ਸ੍ਰੀ ਗਰੂ ਨਾਨਕ ਜੀ ੪੨੩ ਨੂੰ ਹਸਬ-ਜ਼ਾਬਤਾ ਰਜਿਸਟਰੀ ਕਰਾਈ ਗਈ ਹੈ।

ਇਸ ਭਾਗ ਦੀ ਸਮਾਪਤੀ ਦਾ ਤਿਥਿ-ਸੰਮਤ, ਗਿਆਨੀ ਜੀ ਨੇ ਆਪਣੀ ਹੀ ਕਲਮ ਨਾਲ ਲਿਖਿਆ ਹੈ:—

੯ ੪ ੯ ੧ ਦੋਹਿਰਾ ॥
"ਨਾਥ ਬੋਦ ਗ੍ਰਹਿ ਸਸਿ ਪੁਨਯੋ, ਚੇਤ ਸੁ ਮੰਗਲਵਾਰ।
ਗਯਾਨ ਸਿੰਘ ਪੂਰਨ ਕੀਓ, ਪ੍ਰਥਮ ਭਾਗ ਸੁਖ ਕਾਰ।'

ਯਾਨੀ ਇਹ ਪੋਥੀ ਸੰਮਤ ੧੯੪੯ ਬਿਕ੍ਰਮੀ, ਚੇਤਰ ਦੀ ਪੂੰਨਿਆਂ, ਮੰਗਲਵਾਰ ਨੂੰ ਸੰਪੂਰਨ ਹੋਈ ਹੈ।

ਇਸ ਦੇ ਤਿੰਨ ਐਡੀਸ਼ਨ ਪੱਥਰ ਦੇ ਛਾਪੇ ਵਿੱਚ ਤੇ ਚੌਥਾ "ਵਜ਼ੀਰ ਹਿੰਦ ਪ੍ਰੈਸ" ਵਿਚ ਖਾਲਸਾ ਟਰੈਕਟ ਸੁਸਾਇਟੀ ਅੰਮ੍ਰਿਤਸਰ ਦੀ ਆਗਯਾ ਅਨੁਸਾਰ, ਭਾਈ ਤਾਰਾ ਸਿੰਘ ਮੈਨੇਜਰ ਖਾਲਸਾ ਨੈਸ਼ਨਲ ਏਜੰਸੀ ਸ੍ਰੀ ਅੰਮ੍ਰਿਤਸਰ ਨੇ ਸ਼ਾਇਦ ੧੯੫੫ ਬਿ: ਦੇ ਲਾਗ-ਲਾਉਣੇ ਹੀ ਛਾਪਿਆ ਹੈ। "ਆਗਿਆ ਅਨੁਸਾਰ" ਅੱਖਰ ਦਸਦੇ ਹਨ, 'ਖਾਲਸਾ ਟਰੈਕਟ ਸੁਸਾਇਟੀ' (ਜੋ 'ਚੀਫ ਖਾਲਸਾ ਦੀਵਾਨ' ਨਾਲ ਸੰਬੰਧਤ ਹੈ) ਨੇ ਗਿਆਨੀ ਜੀ ਪਾਸੋਂ ਇਸ ਗ੍ਰੰਥ ਦੀ ਛਪਾਈ ਦੇ ਹੱਕ ਖਰੀਦ ਲਏ ਸਨ ਇਸੇ ਕਰਕੇ ਅਗੋਂ ਛਪਣ ਲਈ "ਮੁੰਦਾਵਣੀ" ਪੜ੍ਹਕੇ ਧੂਪ ਦੇ ਦਿਤੀ ਗਈ ਹੈ। 'ਸੋਸਾਇਟੀ' ਦੇ ਬਹੁਤੇ ਟਰੈਕਟ, ਇਸੇ ਗ੍ਰੰਥ 'ਚੋਂ ਮਸਾਲਾ ਲੈਕੇ ਲਿਖੇ-ਛਾਪੇ ਜਾਂਦੇ ਰਹੇ ਹਨ।

(੨) **'ਸ਼ਮਸ਼ੇਰ ਖਾਲਸਾ'**–ਗਿਆਨੀ ਜੀ ਨੇ 'ਤਵਾਰੀਖ ਗੁਰੂ ਖਾਲਸਾ' ਦੇ ਦੂਜੇ ਭਾਗ ਦਾ ਨਾਮ 'ਸ਼ਮਸ਼ੇਰ ਖਾਲਸਾ' ਰੱਖ ਕੇ ਓਰਦੂ ਵਿੱਚ ਲਿਖਿਆ ਸੀ। ਉਸ ਦੇ



Digitized by Panjab Digital Library | www.panjabdigilib.org

ਪੰਜਾਬੀ ਉਲਥੇ ਦਾ ਵੀ ਇਹੋ ਨਾਮ ਪ੍ਰਸਿੱਧ ਹੈ। ਇਸ ਦੀ ਪਹਿਲੀ ਪੱਥਰ-ਛਾਪ, ਸਾਵਣ ੧੯੪੯ ਬਿ: (ਜੁਲਾਈ ੧੮੯੨ ਈ:) ਵਿਚ ਪਾਖਾਣ-ਯੰਤਰ ਗੁਰੂ ਗੋਬਿੰਦ ਸਿੰਘ ਪ੍ਰੈਸ—ਬੇਰ ਬਾਬਾ ਨਾਨਕ, ਸ਼ਹਿਰ ਸਿਆਲਕੋਟ ਵਿਖੇ ਬਾਬੂ ਰਾਜੇਂਦਰ ਸਿੰਘ ਜੀ ਮੈਨੇਜਰ ਦੇ ਅਧਿਕਾਰ ਨਾਲ ਹੀ ਛਪੀ ਸੀ। ਇਸ ਅਮੋਲਕ ਪੁਸਤਕ ਦੀ ਦੂਜੀ ਐਡੀ-ਸ਼ਨ ਅਸਾਂ ਨਹੀਂ ਵੇਖੀ।

**(੩-੪) ਰਾਜ ਖਾਲਸਾ (ਦੋ ਭਾਗ)**–'ਤਵਾਰੀਖ ਗੁਰੂ ਖਾਲਸਾ' ਦੇ ਤੀਜੇ ਭਾਗ ਦਾ ਨਾਮ ਓਰਦੂ ਵਿੱਚ 'ਰਾਜ ਖਾਲਸਾ' ਤੇ ਚੌਥੇ ਦਾ 'ਸਰਦਾਰ ਖਾਲਸਾ' ਹੈ। ਲੇਕਿਨ ਪੰਜਾਬੀ ਵਿਚ ਦੋਹਾਂ ਦਾ 'ਰਾਜ ਖਾਲਸਾ' ਰੱਖ ਕੇ ਤੀਜੇ ਨੂੰ 'ਨੰਬਰ ੧' ਤੇ ਚੌਥੇ ਨੂੰ 'ਨੰਬਰ ੨' ਦੇਕੇ ਨਿਖੇੜਿਆ ਹੈ। ਇਹ ਦੋਵੇਂ ਉਰਦੂ ਵਿੱਚ ਤਾਂ 'ਸਿੱਖ ਰੇਫਰੈਂਸ ਲਾਇਬਰੇਰੀ' ਨੂੰ ਮਿਲੇ ਹਨ, ਪੰਜਾਬੀ 'ਚ ਨਹੀਂ। ਲਿਖੇ ਤਾਂ ਜ਼ਰੂਰ ਗਏ ਹਨ ਹੋ ਸਕਦਾ ਇ 'ਖਾਲਸਾ ਟਰੈਕਟ ਸੋਸਾਇਟੀ' ਦੇ ਟੇਟੇ ਚੜ੍ਹਕੇ ਠੱਪੇ ਗਏ ਹੋਣ।

**(੪) ਪੰਥ ਖਾਲਸਾ :–** ਭੀ 'ਤਵਾਰੀਖ ਗੁਰੂ ਖਾਲਸਾ' ਦਾ ਹੀ ਆਖਰੀ ਭਾਗ ਹੈ; ਉਰਦੂ ਐਡੀਸ਼ਨ, ਸਨ ੧੯੧੯ ਈਸਵੀ (੧੯੭੬ ਬਿਕਰਮੀ) ਦੇ ਇਰਦ ਗਿਰਦ ਛਪੀ ਸੀ:ਪਰ ਪੰਜਾਬੀ ਦਾ ਖਰੜਾ 'ਖਾਲਸਾ-ਟਰੈਕਟ ਸੋਸਾਇਟੀ' ਨੇਗਿਆਨੀ ਜੀ ਦੇ ਗਿਲੇ-ਮੇਹਣੇ ਸੁਣਕੇ ਵੀ ਛਾਪਣ ਦਾ ਉਦਮ ਨਹੀਂ ਕੀਤਾ। ਅਫਸੋਸ !!

**(੩) ਨਿਰਮਲ ਪੰਥ ਪ੍ਰਦੀਪਕਾ :–** ਇਹ ਪੁਸਤਕ ਬੀ ਇਤਿਹਾਸਕ ਨੁਕਤੇ ਤੋਂ ਬੜੀ ਅਮੋਲਕ ਹੈ; ਅਰੁ ਗਿਆਨੀ ਜੀ ਦੀ ਆਰੰਭਕ ਸਾਹਿਤ ਸੇਵਾ ਦਾ ਨਮੂਨਾ ਹੈ। ਗਿਆਨੀ ਜੀ ਨੇ ਚੂੰਕਿ ਪਹਿਲ-ਪਿਰਥਮੇ ਸਾਧੂ ਵੇਸ ਧਾਰ ਕੇ ਭਾਰਤ ਵਰਸ਼ ਦਾ ਭਰਮ (ਸੈਲਾ) ਕੀਤਾ ਸੀ; ਇਸ ਵਾਸਤੇ ਹਿੰਦੁਸਤਾਨ ਦੀਆਂ ਸਾਰੀਆਂ ਬੋਲੀਆਂ ਦੀ ਖਿਚੜੀ ਸੰਤ ਭਾਖਾ ਦਾ ਉਨ੍ਹਾਂ ਤੇ ਕਾਫੀ ਪਰਭਾਵ ਪੈ ਚੁਕਾ ਸੀ। ਉਨ੍ਹਾਂ ਦੇ ਵਿਦਿਆ ਗੁਰੂ ਪੰਡਿਤ ਤਾਰਾ ਸਿੰਘ ਜੀ'ਨਰੋਤਮ' ਨੇ ਆਪਣੇ ਰਚੇ ਗ੍ਰੰਥਾਂ ਵਿਚ ਜੋ ਬੋਲੀ ਵਰਤੀ ਹੈ ਉਸੇ ਬੋਲੀ ਵਿਚ ਇਹ ਪੁਸਤਕ ਵਾਰਤਕ ਵਿਚ ਲਿਖੀ ਹੈ, ਇਸ ਪੋਥੀ ਦੇ ਵਿਸ਼ੇ (ਮਜ਼ਬੂਨ) ਬਾਰੇ ਆਪ ਲਿਖਦੇ ਹਨ :

''ਸੰਤ ਨਿਰਮਲੇ ਭਏ ਜਿਮ, ਪੰਥ ਦਸੋਂ ਗੁਰ ਕੇਰ।
ਸਾਥ ਪ੍ਰੇਮ ਸੋ ਗਾਥ ਸਭ, ਮਾਥ ਨਾਇ ਦਿਹੁ ਟੇਰ ॥੩



Digitized by Panjab Digital Library | www.panjabdigilib.org

ਪੂਰਾ ਗਰੰਥਨ ਬਹੁ ਵਿਖੇ, ਲਿਖੇ ਪਿਖੇ ਪਰਸੰਗ,
ਬੀਨ ਬੀਨ ਬਹੁ ਠੌਰ ਤੈ, ਲੈ ਸਾਖੀ ਸਭ ਚੰਗ ॥ ੪
ਚਮਨ ਚਮਨ ਤੈ ਸੁਮਨ ਲੈ, ਸੁਮਨ ਲਾਇ ਹਰਿਯਾਨ,
ਦਾਮ ਰੂਪ ਅਭਿਰਾਮ ਇਹ ਗ੍ਰੰਥ ਬਾਰਤਿਕ ਠਾਨ ॥ ੫
ਪੰਥ ਅਨਾਦੀ ਗੁਰੂ ਕਾ ਆਹਿ ਨਿਰਮਲਾ ਜੈਸ,
ਪਰਮਾਣੋ ਯੁਤ ਸਿਧ ਕਰਿ ਦਿਖਰੈ ਹੈਂ ਅਬ ਤੈਸ ॥ ੭
ਜੇ ਬਕਬਾਦੀ ਮਤਸਰੀ ਕਰਤ ਸੁਸਕ ਫਕਟੈਂਸ,
ਤਿਨੇ ਉਲੂਕਨ ਫੂਕ ਮੂਖ ਕਾਰਕ ਇਹੁ ਰਵ ਹੈਸ ॥ ੮
ਸੰਕਾ ਪੰਨ ਬਿਬਾਦ ਸਬ ਇਸ ਕੋ ਪੜ੍ਹ ਸੁਨ ਜਾਹਿ,
ਪੰਥ ਨਿਰਮਲਾ ਗੁਰੂ ਕਾ ਆਦੀ ਐਨ ਲਖਾਹਿ ॥ ੯

ਸਿੱਖ ਰੈਫਰੈਂਸ ਲਾਇਬਰੇਰੀ ਵਿਚ ਜੋ ਸੈਂਚੀ ਮੌਜੂਦ ਹੈ, ਉਸ ਦੇ ਅੰਤਲੇ ਕਝ ਪਤਰੇ ਨਹੀਂ ਹਨ, ਜਿਨ੍ਹਾਂ ਪੁਰ ਇਸ ਦੇ ਲਿਖਣ ਛਪਣ ਦਾ ਤਿਥ ਸੰਮਤ ਹੋ ਸਕਦਾ ਸੀ। 'ਮਹਾਨ ਕੋਸ਼' ਵਿਚ ਲਿਖਿਆ ਇ :— ਇਹ ਸੰਮਤ ੧੯੪੮ (ਸਨ ੧੯੯੫) ਵਿਚ ਬਣੀ; ਅਤੇ ਮਤਬਾ ਗੁਰੂ ਗੋਬਿੰਦ ਸਿੰਘ ਸ਼ਹਰ ਸਿਆਲ ਕੋਟ ਵਿਚ ਛਪੀ। (ਪੰਨਾ ੨੧੩੨) ਯਾਨੀ ਤਵਾਰੀਖ ਗੁਰੂ ਖਾਲਸਾ ਦੇ ਪਹਿਲੇ ਭਾਗ ਦੇ ਨਾਲ ਹੀ ਬਣੀ ਤੇ ਛਪੀ ਸੀ ॥

**(੪) ਖਾਲਸਾ ਧਰਮ-ਪਤਿਤਪਾਵਨ :—** ਇਸ ਗ੍ਰੰਥ ਦੇ ਦਰਸ਼ਨ ਸਾਨੂੰ ਨਸੀਬ ਨਹੀਂ ਹੋਏ। ਸ: ਬਹਾਦਰ ਭਾਈ ਕਾਨ੍ਹ ਸਿੰਘ ਜੀ ਲਿਖਦੇ ਹਨ :— ਇਸ ਗ੍ਰੰਥ ਵਿਚ ਕੁਲ ਜਾਤਿ ਅਤੇ ਧਰਮ ਤੋਂ ਡਿਗੇ ਹੋਏ ਮਨੁਖਾਂ ਨੂੰ ਪਵਿਤਰ ਕਰਨ ਦੀ ਬਿਧਿ ਲਿਖੀ ਹੈ। ਹਿੰਦੂਮਤ ਦੇ ਗ੍ਰੰਥਾਂ, ਸਿਖ ਧਰਮ ਦੇ ਪੁਸਤਕਾਂ ਅਤੇ ਇਤਿਹਾਸਾਂ ਤੋਂ ਸਾਬਤ ਕੀਤਾ ਹੈ ਕਿ ਪਤਿਤ ਨੂੰ ਪਵਿਤਰ ਕਰਨਾ ਉਤਮ ਰੀਤਿ ਹੈ। ਇਹ ਗ੍ਰੰਥ ਸੰਮਤ ੧੯੫੧ ਵਿਚ ਤਿਆਰ ਹੋਇਆ ਹੈ।

ਯਥਾ

੧ ੫ ੯ ੧
"ਮਨ ਸ਼ਰ ਗ੍ਰਹਿ,ਸ਼ਸਿ ਪੂਨਯੋ ਮਾਘ ਸੁਦੀ ਸਸਿਵਾਰ ॥
ਗਿਆਨਾ ਸਿੰਘ ਪੁਸਤਕ ਰਚਯੋ ਪਤਿਤ ਸੁਧਾਰਨ ਵਾਰ ॥"
('ਮ: ਕੋਸ਼', ਪੰਨਾ ੨੨੧੧-੨)



Digitized by Panjab Digital Library | www.panjabdigilib.org

ਅਰਥਾਤ ਸੰਮਤ ੧੯੫੧ ਬਿਕਰਮੀ ਮਾਘ ਪੂੰਨਿਆ ਦਿਨ ਸੋਮ ਨੂੰ ਸਮਾਪਤ ਹੋਇਆ ਸੀ ।

**(੫) ਤਵਾਰੀਖ ਸ੍ਰੀ ਅੰਮ੍ਰਿਤਸਰ ;–** ਇਤਿਹਾਸਕ ਦ੍ਰਿਸ਼ਟੀ ਕੋਣ ਤੋਂ ਇਹ ਪੁਸਤਕ ਭੀ ਬੜੀ ਚੰਗੀ ਹੈ । ਸੰਮਤ ੧੯੨੯ ਬਿਕਰਮੀ ਦਾ ਇਕ ਉਰਦੂ ਨੁਸਖਾ ਸਿਖ ਹਿਸਟਰੀ ਸੋਸਾਇਟੀ ਨੂੰ ਲਭਾ ਸੀ; ਜੋ 'ਤਵਾਰੀਖ ਅੰਮ੍ਰਿਤਸਰ ਕੇ ਚੰਦ ਮਾਖ਼ਜ਼' ਵਿਚ ਸ਼ਾਮਿਲ ਕਰਕੇ ਛਾਪ ਦਿਤਾ ਗਿਆ ਸੀ । ਲੇਕਿਨ ਉਹ ਇਸ ਤੋਂ ਵਖਰਾ ਕਿਸੇ ਹੋਰਸ ਸਜਨ ਦਾ ਲਿਖਿਆ ਜਾਪਦਾ ਇ । ਗਿਆਨੀ ਜੀ ਨੇ ਭੀ ਉਰਦੂ ਪੰਜਾਬੀ—ਦੋਹਾਂ ਬੋਲੀਆਂ ਵਿਚ ਇਹ ਤਵਾਰੀਖੀ ਕਿਤਾਬ ਲਿਖੀ ਹੈ । ਇਸ ਵਿਚ ਸ੍ਰੀ ਦਰਬਾਰ ਸਾਹਿਬ ਤੇ ਸਬੰਧਤ ਤੀਰਥਾਂ ਬੂੰਗਿਆਂ ਆਦਿਕ ਦੀ ਸੰਮਤ ੧੯੭੨ ਬਿ: (੧੯੧੫ ਈ:)) ਤਕ ਹੋਈ ਸੇਵਾ ਦਾ ਸੰਖੇਪ ਜ਼ਿਕਰ ਹੈ । ਇਹ ਪੋਥੀ (ਉਰਦੂ ਵਿਚ) ਸੰਮਤ ੧੯੧੬ ਬਿਕਰਮੀ (੧੯੧੯ ਈ:) ਵਿਖੇ ਪਟਿਆਲੇ ਛਪੀ ਹੈ । ਪੰਜਾਬੀ ਪੋਥੀ ਭੀ ਸਾਡੇ ਪਾਸ ਹੈਗੀ ਐ; ਪਰ ਮੁਖ ਪਤਰੇ ਨਾ ਹੋਣ ਕਰਕੇ ਜਾਣਿਆਂ ਨਹੀਂ ਜਾਂਦਾ ਕਿ ਕਦੋਂ ਤੇ ਕਿਸ ਪ੍ਰਕਾਸ਼ਤ ਕੀਤੀ ਹੈ ।

**(੬) ਗੁਰਧਾਮ ਸੰਗ੍ਰਹ :–** ਇਤਿਹਾਸਕ ਗੁਰਦੁਵਾਰਿਆਂ ਦੇ ਹਾਲ ਜਾਨਣ ਲਈ ਇਹ ਬੜੀ ਵਡਮੁਲੀ ਦੁਰਲੱਭ ਪੁਸਤਕ ਹੈ । ਇਸ ਦੀ ਭੂਮਿਕਾ ਵਿਚ ਗਿਆਨੀ ਜੀ ਲਿਖਦੇ ਹਨ :—

ਮੁਕਤਯੋਂ ਕੀ ਸ੍ਰੇਣੀ ਵਿਖੇ, ਗਨਯੋ ਜਾਤ ਨਰ ਸੋਇ;
ਗੁਰਧਾਮਨ ਕੀ ਯਾਤ੍ਰਾ ਕਰੈ ਸਿੱਖ ਭਲ ਜੋਇ ।
ਅਸ ਸਰਧਾਲੂ ਸਿੱਖਨ ਹਿਤ, ਉਦਮ ਕਰਿ ਹਰਿ ਗਯਾਨ;
ਗੁਰਦਵਾਰੇ ਸੰਗ੍ਰਹ ਕਰੇ, ਪਰੀਸ਼ਰਮ ਬਹੁ ਠਾਨਿ ॥

ਇੱਵ ਕੀਤਾ ਸੰਗ੍ਰਹ । ਆਪ ਆਪਣੇ ਵਿੱਦਿਆ ਗੁਰੂ ਪੰਡਿਤ ਤਾਰਾ ਸਿੰਘ ਜੀ ਨੂੰ ਪਟਿਆਲੇ ਸੰਭਾਲ ਕੇ ਫਿਰ ਦੱਖਣ-ਪੱਛਿਮ ਭਾਰਤ ਦੇ ਸੈਲੇ ਵਾਸਤੇ ਟੂਰ ਗਏ ;

ਗਿਆਨੀ ਜੀ ਦੀ ਇਹ ਅਣਥੱਕ ਘਾਲਨਾ, ਮਹਾਰਾਜਾ ਭੂਪਿੰਦਰ ਸਿੰਘ ਪਟਲੇਸ਼ਵਰ, ਤੇ ਮਹਾਰਾਜਾ ਰਿਪਦਮਨ ਸਿੰਘ ਨਾਭਾ ਨਰੇਸ਼ ਦੀ ਪ੍ਰੇਰਨਾ', ਹਮਦਰਦੀ ਤੇ ਸਹਾਇਤਾ ਨਾਲ ਪੁਸਤਕ ਰੂਪ ਧਾਰ ਕੇ ਸੰਗਤਾਂ ਦੇ ਹੱਥਾਂ ਵਿੱਚ ਪਹੁੰਚੀ ਹੈ, 'ਸਿੱਖ



Digitized by Panjab Digital Library | www.panjabdigilib.org

ਰੈਫਰੈਂਸ ਲਾਇਬ੍ਰੇਰੀ' ਨੂੰ ਜੋ ਪ੍ਰਤਿ ਸਾਂਭਣ ਹਿਤ ਪ੍ਰਾਪਤਿ ਹੋਈ ਹੈ: ਇਸ ਪੁਰ ਟਾਈਟਲ ਪੇਜ ਨਹੀਂ । ਸੋ ਪਕਾ ਪਤਾ ਨਹੀਂ; ਕਦੋਂ ਛਪੀ ? ਪਰ ਪੁਸਤਕ ਵਿਚ ਆਪ ਨੇ ਸਾਕਾ ਨਨਕਾਣਾ ਸਾਹਿਬ, ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਗੁ: ਪ੍ਰਬੰਧਕ ਕਮੇਟੀ--ਪੰਥ ਦੀਆਂ ਪ੍ਰਤੀਨਿਧ ਸੰਸਥਾਵਾਂ ਦੇ ਜਨਮ ਦਾ ਹਵਾਲਾ ਦਿਤਾ ਹੈ; ਇਸ ਲਈ ਅਨੁਮਾਨ ਹੈ ਕਿ ਇਸ ਪੋਥੀ ਨੇ ਟਾਈਪ ਛਾਪ ਦਾ ਚੋਲਣਾ 'ਗੁਰਦਵਾਰਾ ਸੁਧਾਰ ਲਹਿਰ' ਦੇ ਦਿਨਾਂ ਵਿਚ ਵੀਹ ਵਿਸੰਵੇ ੧੯੨੨ ਈਸਵੀ ਵਿਚ—ਹੀ ਪਹਿਨਿਆ ਹੈ ।

**੭. ਸੂਰਜ ਪ੍ਰਕਾਸ਼ (ਵਾਰਤਕ) ਤਿੰਨ ਹਿੱਸੇ**—ਸ੍ਰੀ ਗੁਰੂ ਸੂਰਜ ਪ੍ਰਕਾਸ਼ ਗਰੰਥ, ਭਾਈ ਸੰਤੋਖ ਸਿੰਘ ਜੀ ਨੇ ਮਹਾਰਾਜਾ ਸ਼ੇਰ ਸਿੰਘ ਦੇ ਰਾਜ ਸਮੇਂ—੧੯੦੦ ਬਿਕ੍ਰਮੀ ਵਿਚ ਸੰਪੂਰਨ ਕੀਤਾ ਸੀ । ਓਦੋਂ ਗਿਆਨੀ ਜੀ, ਮਹਾਰਾਜਾ ਪਟਿਆਲਾ ਦੇ ਰਸਾਲੇ ਵਿਚ ਭਰਤੀ ਸਨ । ਮਗਰੋਂ ਸੰਤ ਵੇਸ ਧਾਰਿ ਵਿਦਯਾ ਪੜ੍ਹੀ ਤੇ ਇਸ ਮਹਾਨ ਕਾਵਿਸਾਗਰ (ਸ਼ਾਹਕਾਰ) ਨੂੰ ਭੀ ਵਾਚਿਆ-ਵਿਚਾਰਿਆ, ਤਾਂ ਆਮ ਸਾਧਾਰਨ ਪੜ੍ਹੇ-ਲਿਖੇ ਸਿੱਖਾਂ ਦੇ ਸੌਖ-ਸੁਭੀਤੇ ਲਈ ਇਸ ਨੂੰ ਸਰਲ ਪੰਜਾਬੀ ਵਾਰਤਾ ਵਿਚ ਬਦਲਾਣ ਦਾ ਉੱਦਮ ਕੀਤਾ । ਇਹ ਉੱਤਮ ਗਰੰਥ ਭੀ ਸੰਮਤ ੧੯੫੪-੫ ਬਿਕ੍ਰਮੀ (੧੮੯੭ ਈ:) ਦੇ ਇਰਦ-ਗਿਰਦ ਹੀ ਤਿਆਰ ਹੋਇਆ ਤੇ ਛਪਿਆ ਸੀ।ਇਹ ਖਰੜੇ ਬੀ ਚੂੰਕਿ ਜਾਪਦਾਇ 'ਖਾਲਸਾ ਟ੍ਰੈਕਟ ਸੁਸਾਇਟੀ' ਦੇ ਕਾਬੂ ਆ ਗਏ ਹਨ: ਇਸ ਲਈ ਦੂਜੀ ਵਾਰੀ ਛਪ ਕੇ ਦਰਸ਼ਨ ਨਹੀਂ ਦੇ ਸਕੇ ।

**੮. ਅੰਮ੍ਰਿਤ ਪ੍ਰਕਾਸ਼**—ਇਹ ਪੁਸਤਕ—ਮਾਲੂਮ ਹੁੰਦਾਇ—ਗਿਆਨੀ ਜੀ ਨੇ 'ਖਾਲਸਾ ਧਰਮ ਪਤਿਤਪਾਵਨ' ਦੇ ਨਾਲ ਹੀ ਸੰਮਤ ੧੯੫੧-੨ ਬਿ: ਦੇ ਏੜ-ਗੇੜ ਪ੍ਰਕਾਸ਼ਤ ਕੀਤਾ ਸੀ । ਇਸ ਦੇ ਦਰਸ਼ਨ ਅਸਾਂ ਨਹੀਂ ਕੀਤੇ । ਉਕਤਿ ਵਿਗਯਾਪਨ ਵਿਚ ਇਸਦਾ ਭੀ ਜ਼ਿਕਰ ਹੈ ।

ਫਿਰ ਸੰਮਤ ੧੯੭੬ ਬਿ: (੧੯੧੯ ਈ:) ਵਿਚ 'ਖਾਲਸਾ ਇਤਿਹਾਸ ਕਮੇਟੀ ਪਟਿਆਲਾ' ਨੇ ਗਿਆਨੀ ਜੀ ਦੇ ਗਰੰਥ ਦਰਕਾਰ ਪਟਿਆਲਾ ਵਲੋਂ ਛਾਪਣ ਦਾ ਪ੍ਰਬੰਧ ਕੀਤਾ ਸੀ । ਜਿਨ੍ਹਾਂ ਵਿਚੋਂ ਉਰਦੂ ਦੀ 'ਤਵਾਰੀਖ ਸ੍ਰੀ ਅੰਮ੍ਰਿਤਸਰ ਜੀ' ਹੀ ਅਸਾਨੂੰ ਮਿਲੀ ਹੈ । ਇਸਦੇ ਮਗਰ ਦਿਤੀ 'ਇਤਲਾਇਆਮ' ਵਿਚ ਭੀ ਇਸ ਪੁਸਤਕ ਦਾ ਨਾਮ ਦਰਜ



Digitized by Panjab Digital Library | www.panjabdigilib.org

ਹੈ। ਛਪਣ ਦੀ ਨੌਬਤ—ਪਤਾ ਨਹੀਂ—ਆਈ ਕਿ ਨਾ !

ਉਸ 'ਇਤਲਾ-ਇ-ਆਮ' ਵਿਚ ੨੮ ਗੁਰਮੁਖੀ ਤੇ ੧੦ ਉਰਦੂ ਦੇ ਗਰੰਥ ਦਰਜ ਹਨ: ਅਰ ਸਾਰੇ ਹੀ ਗਿਆਨੀ ਜੀ ਦੀ ਰਚਨਾ ਹੀ ਦੱਸੇ ਹਨ; ਹਾਲਾਂ ਕਿ ਕਈ ਭਾਈ ਮਨੀ ਸਿੰਘ, ਭਾਈ ਸੰਤੋਖ ਸਿੰਘ ਤੇ ਭਾਈ ਲਾਲ ਸਿੰਘ 'ਦਾਸ' ਦੇ ਲਿਖੇ ਹੋਏ ਹਨ। ਤਦ ਵੀ ਇਨ੍ਹਾਂ ਵਿਚੋਂ—

**੯. ਭੂਪਿੰਦ੍ਰਾ ਨੰਦ**—ਜਿਸ ਵਿਚ ਮਹਾਰਾਜਾ ਭੁਪਿੰਦਰ ਸਿੰਘ ਪਟਿਆਲਾਪਤੀ ਦਾ ਜੀਵਨ ਤੇ ਉਸਤਤਿ ਹੈ;

**੧੦. ਰਿਪੁਦਮਨ ਪ੍ਰਕਾਸ਼**—ਜੋ ਨਾਭਾ ਨਰੇਸ਼ ਡਾ: ਰਿਪੁਦਮਨ ਸਿੰਘ ਦੇ ਜੀਵਨ ਤੇ ਚਲਣ ਪੁਰ ਚਾਨਣ ਪਾਉਂਦਾ ਹੈ;

**੧੧. ਤਵਾਰੀਖ ਲਾਹੌਰ**—(ਉਰਦੂ);

**੧੨. ਇਤਿਹਾਸ ਭਾਈ ਰੂਪ ਚੰਦ**—ਆਦਿ ਜ਼ਰੂਰ ਗਿਆਨੀ ਜੀ ਦੇ ਰਚੇ ਹੋਏ ਹੀ ਸਹੀ ਹੁੰਦੇ ਹਨ। ਐਪਰ ਅਸਾਂ ਨਹੀਂ ਵੇਖੇ; ਤੇ ਨਾ ਹੀ ਕਿਸੇ ਥਾਂ ਇਨ੍ਹਾਂ ਦਾ ਇਸ਼ਤਿਹਾਰ ਯਾ ਜ਼ਿਕਰ ਪੜ੍ਹਿਆ ਹੈ।

———



Digitized by Panjab Digital Library | www.panjabdigilib.org

# ਗਿ: ਗਿਆਨ ਸਿੰਘ ਰਚਿਤ ਪੰਥ ਪ੍ਰਕਾਸ਼

ਗਿਆਨੀ ਗਿਆਨ ਸਿੰਘ ਜੀ ਨੇ ਆਪਣੇ ਮਹਾਨ ਗ੍ਰੰਥ 'ਪੰਥ-ਪ੍ਰਕਾਸ਼' ਦੀ ਰਚਨਾ ਸੰਬੰਧੀ ਲਿਖਿਆ ਹੈ—

ਨਗਰ ਪਟਿਆਲਾ ਸੁਭ ਅਸਥਾਨ । ਫੂਲ-ਬੰਸ ਜਿਹ ਭੂਪ ਮਹਾਨ ।
ਤਹਿ ਪੰਡਿਤ ਤਾਰਾ ਮ੍ਰਿਗੇਸੂ । ਬਿਦਿਆ ਗੁਰ ਮਮ ਰਹਿਤ ਬਸੇਸੂ ।
ਇਕ ਦਿਨ ਉਨ ਆਗਿਆ ਮੋਹਿ ਦੀਨੀ । ਤੁਮ ਪੋਥੀ ਇਹ ਰਚੋ ਨਵੀਨੀ ।
ਨਾਮ ਗ੍ਰੰਥ ਪੰਥ ਪ੍ਰਕਾਸ਼ । ਜੱਦਪਿ ਰਚਯੋ ਰਤਨ ਸਿੰਘ ਖਾਸ ।
ਪਰ ਵਹਿ ਅਤਿ ਢੀਲੀ ਕਵਿਤਾਈ। ਮਤਲਬ ਥੋਰਾ ਬਹੁ ਫੈਲਾਈ ।
ਫਿਰ ਉਨ ਸਾਖੀ ਭਾਖੀ ਥੋਰੀ । ਚਹੀਏ ਅਧਕੈ ਰਚੋ ਬਹੋਰੀ ।
ਤਾਂ ਤੇ ਤੁਮ ਅਬ ਚਾਰੁ ਚਰਿਤ੍ਰ, ਗੁਰੂ ਖਾਲਸੇ ਕੇਰ ਬਚਿਤ੍ਰ ।
ਜੋਊ ਉਸ ਤੇ ਗੁਪਤ ਰਹਾਏ । ਤੁਮ ਕੋ ਚਹੀਏ ਪ੍ਰਗਟ ਦਿਖਾਏ ।
ਜੈਸੇ ਗੁਰ ਕਾ ਪੰਥ ਰੰਗੀਲਾ, ਬੀਰ ਬਾਂਕਰੋ ਬਲੀ ਛਬੀਲਾ ।
ਹੋਵੈ ਗਾਥ ਤਾਂਹਿ ਕੀ ਵੈਸੀ, ਜੈਸੀ ਦੇਵ ਬਲੀ ਹੁਇ ਤੈਸੀ ।
ਛੰਦ ਬੰਦ ਕਰ ਰਚੋ ਸੁਹਾਵਨ, ਜਾਂ ਕੋ ਪੜ੍ਹ ਸੁਨ ਸਿਖ ਸੁਖ ਪਾਵਨ ।

(ਪੰਥ ਪ੍ਰਕਾਸ਼ ਛੇਵੀਂ ਐਡੀਸ਼ਨ)

ਗਿਆਨੀ ਜੀ ਨੇ ਦਸਿਆ ਹੈ ਕਿ ਮੈਂ ਇਹ 'ਪੰਥ ਪ੍ਰਕਾਸ਼' ਨਾਮੀ ਗ੍ਰੰਥ ਆਪਣੇ ਪਟਿਆਲਾ ਨਿਵਾਸੀ ਵਿਦਿਆ ਗੁਰੂ ਪੰਡਿਤ ਤਾਰਾ ਸਿੰਘ ਜੀ ਦੇ ਕਹਿਣ ਉਤੇ ਲਿਖਿਆ ਹੈ। ਉਹਨਾਂ ਨੇ ਭਾਈ ਰਤਨ ਸਿੰਘ ਭੰਗੂ ਦੇ ਪ੍ਰਾਚੀਨ 'ਪੰਥ-ਪ੍ਰਕਾਸ਼' ਵਲ ਸੰਕੇਤ ਕਰਦਿਆਂ ਇਹ ਵੀ ਪਗਟ ਕੀਤਾ ਹੈ ਕਿ ਮੇਰੇ ਤੋਂ ਪਹਿਲਾਂ ਭਾ: ਰਤਨ ਸਿੰਘ ਨੇ ਪੰਥ-ਪ੍ਰਕਾਸ਼ ਨਾਮ ਦਾ ਗ੍ਰੰਥ ਜ਼ਰੂਰ ਲਿਖਿਆ ਹੈ, ਪਰ ਨਾ ਕੇਵਲ ਉਸ ਦੀ ਕਵਿਤਾ ਹੀ ਢਿੱਲੀ ਹੈ, ਸਗੋਂ ਉਸ ਵਿਚ ਜਿਹੜੀਆਂ ਸਾਖੀਆਂ ਵੀ ਦਿਤੀਆਂ ਹਨ, ਉਹ ਥੋੜ੍ਹੀਆਂ ਅਤੇ ਵਧਾ ਚੜ੍ਹਾ ਕੇ ਫੈਲਾਈਆਂ ਹੋਈਆਂ ਹਨ । ਮੇਰਾ ਪਰਯੋਜਨ ਇਹ ਹੈ ਕਿ ਭਾਈ ਰਤਨ ਸਿੰਘ ਦੀਆਂ ਲਿਖੀਆਂ ਸਾਖੀਆਂ ਤੋਂ ਛੁਟ ਹੋਰ ਉਹ ਸਾਖੀਆਂ ਵੀ ਲਿਖਾਂ, ਜਿਨ੍ਹਾਂ ਵਿਚ ਖਾਲਸੇ ਦੇ ਅਸਚਰਜ ਚ੍ਰਿਤਰ ਨੂੰ ਬਿਆਨ ਕੀਤਾ ਜਾਵੇ। ਹਾਂ, ਜਿਵੇਂ ਸਤਿਗੁਰਾਂ ਦਾ ਸਾਜਿਆ ਨਿਵਾਜਿਆ ਪੰਥ ਰੰਗੀਲਾ, ਬਲੀ ਬਾਂਕਾ ਅਤੇ ਛੈਲ ਛਬੀਲਾ ਹੈ, ਉਸ ਦੀ



Digitized by Panjab Digital Library | www.panjabdigilib.org

ਕਥਾ ਵੀ ਉਸੇ ਵਰਗੀ ਹੀ ਸੁਆਦਲੀ ਅਤੇ ਅਸਰ ਭਰਪੂਰ ਹੋਣੀ ਚਾਹੀਦੀ ਹੈ। ਕਵੀਆਂ ਵਾਲੇ ਸ਼ਬਦਾਂ ਵਿਚ ਗਿਆਨੀ ਜੀ ਆਖਦੇ ਹਨ ਕਿ ਜਿਸ ਤਰ੍ਹਾਂ ਦਾ ਦੇਵਤਾ ਹੋਵੇ, ਬਲੀ ਵੀ ਉਸੇ ਤਰ੍ਹਾਂ ਦੀ ਹੋਣੀ ਚਾਹੀਦੀ ਹੈ । ਭਾਵ ਇਹ ਕਿ ਖਾਲਸਾ ਪੰਥ ਦੀ ਕਥਾ ਵੀ ਉਸੇ ਵਰਗੀ ਹੀ ਰੰਗੀਲੀ, ਰੌਚਿਕ ਅਤੇ ਸੁਆਦਲੀ ਹੋਵੇ । ਇਸ ਗੱਲ ਵਿਚ ਰਤੀ ਜਿੰਨਾ ਵੀ ਸੰਦੇਹ ਨਹੀਂ ਕਿ ਕਥਾ ਵਸਤੂ ਦੇ ਪਖ ਤੋਂ ਗਿਆਨੀ ਜੀ ਦਾ ਪੰਥ ਪ੍ਰਕਾਸ਼ ਇਕ ਮਹਾਨ ਰਚਨਾ ਹੈ ਅਤੇ ਭਾਵੇਂ ਏਸ ਵਿਚ ਇਤਿਹਾਸਿਕ ਦ੍ਰਿਸ਼ਟੀ ਕੋਣ ਤੋਂ ਕੁਝ ਉਕਾਈਆਂ ਜਾਂ ਥੋੜਾਂ ਵੀ ਹਨ, ਪਰ ਇਸ ਦੀ ਕਥਾ ਵਸਤੂ ਵਿਚ ਉਹ ਸਭ ਕੁਝ ਆ ਗਿਆ ਹੈ, ਜਿਸ ਨੂੰ ਬਿਆਨਣ ਦਾ ਇਕਰਾਰ ਗਿਆਨੀ ਜੀ ਨੇ ਕੀਤਾ ਹੈ।

ਇਹ ਗ੍ਰੰਥ ਅਕਾਲ ਪੁਰਖ ਦੇ ਮੰਗਲਾਚਰਨ ਨਾਲ ਆਰੰਭ ਹੁੰਦਾ ਹੈ ਅਤੇ ੩੧ ਛੰਦਾਂ ਵਿਚ ਪਸਰੇ ਹੋਏ ਮੰਗਲਾ ਚਰਨ ਤੋਂ ਪਿਛੋਂ ਗਿਆਨੀ ਜੀ ਨੇ ਗ੍ਰੰਥਾਂ ਦੀ ਰਚਨਾ ਬਾਰੇ ਉਹ ਸੰਕੇਤ ਕੀਤਾ ਹੈ,ਜਿਸ ਦਾ ਜ਼ਿਕਰ ਮੈਂ ਪਹਿਲੇ ਪੈਰਾਗ੍ਰਾਫ ਵਿਚ ਹੀ ਕਰ ਆਇਆ ਹਾਂ । ਇਸ ਤੋਂ ਪਿਛੋਂ ਕੁਝ ਛੰਦ ਹੋਰ ਲਿਖ ਕੇ ਗਿਆਨੀ ਜੀ ਨੇ ਦਸਿਆ ਹੈ ਕਿ ਮੈਂ ਇਹ ਗ੍ਰੰਥ ਸੰਮਤ ੧੯੨੪ ਸੰਨ (੧੮੬੭) ਵਿਚ ਸੰਪੂਰਣ ਕੀਤਾ । ਸੰਮਤ ੧੯੩੭ ਵਿਚ ਇਹ ਪਹਿਲੀ ਵਾਰ ਦਿੱਲੀ ਵਿਚ ਛਪਿਆ । ਇਸ ਦੀ ਦੂਜੀ ਛਾਪ ਸੰਮਤ ੧੯੪੧ ਵਿਚ ਲਾਹੌਰ ਮੁਦਰਤ ਹੋਈ ਅਤੇ ਤੀਜੀ ਵੇਰਾਂ ਲਿਥੋ ਦੇ ਛਾਪੇ ਵਿਚ ਸੰਮਤ ੧੯੪੪ ਵਿਖੇ ਛਪਿਆ । ਇਸ ਦੀ ਚੌਥੀ ਛਾਪ ਟਾਈਪ ਵਿਚ ਛਾਪੀ ਭਾਵ ਇਹ ਸੰਮਤ ੧੯੩੭ ਤੋਂ ਲੈ ਕੇ ਸੰਮਤ ੧੯੪੪ ਤੀਕ ਇਸ ਦੀਆਂ ਤ੍ਰੈ ਐਡੀਸ਼ਨਾਂ ਪੱਥਰ ਦੇ ਛਾਪੇ ਉਤੇ ਨਿਕਲ ਚੁਕੀਆਂ ਸਨ । ਪਿਛੋਂ ਛੇਥੀ ਐਡੀਸ਼ਨ ਵੀ ਛੇਤੀ ਹੀ ਛਪੀ ਤੇ ਉਸ ਉਪ੍ਰੰਤ ਦੋ ਹੋਰ ਛਾਪਾਂ ਵਾਰੋ ਵਾਰ ਪ੍ਰਕਾਸ਼ਿਤ ਹੋਈਆਂ । ਛੇਵੀਂ ਐਡੀਸ਼ਨ ਜੋ ਮੇਰੇ ਪਾਸ ਹੈ, ਭਾਈ ਚਤਰ ਸਿੰਘ ਜੀਵਨ ਸਿੰਘ ਬਾਜ਼ਾਰ ਮਾਈ ਸੇਵਾਂ, ਅਮ੍ਰਿਤਸਰ ਨੇ ੧੯੨੩ ਈ: ਵਿਚ ਛਾਪੀ । ਉਸ ਤੋਂ ਉਪਰੰਤ ਜਿਥੋਂ ਤੀਕ ਮੈਨੂੰ ਪਤਾ ਹੈ, ਇਸ ਗ੍ਰੰਥ ਨੂੰ ਕਿਸੇ ਨੇ ਪ੍ਰਕਾਸ਼ਿਤ ਨਹੀਂ ਕੀਤਾ । ਇਸ ਛਾਪ ਵਿਚ ਪਰੂਫ ਦੀਆਂ ਅਨੇਕਾਂ ਭੁੱਲਾਂ ਹਨ ਅਤੇ ਏਡੇ ਮਹਾਨ ਗ੍ਰੰਥ ਦੀ ਛਪਾਈ ਵਲ ਵਿਸ਼ੇਸ਼ ਧਿਆਨ ਨਹੀਂ ਦਿਤਾ ਗਿਆ ।

ਪਹਿਲੀਆਂ ਚਾਰ ਛਾਪਾਂ ਦੀ ਭਾਸ਼ਾ ਕਾਫੀ ਔਖੀ ਅਤੇ ਛੰਦ ਰਚਨਾ ਵੀ ਸੌਖੀ ਨਹੀਂ; ਪਰ ਉਪਰੰਤ ਪਾਠਕਾਂ ਦੀ ਮੰਗ ਉਤੇ ਭਾਸ਼ਾ ਸੁਖੈਨ ਕਰ ਦਿਤੀ ਗਈ ਹੈ। ਇਸ



Digitized by Panjab Digital Library | www.panjabdigilib.org

ਸੰਬੰਧੀ ਕਰਤਾ ਜੀ ਲਿਖਦੇ ਹਨ—

ਪਰ ਬਹੁ ਸਿਖੋਂ ਨੇ ਮੁਹਿ ਭਾਖਯੋ । ਗ੍ਰੰਥ ਏਹੁ ਜੋ ਤੁਮ ਰਚ ਰਾਖਯੋ ।
ਜਦਿਪ ਕਵਿਤਾ ਹੈ ਅਤਿ ਸੁੰਦਰ । ਜਸ ਚਹੀਏ ਤੁਮ ਗੁਣ ਗਣ ਮੰਦਰ ।
ਸਿੰਘ ਪੰਥ ਕੀ ਹਿੰਮਤ ਕੇਰਾ । ਕਰਤ ਚਾਨਣ ਅਤੀ ਉਚੇਰਾ ।
ਪਰ ਇਸ ਕੇ ਪੜ੍ਹਨੇ ਸਮਝਣ ਹਿਤ । ਚਹੀਅਤ ਵਿਦਿਆ ਔਰੈ ਸਾਹਿਤ ।
ਬਿਨ ਸਾਹਿਤ ਪੜ੍ਹਨ ਹੈ ਐਸੇ, ਬਿਨਾ ਲਵਣ ਬਹੁ ਬਿੰਜਨ ਜੈਸੇ ।
ਤਾਂਤੇ ਸਰਲ ਸੁਗਮ ਸਖਦਾਈ, ਰਚੋ ਆਪ ਦੋਹਾ ਚੌਪਾਈ ।
ਗੂੜ੍ਹ ਅਰਥ ਪਦ ਕੋਇ ਨ ਰਾਖੋ, ਜੋ ਸਭ ਸਮਝੇਂ ਤੈਸੇ ਭਾਖੋ ।
ਐਸੀ ਆਗਿਆ ਪੰਥ ਦੀ ਮਾਨ, ਗਿਆਨੀ ਸਿੰਘ ਹੇਰ ।
ਸੁਗਮ ਸਰਲ ਕਵਿਤਾ ਵਿਖੇ ਰਚਯੋ ਗ੍ਰੰਥ ਇਹੁ ਫੇਰ ।

ਇਹ ਪਿਛੋਕੜ ਬਿਆਨ ਕਰਨ ਪਿੱਛੋਂ ਗਿਆਨੀ ਜੀ ਨੇ ਦੱਸਿਆ ਹੈ ਕਿ ਮੈਂ ਇਹ ਗ੍ਰੰਥ ਜਰਨਲ ਅਖਤਰ ਲੋਨੀ ਵਲੋਂ ਨੀਅਤ ਕੀਤੇ ਕਪਤਾਨ ਮਰੇ, ਬੂਟੇ ਸ਼ਾਹ ਅਤੇ ਭਾਈ ਰਤਨ ਸਿੰਘ ਆਦਿ ਸਜਣਾਂ ਦੀਆਂ ਰਚਿਤ ਪੁਸਤਕਾਂ ਨੂੰ ਆਧਾਰ ਬਣਾ ਕੇ ਲਿਖਿਆ ਹੈ । ਇਸ ਦੇ ਨਾਲ ਹੀ ਗਿਆਨੀ ਜੀ— ਇਹ ਵੀ ਲਿਖਦੇ ਹਨ ਕਿ ਮੈਂ ਇਸ ਗ੍ਰੰਥ ਵਿਚ ਦਰਜ ਵਧੀਕ ਸਾਖੀਆਂ ਉਸ ਸਮੇਂ ਜੀਉਂਦੇ ਪੁਰਾਤਨ ਬਿਰਧਾਂ ਪਾਸੋਂ ਸੁਣ ਕੇ ਲਿਖੀਆਂ ਹਨ ।

ਪੰਥ ਪ੍ਰਕਾਸ਼ ੨੪ ਪੁਆਇੰਟ ਟਾਈਪ ਦੇ ੨੦ × ੩੦/੮ ਸਾਈਜ਼ ਦੇ ੧੧੧੯ ਪਨਿਆਂ ਉਤੇ ਪਸਰਿਆ ਹੋਇਆ ਹੈ, ਜਿਸ ਨੂੰ ਗਿਆਨੀ ਜੀ ਨੇ ੧੧੫ ਅਧਿਆਵਾਂ ਵਿਚ ਮੁਕੰਮਲ ਕੀਤਾ ਹੈ । ਇਸ ਵਿਚ ਦਸਾਂ ਸਤਿਗੁਰੂਆਂ ਦੀ ਸੰਖੇਪ ਕਥਾ ਲਿਖਣ ਤੇ ਬਾਬਾ ਬੰਦਾ ਜੀ ਦੇ ਸਮਾਚਾਰ ਦੇ ਕੇ ਖਾਲਸਾ ਪੰਥ ਦੇ ਪਸਾਰੇ ਦੇ ਸਵਿਸਤਾਰ ਸਮਾਚਾਰ ਅੰਕੇ ਗਏ ਹਨ ।

ਗਿਆਨੀ ਜੀ ਤੋਂ ਪਹਿਲਾਂ ਸਿੱਖ ਇਤਿਹਾਸ ਸੰਬੰਧੀ ਲਿਖਣ ਵਾਲਿਆਂ ਵਿਚੋਂ ਵਧੀਕ ਉੱਘੇ ਕਵਿ ਚੂੜਾਮਣੀ ਭਾਈ ਸੰਤੋਖ ਸਿੰਘ ਜੀ ਹਨ, ਜਿਨ੍ਹਾਂ ਨੇ ਦਸਾਂ ਸਤਿਗੁਰੂਆਂ ਦਾ ਇਤਿਹਾਸ ਸ੍ਰੀ ਗੁਰੂ ਨਾਨਕ ਪ੍ਰਕਾਸ਼ ਅਤੇ ਗੁਰ ਪ੍ਰਤਾਪ ਸੂਰਜ ਨਾਮੀ ਗ੍ਰੰਥਾਂ ਵਿਚ ਅੰਕਿਤ ਕੀਤਾ ਹੈ । ਭਾਈ ਸੰਤੋਖ ਸਿੰਘ ਜੀ ਨੂੰ ਪਹਿਲਾਂ ਮਹਾਰਾਜਾ



Digitized by Panjab Digital Library | www.panjabdigilib.org

ਸਾਂਹਿਬ ਪਟਿਆਲਾ ਦੀ ਅਤੇ ਫੇਰ ਕੈਥਲ ਪਤੀ ਭਾਈ ਉਦੈ ਸਿੰਘ ਜੀ ਦੀ ਸਰਪ੍ਰਸਤੀ ਪ੍ਰਾਪਤ ਸੀ । ਪਰ ਗਿਆਨੀ ਜੀ ਇਸ ਤਰ੍ਹਾਂ ਦੀ ਸਰਪ੍ਰਸਤੀ ਤੋਂ ਵੰਚਿਤ ਸਨ । ਫੇਰ ਉਹਨਾਂ ਨੇ ਇਤਿਹਾਸਿਕ ਖੋਜ ਨਿਰੀ ਪੁਸਤਕਾਂ ਤੋਂ ਹੀ ਨਹੀਂ ਕੀਤੀ, ਸਗੋਂ ਇਸ ਸੰਬੰਧ ਵਿਚ ਉਹਨਾਂ ਨੇ ਆਪ ਉਹ ਟਿਕਾਣੇ ਤੇ ਅਸਥਾਨ, ਜਿਥੇ ਗੁਰੂ ਸਾਹਿਬ ਪਧਾਰੇ, ਆਪਣੀਆਂ ਅੱਖਾਂ ਨਾਲ ਵੇਖੇ । ਗਿਆਨੀ ਜੀ ਨੇ ਸੰਮਤ ੧੯੨੪ ਬਿ: ਵਿਚ ਪੰਥ ਪ੍ਰਕਾਸ਼ ਸਮਾਪਤ ਕੀਤਾ ਤੇ ਉਦੋਂ ਅਨੇਕ ਉਹ ਬਿਰਦ ਵਿਆਕਤੀਆਂ ਜੀਉਂਦੀਆਂ ਸਨ, ਜਿਨ੍ਹਾਂ ਨੇ ਸਿਖ ਰਾਜ ਦਾ ਸਮਾ ਨਿਰਾ ਵੇਖਿਆ ਹੀ ਨਹੀਂ ਸੀ, ਸਗੋਂ ਉਸ ਦੇ ਵਿਸਤਾਰ ਪਸਾਰ ਵਿਚ ਹਿਸਾ ਵੀ ਪਾਇਆ ਸੀ ।ਏਸ ਲਈ ਘਟੋ ਘਟ ਸਿਖ ਰਾਜ ਸੰਬੰਧੀ ਉਹਨਾਂ ਦੀ ਵਾਕਫੀ ਅਜਿਹੀ ਹੈ, ਜਿਸ ਨੂੰ ਅਜ ਦੇ ਇਤਿਹਾਸ ਖੋਜੀ ਚੈਲਿੰਜ ਨਹੀਂ ਦੇ ਸਕਦੇ । ਉਹ ਇਕਲੇ ਅਜੇਹੇ ਲੇਖਕ ਹਨ, ਜਿਨ੍ਹਾਂ ਨੇ ਪੰਥ ਪ੍ਰਕਾਸ਼ ਵਿਚ ਗੁਰੂ ਸਾਹਿਬ; ਬਾਬਾ ਬੰਦਾ ਬਹਾਦਰ, ਸਿਖ ਮਿਸਲਾਂ, ਸਿਖ ਰਾਜ ਅਤੇ ਸਿਖ ਸੰਪ੍ਰਦਾਵਾਂ ਦੇ ਵਿਕਾਸ਼ ਉਤੇ ਚਾਨਣਾ ਪਾਇਆ ਹੈ । ਵਿਸਤਾਰ ਪੂਰਬਕ ਸਮਾਚਾਰ ਉਹਨਾਂ ਨੇ ਆਪਣੀ ਦੂਜੀ ਮਹਾਨ ਰਚਨਾ ਤਵਾਰੀਖ ਗੁਰੂ ਖਾਲਸਾ ਅਤੇ ਸ਼ਮਸ਼ੇਰ ਖਾਲਸਾ ਤੇ ਰਾਜ ਖਾਲਸਾ ਆਦਿ ਗ੍ਰੰਥਾਂ ਵਿਚ ਅੰਕੇ ਹਨ । ਐਉਂ ਗਿਆਨੀ ਜੀ ਦਾ ਕੰਮ ਏਡੇ ਵਡੇ ਵਿਸਤਾਰ ਪਸਾਰ ਵਾਲਾ ਹੈ, ਜਿਸ ਦੀ ਦੂਜੀ ਮਿਸਾਲ ਲਭਿਆਂ ਵੀ ਨਹੀਂ ਮਿਲਦੀ ।

ਪੰਥ ਪ੍ਰਕਾਸ਼ ਉਹਨਾਂ ਨੇ ਕਵਿਤਾ ਵਿਚ ਲਿਖਿਆ ਹੈ, ਅਤੇ ਜਿਵੇਂ ਮੈਂ ਪਹਿਲਾਂ ਦਸ ਆਇਆ ਹਾਂ, ਜਿਥੇ ਉਸ ਦੀਆਂ ਪਹਿਲੀਆਂ ਦੋ ਪੱਥਰ ਦੇ ਛਾਪੇ ਵਿਚ ਮੁਦਰਤ ਹੋਈਆਂ ਛਾਪਾਂ ਦੀ ਭਾਸ਼ਾ ਅਤੇ ਛੰਦ ਰਚਨਾ ਢੇਰ ਔਖੀ ਪਰ ਕਵਿਤਾ ਦਾ ਰਸ ਮਾਨਣ ਵਾਲਿਆਂ ਲਈ ਇਕ ਮਹਾਨ ਸਾਹਿਤਕ ਦੇਣ ਹੈ, ਉਥੇ ਟਾਈਪ ਤੇ ਛਾਪੇ ਵਿਚ ਛਾਪੀਆਂ ਐਡੀਸ਼ਨਾਂ ਕਾਫੀ ਹਦ ਤੀਕ ਸੁਖਾਲੀਆਂ ਹਨ । ਸੁਆਦਲੀ ਗੱਲ ਇਹ ਹੈ ਕਿ ਗਿਆਨੀ ਜੀ ਸੱਚ ਦੇ ਖੋਜੀ ਹਨ ਤੇ ਜਿਥੇ ਕਿਧਰੇ ਵੀ ਉਹਨਾਂ ਨੂੰ ਪਤਾ ਲਗਾ ਹੈ ਕਿ ਉਹਨਾਂ ਨੇ ਪ੍ਰਸੰਗ ਬਿਆਨ ਕਰਨ ਵਿਚ, ਜਾਂ ਗੁਰਮਤ ਫਿਲਾਸਫੀ ਸੰਬੰਧੀ ਕੋਈ ਭੁੱਲ ਜਾਂ ਉਕਾਈ ਕੀਤੀ ਹੈ, ਅਗਲੀ ਛਾਪ ਵਿਚ ਉਸ ਨੂੰ ਖੋਜ ਦੇ ਚਾਨਣੇ ਵਿਚ ਸੋਧ ਲਿਆ ਹੈ । ਇਕ ਦਿਆਨਤ ਦਾਰ ਇਤਿਹਾਸ ਕਾਰ ਲਈ ਇਹ ਜ਼ਰੂਰੀ ਹੁੰਦਾ



Digitized by Panjab Digital Library | www.panjabdigilib.org

ਹੈ ਕਿ ਉਹ ਖੋਜ ਕਰਦਾ ਰਹੇ ਅਤੇ ਆਪਣੀਆਂ ਰਚਨਾਵਾਂ ਵਿਚ ਜਿਥੇ ਉਹ ਸਮਝੇ ਕਿ ਤਬਦੀਲੀ ਕਰਨ ਦੀ ਲੋੜ ਹੈ, ਉਥੇ ਤਬਦੀਲੀ ਕਰਨ ਲਗਾ ਸੰਕੋਚ ਨਾ ਕਰੇ ।

ਜੇ ਮੈਂ ਇਹ ਆਖਾਂ ਕਿ ਗਿਆਨੀ ਗਿਆਨ ਸਿੰਘ ਜੀ ਤੋਂ ਬਿਨਾ ਕਿਸੇ ਇਕਲੇ ਮਨੁਖ ਨੇ ਤਾਂ ਕੀ, ਕਿਸੇ ਸੰਸਥਾ ਜਾ ਸਭਾ ਸੁਸਾਇਟੀ ਨੇ ਵੀ ਸਿਖ ਇਤਿਹਾਸ ਨੂੰ ਸੰਪੂਰਣ ਰੂਪ ਵਿਚ ਨਹੀਂ ਅੰਕਿਆ, ਤਾਂ ਇਹ ਗਲਤ ਨਹੀਂ ਹੋਵੇਗਾ । ਗਿਆਨੀ ਜੀ ਨੇ ਜਾਂ ਤਾਰੀਖਾਂ ਜਾਂ ਸੰਨ ਦੇਣ ਵਿਚ ਭੁਲੇਖੇ ਖਾਧੇ ਹੋਣਗੇ, ਪਰ ਉਹਨਾਂ ਨੇ ਜਿਸ ਸਪ੍ਰਿਟ ਤੇ ਰੰਗ ਵਿਚ ਆਪਣੀਆਂ ਇਤਿਹਾਸਿਕ ਰਚਨਾਵਾਂ ਨੂੰ ਸੰਪੂਰਣ ਕੀਤਾ ਹੈ, ਉਸ ਦੀ ਦੂਜੀ ਮਿਸਾਲ ਕੌਣ ਪੇਸ਼ ਕਰ ਸਕਦਾ ਹੈ ? ਉਹਨਾਂ ਦੇ ਸਮੇਂ ਕਿਸੇ ਵੀ ਸੰਸਥਾ ਜਾਂ ਰਾਜੇ ਮਹਾਰਾਜੇ ਨੇ ਉਹਨਾਂ ਦੀ ਸਹਾਇਤਾ ਨਹੀਂ ਕੀਤੀ । ਉਨ੍ਹਾਂ ਨੂੰ ਇਕ ਲਗਨ ਲੱਗੀ ਹੋਈ ਸੀ, ਜਿਸ ਨੇ ਉਹਨਾਂ ਦੀ ਅਥੱਕ ਵਿਅਕਤੀ ਪਾਸੋਂ ਮਹਾਨ ਕਾਰਨਾਮੇ ਕਰਾ ਦੱਸੇ ।

ਪੰਥ ਪ੍ਰਕਾਸ਼ ਵਿਚ ਨਿਰੀਆਂ ਸਾਖੀਆਂ, ਤਾਰਖਾਂ ਜਾਂ ਸੰਨ ਹੀ ਨਹੀਂ ਲਿਖੇ ਗਏ, ਸਗੋਂ ਉਸ ਦੇ ਹਰ ਪਰਸੰਗ ਵਿਚ ਉਹ ਜਜ਼ਬਾ ਵੀ ਜਿਉਂ ਦਾ ਤਿਉਂ ਭਰਪੂਰ ਰੂਪ ਵਿਚ ਮੌਜੂਦ ਹੈ, ਜਿਸ ਦੇ ਪੈਰੋਂ ਖਾਲਸਾ ਅਜਿੱਤ ਬਣਿਆ ਸੀ । ਮਹਾਨ ਸਿਖ ਸ਼ਹੀਦਾਂ ਦੇ ਸਿਖੀ ਸਿਦਕ ਦੀਆਂ ਸਾਖੀਆਂ ਹੋਰ ਲੇਖਕਾਂ ਨੇ ਵੀ ਦਿਤੀਆਂ ਹਨ ਅਤੇ ਗਿਆਨੀ ਜੀ ਨੇ ਵੀ; ਪਰ ਜਿਹੜਾ ਜਜ਼ਬਾ ਗਿਆਨੀ ਜੀ ਦੀ ਰਚਨਾ ਵਿਚ ਥਾਂ ਪਰ ਥਾਂ ਵਿਦਮਾਨ ਹੈ, ਉਹ ਸਚਮੁਚ ਹੀ ਅਲੌਕਿਕ ਹੈ । ਪਿਛੋਂ ਗਿਆਨੀ ਕਰਤਾਰ ਸਿੰਘ ਜੀ ਕਲਾਸ ਵਾਲੀਆ ਅਤੇ ਗਿਆਨੀ ਬਿਸ਼ਨ ਸਿੰਘ ਜੀ ਖਾਲਸਾ ਕਾਲਜ ਆਦਿ ਅਨੇਕ ਸਜਣਾਂ ਨੇ ਗਿਆਨੀ ਗਿਆਨ ਸਿੰਘ ਜੀ ਦੀਆਂ ਗਦ-ਪਦ ਇਤਿਹਾਸਿਕ ਰਚਨਾਵਾਂ ਦਾ ਸਹਾਰਾ ਲੈਕੇ ਪੁਸਤਕਾਂ ਰਚੀਆਂ ਹਨ ।ਨਵੀਨ ਸਿਖ ਇਤਿਹਾਸ ਖੋਜੀ ਵੀ ਗਿਆਨੀ ਜੀ ਦੇ ਗ੍ਰੰਥਾਂ ਦੀ ਸਹਾਇਤਾ ਲਏ ਬਿਨਾ ਅਗਾਂਹ ਨਹੀਂ ਚਲ ਸਕੇ ਅਤੇ ਅਸੀਂ ਇਹ ਕਹਿਣ ਲਈ ਮਜਬੂਰ ਹੋ ਜਾਂਦੇ ਹਾਂ ਕਿ ਸਾਡੇ ਪਾਸ ਗਿਆਨੀ ਜੀ ਦੀਆਂ ਰਚਨਾਵਾਂ 'ਪੰਥ ਪ੍ਰਕਾਸ਼' ਅਤੇ 'ਤਵਾਰੀਖ ਗੁਰੂ ਖਾਲਸਾ' ਤੋਂ ਬਿਨਾ ਸਿਖਾਂ ਦਾ ਦੂਜਾ ਕੋਈ ਵੀ ਸੰਪੂਰਣ ਇਤਿਹਾਸ ਨਹੀਂ ਹੈ ।

'ਪੰਥ-ਪ੍ਰਕਾਸ਼' ਵਿਚ ਸੰਖੇਪਤਾ ਤੋਂ ਕੰਮ ਲਇਆ ਗਿਆ ਹੈ; ਪਰ ਖਾਲਸਾ



Digitized by Panjab Digital Library | www.panjabdigilib.org

ਪੰਥ ਦੇ ਪਸਾਰੇ ਦਾ ਉਹ ਸਾਰਾ ਇਤਿਹਾਸ ਇਸ ਇਕਲੀ ਰਚਨਾਂ ਵਿਚ ਸਮੇਟ ਦਿਤਾ ਗਿਆ ਹੈ, ਜਿਸ ਉਤੇ ਹਰ ਸਿਖ ਮਾਣ ਕਰ ਸਕਦਾ ਹੈ। ਭਾਈ ਰਤਨ ਸਿੰਘ ਭੰਗੂ ਨੂੰ ਜ਼ਰੂਰ ਇਹ ਮਾਣ ਪ੍ਰਾਪਤ ਹੈ, ਕਿ ਉਹਨਾਂ ਨੇ ਆਪਣੇ ਰਚਿਤ ਗ੍ਰੰਥ 'ਪ੍ਰਾਚੀਨ ਪੰਥ-ਪ੍ਰਕਾਸ਼' ਵਿਚ ਸਮਾਚਾਰ ਤੇ ਸੰਨ ਕਾਫੀ ਚੌਕਸੀ ਨਾਲ ਦਿਤੇ ਹਨ, ਪਰ ਗਿਆਨੀ ਗਿਆਨ ਸਿੰਘ ਜੀ ਦੇ 'ਪੰਥ-ਪ੍ਰਕਾਸ਼' ਵਿਚ ਖਾਲਸੇ ਦੀ ਚੜ੍ਹਦੀ ਕਲਾ ਨੂੰ ਜਿਸ ਸਪ੍ਰਿਟ ਨਾਲ ਬਿਆਨਿਆ ਤੇ ਨਿਰੂਪਿਆ ਗਿਆ ਹੈ, ਉਸ ਨੂੰ ਪੜ੍ਹ ਕੇ ਤਾਂ ਪਾਠਕ ਆਪਣੇ ਅੰਦਰ ਇਕ ਨਵੀਂ ਸਪ੍ਰਿਟ ਸਿੰਚਤ ਹੋਈ ਅਨੁਭਵ ਕਰਨ ਲਗ ਜਾਂਦਾ ਹੈ। ੧੮ਵੀਂ ਸਦੀ ਦੇ ਸਿੱਘਾਂ ਦਾ ਚਲਨ ਹਿਮਾਲੇ ਨਾਲੋਂ ਉਚੀਆਂ ਸਿਖਰਾਂ ਛੋਂਹਦਾ ਸੀ। ੧੯ਵੀਂ ਸਦੀ ਵਿਚ ਭੀ ਉਹ ਚੜ੍ਹਦੀ ਕਲਾ ਵਿਚ ਰਹੇ ਅਤੇ ਗਿਆਨੀ ਜੀ ਨੇ ਆਪਣੀ ਚੜ੍ਹਦੀ ਜਵਾਨੀ ਵਿਚ ਅਨੇਕ ਉਹਨਾਂ ਸਿੰਘ ਵਿਅਕਤੀਆਂ ਦੇ ਦਰਸ਼ਨ ਕੀਤੇ, ਜੋ ਗੁਰੂ ਰਾਮ ਸਿੰਘ ਜੀ ਨਾਮਧਾਰੀ ਵਾਂਗ, ਸਾਡੇ ਇਸ ਦੇਸ਼ ਵਿਚ ਵਿਚਰ ਰਹੀਆਂ ਸਨ। ਏਹੋ ਕਾਰਨ ਹੈ ਕਿ ਗਿਆਨੀ ਜੀ ਦਾ 'ਪੰਥ ਪ੍ਰਕਾਸ਼' ਕਥਨੀ ਦੇ ਪੂਰੇ ਸਿੰਘਾਂ ਦੀਆਂ ਕਰਨੀਆਂ ਦਾ ਨਿਗਾਲ-ਦਰਪਣ ਨਿਰਮਲ ਹੈ। ਗਿਆਨੀ ਜੀ ਨੇ ਕਈ ਥਾਂ ਪੁਰਾਤਨ ਸਿੰਘਾਂ ਦੀਆਂ ਉਚੀਆਂ ਸੁਚੀਆਂ ਕਰਨੀਆਂ ਦਾ ਨਮੂਨਾ ਵੀ ਦਿਤਾ ਹੈ।

ਗਿਆਨੀ ਜੀ ਨੇ ਜਿਥੇ ਆਪਣੇ ਇਸ ਮਹਾਨ ਗ੍ਰੰਥ ਵਿਚ ਸਿਖਾਂ ਦੇ ਉਥਾਨ ਅਤੇ ਪਤਨ ਦੀ ਕਥਾ ਬੜੇ ਅਸਰ ਭਰਪੂਰ ਢੰਗ ਨਾਲ ਲਿਖੀ ਹੈ, ਉਥੇ ਉਹਨਾਂ ਨੇ ਇਕ ਅਧਿਆਇ ਵਿਚ ਮੁਸਲਮਾਨੀ ਰਾਜ ਦੇ ਅੰਤਲੇ ਸਮੇਂ ਦਾ ਵਰਤਾਰਾ ਲਿਖਣ ਦੇ ਨਾਲ ਸਿਖ ਮਿਸਲਦਾਰਾਂ ਦੇ ਸਮੇਂ ਦੇ ਹਾਲਾਤ ਉਤੇ ਵੀ ਚਾਨਣਾ ਪਾਇਆ ਹੈ। ਉਹ ਦਸਦੇ ਹਨ ਕਿ ਅਠਾਰਵੀਂ ਸਦੀ ਵਿਚ ਜਦ ਮੁਗ਼ਲਾਂ ਦਾ ਰਾਜ ਸੀ, ਤਾਂ ਮੰਜੇ, ਹੁਕੇ, ਮਧਾਣੀਆਂ ਦੇ ਨੇਤਰੇ ਅਤੇ ਲੱਕ ਕਸਣ ਵਾਲੀਆਂ ਪੇਟੀਆਂ ਚਮੜੇ ਦੀਆ ਹੁੰਦੀਆਂ ਸਨ। ਮੁਸਲਮਾਨ ਸੱਕੇ ਮਸ਼ਕਾਂ ਨਾਲ ਹਿੰਦੂਆਂ ਦੇ ਘਰੀਂ ਪਾਣੀ ਭਰਦੇ ਸਨ। ਸਿਰਾਂ ਉਤੇ ਮੁਸੱਲਕੇ ਢੰਗ ਦੀਆਂ ਪੱਗਾਂ, ਗਲ ਜਾਮੇ ਅਤੇ ਲੱਕ ਤੰਬੇ ਹੁੰਦੇ ਸਨ। ਹਿੰਦੂ ਮੁਸਲਮਾਨੀ ਸ਼ਰਾਅ ਅਨੁਸਾਰ ਦਾਹੜੀ ਮੁਛਾਂ ਰਖਦੇ ਸਨ। ਹਿੰਦੂਆਂ ਉਤੇ ਜਜ਼ੀਆ ਤੇ ਕਈ ਤਰ੍ਹਾਂ ਦੇ ਟੈਕਸ ਲੱਗੇ ਹੋਏ ਸਨ ਅਤੇ ਪਿੰਡਾਂ ਦੀ ਹਾਲਤ ਤਾਂ ਇਹ ਸੀ ਕਿ ਪਿੱਤਲ, ਤਾਂਬੇ ਜਾਂ ਕਹੇਂ ਦਾ ਭਾਂਡਾ ਕਿਸੇ ਵਿਰਲੇ ਪਾਸ ਹੀ ਹੁੰਦਾ ਸੀ। ਇਥੋਂ ਤੀਕ ਕਿ ਤਵੇ ਵੀ



Digitized by Panjab Digital Library | www.panjabdigilib.org

ਮਿਟੀ ਦੇ ਹੁੰਦੇ ਸਨ । ਹਿੰਦੂ ਤੀਵੀਆਂ ਮੁਸਲੱਕੇ ਗਹਿਣੇ, ਚੌਂਕ ਮੂਗਲੀ, ਡੰਡੀ,ਬੁਜਲੀ, ਕਾਨਫੂਲ, ਹਸ ਅਤੇ ਵਾਲੀਆਂ ਆਦਿ ਪਹਿਨਦੀਆਂ ਸਨ ।

ਇਸ ਸਦੀ ਦੇ ਅੰਤ ਵਿਚ ਜਦ ਮੁਗਲ ਰਾਜ ਦੀਆਂ ਚੂਲਾਂ ਖਚਕ ਗਈਆਂ; ਤਾਂ ਦੇਸ ਵਿਚ ਹਰ ਪਾਸੇ ਅਫ਼ਰਾ ਤਫਰਾ ਫੈਲ ਗਈ । ਚੋਰਾਂ, ਡਾਕੂਆਂ ਤੇ ਧਾੜਵੀਆਂ ਦੀਆਂ ਵਾਹਰਾਂ ਨਿਕਲ ਪਈਆਂ ਅਤੇ ਖ਼ਪਵਰ੍ਹੇ ਪੰਜ ਨਦੀਆਂ ਦੇ ਦੇਸ ਵਿਚ ਪਰਜਾ ਉਤੇ ਭਾਰੀ ਕਹਿਰ ਟੁਟੇ । ਪਰ ਜਦ ਸੰਨ ੧੮੨੦ ਤੋਂ ਉਪਰੰਤ ਸਿਖ ਮਿਸਲਾਂ ਦੜਕੀਆਂ, ਤਾਂ ਸਿਖ ਸਰਦਾਰਾਂ ਨੇ ਹੰਨੇ ਹੰਨੇ ਰਾਜ ਕਾਇਮ ਕਰ ਲਿਆ । ਏਥੋਂ ਤੀਕ ਕਿ ਜਿਸ ਦੇ ਪਾਸ ਅੱਧਾ ਜਾਂ ਪੂਰਾ ਪਿੰਡ ਵੀ ਸੀ, ਉਹ ਉਸ ਦਾ ਸੁਤੰਤਰ ਹਾਕਮ ਸੀ ।

ਸਿਖ ਸਰਦਾਰ ਪਰਜਾ ਨੂੰ ਪੂਰਾ ਇਨਸਾਫ ਦੇਂਦੇ ਸਨ । ਔੜ ਸੋੜ ਦੇ ਸਮੇਂ ਲੋਕਾਂ ਨੂੰ ਅੰਨ ਮਿਲ ਸਕੇ, ਇਹ ਸੋਚ ਕੇ ਉਹ ਕੋਠੇ ਅਤੇ ਗੁਦਾਮ ਅਨਾਜ ਨਾਲ ਭਰੇ ਰਖਦੇ ਸਨ । ਉਹਨਾਂ ਦੀ ਨੀਯਤ ਸਾਫ਼ ਹੁੰਦੀ ਸੀ ਅਤੇ ਖਜ਼ਾਨੇ ਭਰੇ ਰਹਿੰਦੇ ਸਨ । ਬੇ-ਅੰਤ ਭੁਖੇ ਨੰਗੇ ਅਤੇ ਗ਼ਰੀਬ ਉਹਨਾਂ ਤੋਂ ਵਰੋਸੀਏ ਸਨ । ਉਪਕਾਰ ਨਮਿਤ ਉਹਨਾਂ ਸਿਖ ਸਰਦਾਰਾਂ ਦੇ ਲੰਗਰ ਸਦਾ ਚਲਦੇ ਹੀ ਰਹਿੰਦੇ ਸਨ । ਸੰਤਾਂ ਨੂੰ ਉਹ ਜਾਗੀਰਾਂ ਦੇਂਦੇ ਸਨ ਤੇ ਇੰਜ ਉਹਨਾਂ ਨੇ ਕਲਿਜੁਗ ਵਿਚ ਸਤਿਜੁਗ ਵਰਤਾ ਦਿਤਾ ਸੀ । ਅਸ਼ਟਾਮ ਤੇ ਕਾਗਜ਼ ਲਿਖਣ ਦਾ ਤਦੋਂ ਕੋਈ ਰਿਵਾਜ ਨਹੀਂ ਸੀ । ਜ਼ਬਾਨੀ ਹੀ ਤੁਰਤ ਮੁਕਦਮਿਆਂ ਦੇ ਫੈਸਲੇ ਹੋ ਜਾਂਦੇ ਸਨ । ਨਾ ਮਿਸਲਾਂ ਬਣਦੀਆਂ ਸਨ, ਨਾ ਅਪੀਲਾਂ ਹੁੰਦੀਆਂ ਤੇ ਨਾ ਹੀ ਤਾਰੀਖਾਂ ਪੈਂਦੀਆਂ ਸਨ । ਡਿਗਰੀ, ਪਰਚੇ, ਇਜਰਾ, ਅਤੇ ਕੁਰਕੀ ਆਦਿ ਦਾ ਕੋਈ ਨਾਮ ਵੀ ਨਹੀਂ ਸੀ ਜਾਣਦਾ । ਰਾਜਿਆਂ ਪਾਸ ਇਕ ਦੋ ਮੁਨਸ਼ੀ ਤੇ ਚਾਰ ਪੰਜ ਅਹਿਲ-ਕਾਰ ਹੁੰਦੇ ਸਨ, ਜਿਨ੍ਹਾਂ ਦੀ ਸਹਾਇਤਾ ਨਾਲ ਉਹ ਰਾਜ ਦਾ ਸਾਰਾ ਕੰਮ ਚਲਾ ਲੈਂਦੇ ਸਨ । ਉਨ੍ਹਾਂ ਸਰਦਾਰਾਂ ਦੀ ਪੁਸ਼ਾਕ ਵੀ ਸਾਦਾ ਹੀ ਹੁੰਦੀ ਸੀ ਤੇ ਉਹ ਜਾਂ ਤਾਂ ਚਾਦਰ ਅਤੇ ਭੂਰੇ ਦੀ ਗਿਲਤੀ ਰਖਦੇ ਸਨ, ਜਾਂ ਕੁੜਤੀ ਅਤੇ ਜਾਮਾ ਪਹਿਨਦੇ ਸਨ । ਦਸਤਾਰ ਅਤੇ ਕਛਿਹਿਰੇ ਵੀ ਉਹਨਾਂ ਦੇ ਮੋਟੇ ਕਪੜੇ ਦੇ ਹੀ ਹੁੰਦੇ ਸਨ।ਕਛਹਿਰੇ ਵਧੀਕ ਕਰਕੇ ਸੂਸੀ ਦੇ ਹੁੰਦੇ ਸਨ। ਉਹ ਦਸਤਾਰੇ ਤੇ ਦਾੜ੍ਹੇ ਸਿਧੇ ਤੇ ਮੁਛਹਿਰੇ ਕੁੰਢੇ ਰਖਦੇ ਸਨ।ਕੋਈ ਵੀ ਨਾ ਦਾੜ੍ਹੇ ਨੂੰ ਚਾੜ੍ਹਦਾ ਸੀ ਤੇ ਨਾ ਹੀ ਗੁੱਟੀ ਕਰਕੇ ਬੰਨ੍ਹਦਾ ਸੀ । ਉਹਨਾਂ ਦੇ ਕੱਦ ਕਾਠ ਤਕੜੇ ਹੁੰਦੇ ਸਨ, ਪਰ ਉਹ ਵਿਸ਼ੇ ਭੋਗ ਤੋਂ ਸਦਾ ਦੂਰ ਰਹਿੰਦੇ ਸਨ । ਲਿਖਤ ਤੋਂ



Digitized by Panjab Digital Library | www.panjabdigilib.org

ਬਨਾ ਸਤ ਪੁਸ਼ਤਾਂ ਦਾ ਕਰਜ਼ਾ ਵੀ ਉਹ ਭਰਦੇ ਸਨ। ਵੀਹਾਂ ਪੰਝੀਆਂ ਵਰ੍ਹਿਆਂ ਦੀਆਂ ਮੁਟਿਆਰਾਂ, ਦਸਾਂ ਵਰ੍ਹਿਆਂ ਦੀਆਂ ਅਲ੍ਹੜ ਕੁੜੀਆਂ ਵਾਂਗ ਬੇਖਟਕੇ ਫਿਰਦੀਆਂ ਸਨ। ਜਵਾਨ ਨਰ ਨਾਰੀਆਂ ਇਕੱਠੇ ਰਹਿੰਦੇ ਸਨ, ਪਰ ਕੀ ਮਜਾਲ ਹੈ ਕਿ ਉਹ ਬੁਰਾਈ ਦੇ ਕਿਤੇ ਨੇੜੇ ਵੀ ਜਾਣ।

ਇਸ ਸਮੇਂ ਆਪੋ ਵਿਚ ਕੋਈ ਝਗੜਾ ਬਖੇੜਾ ਅੱਵਲ ਤਾਂ ਉਠਦਾ ਹੀ ਨਹੀਂ ਸੀ, ਪਰ ਜੇ ਉਠਦਾ ਵੀ, ਤਾਂ ਕੋਈ ਕਚਹਿਰੀ ਨਹੀਂ ਸੀ ਚੜ੍ਹਦਾ। ਪਿੰਡ ਦਾ ਨੰਬਰ-ਦਾਰ ਜਾਂ ਸਰਦਾਰ ਹੀ ਦੋਹਾਂ ਧਿਰਾਂ ਨੂੰ ਬਿਠਾਕੇ ਫੈਸਲਾ ਕਰ ਦੇਂਦਾ ਸੀ; ਜਿਸ ਨੂੰ ਰਾਜ਼ੀ ਖੁਸ਼ੀ ਮੰਨ ਲਇਆ ਜਾਂਦਾ ਸੀ। ਦੇਸ ਵਿਚ ਵਿਸ਼ਾਲ ਜੰਗਲ, ਰੱਖਾਂ ਤੇ ਖੁਲ੍ਹੀਆਂ ਚਰਾਂਦਾ ਸਨ। ਇਕ ਇਕ ਘਰ ਵਿਚ ਸੌ ਸੌ ਗਾਂਵਾਂ ਮੱਝਾਂ ਹੁੰਦੀਆਂ ਸਨ ਅਤੇ ਹਰ ਕੋਈ ਮਨ ਭਾਉਂਦਾ ਦੁਧ ਘਿਉ ਛਕਦਾ ਸੀ। ਘਿਉ ਰੁਪਏ ਦਾ ਦਸ ਬਾਰਾਂ ਸੇਰ ਅਤੇ ਅਨਾਜ ਦਸ ਮਣ ਮਿਲਦਾ ਸੀ। ਦੇਸ ਦੀ ਜਿਨਸ ਦੇਸ ਵਿਚ ਹੀ ਰਹਿੰਦੀ ਸੀ ਅਤੇ ਅੰਨ ਦਾ ਕੋਈ ਤੋੜਾ ਅਨੁਭਵ ਨਹੀਂ ਸੀ ਹੁੰਦਾ।

ਇਹਨਾਂ ਵਿਚੋਂ ਕੋਈ ਵੀ ਗੱਲ ਐਸੀ ਸੀ, ਜਿਸ ਉਤੇ ਕਿੰਤੂ ਕੀਤਾ ਜਾ ਸਕੇ। ਸਿਖ ਰਾਜ ਦੇ ਸਮੇਂ ਜਦ ਦੇਸ ਵਿਚ ਹੋਰ ਖੁਸ਼ਹਾਲੀ ਆਈ ਅਤੇ ਮਾਇਆ ਦੀ ਲਹਿਰ ਬਹਿਰ ਹੋਈ, ਤਾਂ ਲੋਕਾਂ ਦਾ ਵਰਤੋਂ ਵਰਤਾਰਾ ਵੀ ਬਦਲਿਆ। ਗਿਆਨੀ ਜੀ ਲਿਖਦੇ ਹਨ :—

ਨ੍ਰਿਪ, ਸਰਦਾਰ ਚਲਾਕ ਭਏ ਕੁਛ,ਬਦਲੀ ਪੌਣ ਜ਼ਮਾਨੇ,
ਦਾੜ੍ਹੇ ਚਾੜ੍ਹੇ, ਤੁੰਗਲ ਬਾਲੇ ਸੁੰਦਰ ਬਸਨ ਹੰਢਾਨੇ।
ਛੱਲੇ, ਛਾਪਾਂ, ਕੰਗਣ, ਕੰਠੇ ਪਹਿਰਨ ਲਗੇ ਵਧੇਰੇ,
ਪਗ ਪਰ ਸਾਫ ਕੰਨਾ ਵਾਲੇ ਚੁਸਤ ਪਜਾਮੇ ਹੇਰੇ।
ਨਾਰਿਨ ਵੀ ਚੂੰਡੀ ਤਜ ਪਹਿਲੀ ਚੂੰਡੇ ਗਿਠ ਗਿਠ ਸਾਜੇ।
ਸੁਥਣ ਸੂਸੀ, ਲੁੰਜੀ ਕੁੜਤੀ, ਚੋਪ ਫੁਲਕਾਰੀ ਰਾਜੇ।

ਕੁਮਾਰਗ ਜਾ ਰਹੇ ਮੈਨ ਦੁਆਬੀਏ ਸਿਖ ਸਰਦਾਰਾਂ ਦੀ ਗਿਰਾਵਟ ਨੂੰ ਵੀ ਗਿਆਨੀ ਜੀ ਨੇ ਨਹੀਂ ਲੁਕਾਇਆ।

ਸਿਖ ਰਾਜ ਦੇ ਅੰਤਲੇ ਦਿਨਾਂ ਵਿਚ ਜੋ ਮਾਰ ਧਾੜ ਮਚੀ ਤੇ ਪਰਜਾ ਦੀ ਹਾਨੀ



Digitized by Panjab Digital Library | www.panjabdigilib.org

ਹੋਈ, ਗਿਆਨੀ ਜੀ ਨੇ ਉਸ ਦਾਂ ਵੀ ਬੜਾ ਯਥਾਰਥ ਵਰਨਣ ਕੀਤਾ ਹੈ ।

ਪੰਥ ਪ੍ਰਕਾਸ਼ ਗ੍ਰੰਥ ਆਪਣੇ ਪਹਿਲੇ ਰੂਪ ਵਿਚ ਇਤਿਹਾਸ ਦੇ ਨਾਲ ਕਵਿਤਾ ਦਾ ਵੀ ਸਰਵੋਤਮ ਗਰੰਥ ਹੈ ਤੇ ਉਸ ਦਾ ਮੌਜੂਦਾ ਰੂਪ ਵੀ ਅਜਿਹਾ ਨਹੀਂ ਜਿਸ ਵਿਚ ਕਾਵਿ—ਅਲੰਕਾਰਾਂ ਵਲੋਂ ਕਿਸੇ ਤਰ੍ਹਾਂ ਦੀ ਊਣ ਕਸਰ ਹੋਵੇ । ਪਹਿਲੇ ਰੂਪ ਵਿਚ ਕਵਿਤਾ ਅਤੇ ਸ਼ਬਦਾਵਲੀ ਢੇਰ ਔਖੀ ਅਤੇ ਵਿਦਵਾਨਾਂ ਦੇ ਮਾਨਣ ਵਾਲੀ ਹੀ ਹੈ, ਪਰ ਦੂਜੇ ਰੂਪ ਦੀ ਕਵਿਤਾ ਅਜੇਹੀ ਹੈ,ਜਿਸ ਨੂੰ ਆਮ ਸਮਝ ਦਾ ਪਾਠਕ ਵੀ ਸਮਝ ਸਕਦਾ ਹੈ। ਕਾਵਿ,ਭਾਸ਼ਾ, ਸ਼ਬਦਾਵਲੀ, ਅਲੰਕਾਰ ਅਤੇ ਰਸ ਜਿਸ ਵੀ ਪਹਿਲੂ ਤੋਂ ਦੇਖਿਆ ਜਾਏ, ਇਹ ਗ੍ਰੰਥ ਪੰਜਾਬੀ ਮਿਸ਼ਰਤ ਬ੍ਰਜੀ ਕਵਿਤਾ ਦਾ ਇਕ ਮਹਾਨ ਉਤਮ ਗ੍ਰੰਥ ਹੈ ।

ਗਿਆਨੀ ਜੀ ਨੇ ਆਪਣੀ ਇਸ ਰਚਨਾ ਵਿਚ ਬ੍ਰਜੀ ਦੀ ਸਿਖ ਸਾਹਿਤ ਵਿਚ ਪਰਚਲਿਤ ਸ਼ਬਦਾਵਲੀ ਹੀ ਵਧੀਕ ਕਰਕੇ ਵਰਤੀ ਹੈ ਅਤੇ ਉਹਨਾਂ ਸਾਰੇ ਛੰਦਾਂ ਉਤੇ ਹਥ ਅਜ਼ਮਾਇਆ ਹੈ, ਜਿਹੜੇ ਦਸਮ ਪਾਤਸ਼ਾਹ ਜੀ ਨੇ ਆਪਣੀਆਂ ਬਾਣੀਆਂ ਵਿਚ ਵਰਤੇ ਹਨ । ਭਾਈ ਸੰਤੋਖ ਸਿੰਘ ਆਦਿ ਸਿਖ ਕਵੀਆਂ ਨੇ ਆਪਣੀਆਂ ਰਚਨਾਵਾਂ ਵਿਚ ਜਿਹੜੇ ਛੰਦ ਵਰਤੇ ਹਨ, ਗਿਆਨੀ ਜੀ ਨੇ ਉਹਨਾਂ ਨੂੰ ਵੀ ਨਜ਼ਰੋਂ ਪਰੋਖੇ ਨਹੀਂ ਹੋਣ ਦਿਤਾ । ਉਹ ਛੰਦ ਹਨ ਦੋਹਾ, ਕਬਿਤ, ਘਨਾਸ਼ਰੀ, ਮਨਹਰ, ਸਵੈਯਾ, ਛਪਯ, ਗੀਆ ਮਾਲਤੀ, ਚੌਪਈ, ਸ਼ੰਕਰ, ਝੂਲਨਾ, ਰਸਾਵਲ, ਦਵਯਾ, ਨਿਸ਼ਾਨੀ, ਦ੍ਰਮਲ, ਤੋਟਕ, ਪਾਧੜੀ, ਲਲਿਤ, ਭੁਯੰਗ ਪ੍ਰਯਾਤ, ਨਿਰਾਜ ਆਦਿ । ਕਈ ਥਾਂਈਂ ਨਜ਼ਾਰਾ ਕਸ਼ੀ ਦਾ ਕਮਾਲ ਵੀ ਇਸ ਰਚਨਾ ਵਿਚ ਮਿਲਦਾ ਹੈ।ਸਿਆਲ ਦੀ ਹਨੇਰੀ ਰਾਤ ਦਾ ਵਰਨਣ ਕਰਦੇ ਹਨ, ਜਦ ਕਿ ਮੀਂਹ ਤੇ ਝਖੜ ਵੀ ਜ਼ੋਰਾਂ ਉਤੇ ਸੀ ਅਤੇ ਗੁਰੂ ਅਮਰ ਦਾਸ ਜੀ ਗੁਰੂ ਪਰੇਮ ਲੀਨ ਹੋਏ ਬਿਆਸ ਦਰਿਆ ਤੋਂ ਪਾਣੀ ਦੀ ਗਾਗਰ ਲੈਣ ਜਾ ਰਹੇ ਸਨ :—

ਸਰਬ ਠੌਰ ਜਲ ਭਰ ਰਹਿਉ ਪੱਗ ਦਿਸਤ ਨ ਉੱਕੇ,
ਰਾਤ ਹਨੇਰੀ ਏਕਲੋ, ਜੰਗਲ ਸ਼ੀਂਹ ਬੂਕੇ ।
ਸਰਪ ਅਠੂਹੇਂ ਸੂੰਕਤੇ ਢਾਹੇ ਢਾਹੰਤੇ,
ਪਤਣ ਰਹਿਓ ਨਾ ਪਾਤਣੀ ਦਰਿਆਇ ਚੜ੍ਹੰਦੇ ।
ਨ੍ਹਾਇ ਧੋਇ ਗਾਗਰ ਭਰੀ, ਮੁਸ਼ਕਿਲ ਸਿਰ ਚਾਈ,



Digitized by Panjab Digital Library | www.panjabdigilib.org

ਥਰ ਥਰ ਸੀਤ ਕੰਪਾ ਰਹਿਓ, 'ਵਸਥਾ ਬਿਰਧਾਈ ।
ਭੀਗੇ ਬਸਤਰ ਮੇਹੁ ਸੋਂ ਸਭ ਵਿਧ ਰਠਿਨਾਏ ।
ਪਰੇਮ ਮਧਰ ਪਰ ਟਹਿਲ ਕੇ ਸਭ ਕਸ਼ਟ ਭੁਲਾਏ ।

ਬਿਆਨ ਦਾ ਢੰਗ ਪੁਰਾਤਨ ਹੈ ਅਤੇ ਗਿਆਨੀ ਜੀ ਨੇ ਸਤਿਗੁਰੂਆਂ ਦੀ ਕਥਾ ਪੁਰਾਣਕ ਰੀਤੀ ਨਾਲ ਹੀ ਲਿਖੀ ਹੈ । ਜਿਵੇਂ: ਗੁਰੂ ਨਾਨਕ ਦੇਵ ਜੀ ਸੰਬੰਧੀ ਆਪ ਨੇ ਭਵਿਖਤ ਪੁਰਾਣ ਅਤੇ ਸਿਮਰਤੀ ਆਦਿ ਦੇ ਪਰਮਾਣ ਦੇ ਕੇ ਉਹਨਾਂ ਨੂੰ ਪਰਮੇਸ਼ਰ ਦਾ ਅਵਤਾਰ ਸਿਧ ਕੀਤਾ ਹੈ । ਚਾਹੇ ਅਜ ਦੇ ਵਿਗਿਆਨਿਕ ਕਾਲ ਵਿਚ ਇਹ ਤਰੀਕਾ ਪਸੰਦ ਨਹੀਂ ਕੀਤਾ ਜਾਂਦਾ, ਪਰ ਜਿਸ ਸਮੇਂ ਗਿਆਨੀ ਜੀ ਨੇ ਪੰਥ ਪ੍ਰਕਾਸ਼ ਦੀ ਰਚਨਾ ਕੀਤੀ ਸੀ, ਸਿਖ ਵਿਦਵਾਨਾਂ ਉਤੇ ਪੌਰਾਣਿਕ ਹਿੰਦੂ ਮਤ ਦਾ ਕਾਫੀ ਅਸਰ ਸੀ । ਗਿਆਨੀ ਜੀ ਨੇ ਉਸੇ ਅਸਰ ਹੇਠ ਪਹਿਲੀਆਂ ਛਾਪਾਂ ਵਿਚ ਦਸਮ ਪਾਤਸ਼ਾਹ ਪਾਸੋਂ ਚੰਡੀ ਦੀ ਪੂਜਾ ਕਾਰਵਾਈ ਹੈ, ਜਿਸ ਨੂੰ ਉਸ ਵੇਲੇ ਕਢ ਦਿਤਾ ਗਿਆ, ਜਦ ਉਹਨਾਂ ਦੇ ਸਾਹਮਣੇ ਸਿੰਘ ਸਭਾ ਲਹਿਰ ਜ਼ੋਰ ਫੜ੍ਹ ਗਈ ਅਤੇ ਗੁਰਮਤ ਆਪਣੇ ਅਸਲ ਰੂਪ ਵਿਚ ਪ੍ਰਕਾਸ਼ਮਾਨ ਹੋਈ ।

ਗਿਆਨੀ ਜੀ ਤੋਂ ਬਿਨਾਂ ਨਿਰਮਲੇ,ਉਦਾਸੀ, ਨਿਹੰਗਾ, ਕੂਕਿਆਂ, ਸੇਵਾ ਪੰਥੀ, ਅਡਨ ਸ਼ਾਹੀਆਂ ਅਤੇ ਦੂਜੀਆਂ ਸਿਖ ਸੰਪ੍ਰਦਾਵਾਂ ਦਾ ਹਾਲ ਉਸ ਵੇਲੇ ਦੇ ਕਿਸੇ ਵੀ ਕਵੀ ਜਾਂ ਲੇਖਕ ਨੇ ਨਹੀਂ ਲਿਖਿਆ, ਪਰ ਗਿਆਨੀ ਜੀ ਨੇ ਬੜੀ ਨਿਰਪਖਤਾ ਨਾਲ ਲਿਖਿਆ । ਮਿਸਲ ਵਜੋਂ ਨਾਮਧਾਰੀ ਸੰਪ੍ਰਦਾਇ ਦੇ ਆਚਾਰਯ ਗੁਰੂ ਰਾਮ ਸਿੰਘ ਜੀ ਸਬੰਧੀ ਉਨ੍ਹਾਂ ਲਿਖਿਆ ਕਿ ਸਤਿਗੁਰੂ ਰਾਮ ਸਿੰਘ ਜੀ ਜਿਥੇ ਗੁਰਮਤ ਨੂੰ ਪ੍ਰਕਾਸ਼ਨ ਹਾਰੇ ਸਨ, ਉਥੇ ਉਹਨਾਂ ਨੇ ਸਿੰਘਾਂ ਵਿਚ ਦੇਸ਼ ਭਗਤੀ ਦਾ ਜਜ਼ਬਾ ਵੀ ਪੈਦਾ ਕੀਤਾ ।

ਇੰਜ ਇਹ ਮਹਾਨ ਗੌਰਵ ਮਈ ਗ੍ਰੰਥ ਪੰਥ ਪ੍ਰਕਾਸ਼ ਇਕ ਅਜੇਹੀ ਅਮਰ ਕਿਰਤ ਹੈ, ਜੋ ਆਪਣੇ ਕਰਤਾ ਗਿਆਨੀ ਗਿਆਨ ਸਿੰਘ ਜੀ ਦੇ ਨਾਮ ਨੂੰ ਅਨੰਤ ਸਮਿਆਂ ਤੀਕ ਜੀਉਂਦਾ ਰਖੇਗੀ ।



Digitized by Panjab Digital Library | www.panjabdigilib.org

# ਪ੍ਰਾਚੀਨ ਪੰਥ ਪ੍ਰਕਾਸ਼

## ਰਚਿਤ

## ਸ਼ਹੀਦ ਰਤਨ ਸਿੰਘ ਜੀ ਭੰਗੂ

## ਅਤੇ

# ਪੰਥ ਪ੍ਰਕਾਸ਼

## ਰਚਿਤ

## ਗਿਆਨੀ ਗਿਆਨ ਸਿੰਘ ਜੀ

ਗਿਆਨੀ ਗਿਆਨ ਸਿੰਘ ਜੀ ਨੇ ਪੰਥ ਪ੍ਰਕਾਸ਼ ਕਵਿਤਾ ਵਿਚ ਅਤੇ ਤਵਾਰੀਖ਼ ਗੁਰੂ ਖ਼ਾਲਸਾ ਵਾਰਤਕ ਵਿਚ ਲਿਖੀ ਹੈ। ਪੰਥ ਪ੍ਰਕਾਸ਼ ਦੇ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਉਹਨਾਂ ਨੇ ਤਵਾਰੀਖ਼ ਗੁਰੂ ਖ਼ਾਲਸਾ ਦੀ ਰਚਨਾ ਇਸ ਪੰਥ ਪ੍ਰਕਾਸ਼ ਦੇ ਲਿਖਣ ਤੋਂ ਪਹਿਲਾਂ ਕੀਤੀ ਹੈ। ਇਨ੍ਹਾਂ ਦੋਹਾਂ ਹੀ ਪੁਸਤਕਾਂ ਵਿਚੋਂ ਇਹ ਗਲ ਨਿਸਚੇ ਹੈ ਕਿ ਗਿਆਨੀ ਗਿਆਨ ਸਿੰਘ ਜੀ ਮਹਾਨ ਵਿਦਵਾਨ, ਖੋਜੀ ਅਤੇ ਦੇਸ਼ ਦੇਸ਼ਾਂਤਰ ਦਾ ਰਟਨ ਕਰ ਚੁਕੇ ਤਜਰਬਾਕਾਰ ਲੇਖਕ ਸਨ। ਇਉਂ ਕਹੀਏ ਕਿ ਗਿਆਨੀ ਗਿਆਨ ਸਿੰਘ ਜੀ ਇਸ ਮਹਾਨ ਕਾਰਜ ਲਈ ਉਚੇਚੇ ਤਿਆਰ ਹੋਏ ਸਨ ਅਤੇ ਉਨ੍ਹਾਂ ਨੇ ਜਿਵੇਂ ਕਿ ਪੰਥ ਪ੍ਰਕਾਸ਼ ਵਿਚ ਇਸ਼ਾਰਾ ਦਿਤਾ ਹੈ, ਕਈ ਸਾਲ ਦੀ ਘਾਲਣਾ ਤੋਂ ਪਿਛੋਂ ਤਵਾਰੀਖ਼ ਗੁਰੂ ਖ਼ਾਲਸਾ ਲਿਖੀ ਸੀ ਅਤੇ ਫ਼ੇਰ ਉਸੇ ਗਿਆਨ ਦੇ ਅਧਾਰ ਉਤੇ ਉਨ੍ਹਾਂ ਨੇ ਬ੍ਰਜ-ਭਾਸ਼ਾ ਦੇ ਕਾਵਿ ਵਿਚ ਇਹ ਪੰਥ ਪ੍ਰਕਾਸ਼ ਲਿਖਿਆ ਹੈ।

ਭਾਈ ਰਤਨ ਸਿੰਘ ਜੀ ਸ਼ਹੀਦ ਦੀ ਲਿਖੀ ਇਕ ਪੁਸਤਕ 'ਪ੍ਰਾਚੀਨ ਪੰਥ ਪ੍ਰਕਾਸ਼' ਦੇ ਨਾਂ ਹੇਠ ਮਿਲਦੀ ਹੈ ਜੋ ਉਨ੍ਹਾਂ ਨੇ ਕਿਸੇ ਉਚੇਚੀ ਤਿਆਰੀ ਨਾਲ ਨਹੀਂ ਸਗੋਂ ਇਕ ਖ਼ਾਸ ਘਟਨਾ ਤੋਂ ਪ੍ਰੇਰਤ ਹੋ ਕੇ ਲਿਖੀ ਕਹੀ ਹੈ। ਉਸ ਘਟਨਾ ਦੀ ਉਗਾਹੀ "ਸ਼ਹੀਦ ਜੀ" ਨੇ ਅਤੇ ਗਿਆਨੀ ਜੀ ਨੇ ਦੋਹਾਂ ਨੇ ਹੀ ਭਰੀ ਹੈ। ਸੰਖੇਪ ਵਿਚ ਉਹ ਘਟਨਾ ਇਉਂ ਹੈ :—

ਅਖ਼ਤਰ ਲੋਨੀ ਨੇ ਮੱਰੇ ਸਾਹਿਬ ਨੂੰ ਸਿੱਖਾਂ ਦਾ ਇਤਿਹਾਸ ਲਿਖਵਾਉਣ ਲਈ ਕਿਹਾ। ਇਹ ਉਹੀ ਕਪਤਾਨ ਮੱਰੇ ਹੈ ਜਿਸ ਨੇ ਬੂਟੇ ਸ਼ਾਹ ਮੌਲਵੀ ਨੂੰ ਇਤਿਹਾਸ ਲਿਖਣ ਲਈ ਆਖਿਆ ਸੀ ਅਤੇ—



Digitized by Panjab Digital Library | www.panjabdigilib.org

"ਮਾਨ ਮੌਲਵੀ ਉਦਮ ਕੀਓ, ਸੋ ਸਿੰਘਣ ਕੋ ਬੁਰਾ ਲਗੀਓ ।
ਰਤਨ ਸਿੰਘ ਸਰਦਾਰ ਭੜੀਕੋ, ਹੁਤੋ ਤਹਾਂ ਇਕ ਬੁਧ ਬੜੀਕੋ ।
ਉਸ ਨੇ ਕਰਿਓ ਤਬੈ ਇਹ ਖ਼ਿਆਲ, ਇਹ ਨਾ ਲਿਖੇ ਹਮ ਸਾਚਾ ਹਾਲ ।
......ਇਹ ਵਿਚਾਰ ਸੰਗ ਲੈ ਔਰਨ, ਕਹਿਓ ਮੱਰੇ ਢਿੱਗ ਜਾ ਕੇ ਫ਼ੌਰਨ ।
ਸਾਚ ਸਾਚ ਸਭ ਹਾਲ ਹਮਾਰਾ, ਨਹਿਲਿਖ ਸਕੈ ਮੌਲਵੀ ਸਾਰਾ ।
ਕਹਿਓ ਮੱਰੇ ਤੁਮ ਭੀ ਲਿਖ ਦੀਜੇ.........।"

ਇਸੇ ਘਟਨਾ ਦਾ ਜ਼ਿਕਰ "ਸ਼ਹੀਦ" ਰਤਨ ਸਿੰਘ ਜੀ ਨੇ ਸੱਚ ਮੁਚ ਹੀ ਭੜਕੇ ਹੋਏ ਸ਼ਬਦਾਂ ਵਿਚ ਕੀਤਾ ਹੈ ਅਤੇ ਇਥੋਂ ਤਕ ਲਿਖਿਆ ਹੈ:—

"ਤਉ ਮੈਂ ਕਹੀ ਸੁਨ ਮੱਰੀ ਕਪਤਾਨ, ਤੁਮ ਪਤੀਜਤ ਹੋਇ ਮੁਸਲਮਾਨ ।
ਤੁਰਕਨ ਹਿੰਦੂਅਨ ਬੈਰ ਹੈ ਆਦਿ, ਖ਼ਾਹ ਖਹੀ ਕਰ ਰਖੇਂ ਮਾਦ ।
ਹਿੰਦੂਅਨ ਕੀ ਤੁਰਕ ਖੋਟੀ ਕਹੇਂ, ਹਿੰਦੂ ਤੁਰਕਨ ਨਿੰਦਤ ਰਹੇਂ ।"

ਅਤੇ ਭਾਈ ਗਿਆਨ ਸਿੰਘ ਨੇ, 'ਸ਼ਹੀਦ' ਜੀ ਦੇ ਪਹਿਲਾਂ ਰਚੇ ਪੰਥ ਪ੍ਰਕਾਸ਼ ਨੂੰ ਪੜ੍ਹਿਆ ਅਤੇ ਵਿਚਾਰਿਆ ਹੋਣਾ ਮੰਨਿਆ ਹੈ । (ਸਫਾ ੨੦—ਤੇ ੪੬) ਦੋਹਾਂ ਹੀ ਲੇਖਕਾਂ ਦੇ ਮਨ ਵਿਚ ਕੰਮ ਕਰਨ ਲਈ ਸ਼ਕਤੀ ਅਤੇ ਪ੍ਰੇਰਨਾ ਦੇਣ ਵਾਲੀ ਉਮੰਗ ਇਕੋ ਹੈ ਅਤੇ ਉਹ ਹੈ ਗੁਰੂ ਘਰ ਦਾ.........ਪ੍ਰੇਮ ਅਤੇ ਸਿੱਖ ਪੰਥ ਦੀ ਸ਼ਾਨ । ਗਿਆਨੀ ਗਿਆਨ ਸਿੰਘ ਜੀ ਕਹਿੰਦੇ ਹਨ, 'ਕੇਵਲ ਪ੍ਰੇਮ ਗੁਰੂ ਘਰ ਕੇਰੇ, ਗੁਣ ਗਾਵਣ ਕੇ ਆਹੇ ਬਧੇਰੇ ।' ਇਥੋਂ ਤਕ ਇਨ੍ਹਾਂ ਕਵੀਆਂ ਦੇ ਰਾਹ ਇਕੋ ਹੀ ਹਨ ਸੋਮਾਂ ਇਕ ਹੈ, ਇਸ ਲਈ ਜਲ-ਧਾਰਾ ਦੇ ਜਲ ਵਿਚ ਅੰਤਰ ਨਹੀਂ ਹੋ ਸਕਦਾ । ਦੋਹਾਂ ਦਾ ਆਦਰਸ਼ ਇਕ ਹੈ, ਇਕੋ ਹੀ ਪਦਾਰਥ ਹੈ, ਜਿਸ ਉਤੇ ਉਨ੍ਹਾਂ ਨੇ ਆਪਣੀ ਕਲਾ ਉਸਾਰਨੀ ਹੈ । ਇਉਂ ਦੋਵੇਂ ਕਵੀ ਇਤਿਹਾਸਕਾਰ ਦੇ ਰੂਪ ਵਿਚ ਸਾਡੇ ਸਾਹਮਣੇ ਆਉਂਦੇ ਹਨ ਅਤੇ ਦੋਹਾਂ ਦੇ ਜਾਣਕਾਰੀ ਦੇ ਅਧਾਰ ਵੀ ਇਕੋ ਹਨ ।

ਇਤਿਹਾਸ ਦੇ ਲੇਖਕ ਲਈ ਕਿਸੇ ਦੂਸਰੇ ਇਤਿਹਾਸ ਲੇਖਕ ਨਾਲੋਂ ਵੱਖਰਾ ਰਾਹ ਲਭਣਾ ਹੋਰ ਵੀ ਔਖਾ ਹੁੰਦਾ ਹੈ । ਵਿਸ਼ੇਸ਼ ਕਰਕੇ ਓਦੋਂ, ਜਦ ਦੋਹਾਂ ਦੇ ਅਧਾਰ ਸੋਮੇਂ ਇਕੋ ਹੋਣ । ਇਸ ਲਈ ਇਤਿਹਾਸਕ ਵੇਰਵਿਆਂ ਵਿਚ ਵਧੇਰੇ ਅੰਤਰ ਨਹੀਂ, ਫਿਰ ਭੀ ਕੁਝ ਸਾਖੀਆਂ ਦੇ ਸੰਬੰਧ ਵਿਚ ਅੰਤਰ ਹਨ । ਇਹ ਇਨ੍ਹਾਂ ਲੇਖਕਾਂ ਨੇ ਨਿਰਣਾ



Digitized by Panjab Digital Library | www.panjabdigilib.org

ਨਹੀਂ ਕੀਤਾ ਕਿ ਇਹ ਅੰਤਰ ਕਿਉਂ ਹੋ ਗਏ ਹਨ—ਦ੍ਰਿਸ਼ਟਾਂਤ ਵਜੋਂ ਭਾਈ ਰਤਨ ਸਿੰਘ ਜੀ ਮੱਕੇ ਦੀ ਸਾਖੀ ਦਾ ਇਕ ਨਵਾਂ ਹੀ ਰੂਪ ਲਿਖਦੇ ਹਨ। ਮੱਕਾ ਫਿਰਨ ਦੀ ਥਾਂ ਉਹ ਕਹਿੰਦੇ ਹਨ, ਕਿ ਇਕ ਬੰਦ ਰਸਤਾ ਸੀ, ਜੋ:—

"ਐਸੀ ਭਈ ਤਹਾਂ ਗੁਰ ਕਲਾ, ਬਿਨ ਕੁੰਜੀ ਸਿਉਂ ਖੁਲ੍ਹ ਪਇਓ ਗਲਾ।"

ਅਤੇ ਇਸੇ ਤਰ੍ਹਾਂ—

"ਪੈਰ ਪਸਾਰ ਬਾਬਾ ਥੋ ਪਰਾ, ਘਸੀਟ ਉਨ੍ਹੈ ਵਲ ਦੂਜੀ ਕਰਾ।
ਉਸੀ ਵਲ ਕੋ ਦਰ ਖੁਲ੍ਹ ਪਏ, ਬਾਬਾ ਨਿਕਰਿਓ ਸੋਈ ਅੜ ਰਹੇ।"

(ਸਫ਼ਾ ੨੯-੩੦)

ਇੰਜ ਹੀ ਭਾਈ ਰਤਨ ਸਿੰਘ ਜੀ ਨੇ 'ਆਵਣ ਅਠੱਤਰੇ ਜਾਣ ਸਤਾਨਵੇ' ਵਾਲੀ ਤੁਕ ਦਾ ਨਵਾਂ ਹੀ ਭਾਵ ਕਢਿਆ ਹੈ ਅਤੇ ਦਿੱਲੀ ਦੇ ਬ੍ਰਹਮ ਖਾਂ ਲੋਧੀ ਨੂੰ ਕਿਹਾ ਹੈ ਕਿ—

"ਅਬ ਆਏ ਬੋਲਿਓ ਤੁਮਰੋ ਕਾਲ, ਅਠਾਰਾਂ ਸੌ ਅਠਤਰੇ ਸਾਲ।"

(ਸਫ਼ਾ—੩੨)

ਸਾਹਿਬਜ਼ਾਦਿਆਂ ਦੇ ਕੰਧਾਂ ਵਿਚ ਚਿਣੇ ਜਾਣ ਦੀ ਥਾਂ ਸ਼ਹੀਦ ਜੀ ਅਨੁਸਾਰ:—

"ਹੁਤੋ ਉਹਾਂ ਥੋ ਛੁਰਾ ਇਕ ਵਾਰੋ। ਦੇ ਗੋਡੇ ਹੇਠ ਕਰ ਜ਼ਿਬਹ ਡਾਰੋ।
ਤੜਫ਼ ਤੜਫ ਗਈ ਜਿੰਦ ਉਡਾਇ। ਇਮ ਸ਼ੀਰ ਖੋਰ ਦੁਇ ਦਏ ਕਤਲਾਇ।"

(ਸਫ਼ਾ—੬੩)

ਗੁਰੂ ਅਰਜਨ ਦੇਵ ਜੀ ਨੂੰ ਦਰਿਆ ਵਿਚ ਡੋਬਿਆ ਜਾਣਾ ਹੀ ਸ਼ਹੀਦ ਜੀ ਨੇ ਦਸਿਆ ਹੈ।

ਗਿਆਨੀ ਗਿਆਨ ਸਿੰਘ ਜੀ ਨੇ ਵੀ ਕਈ ਥਾਈਂ ਅਜਿਹੇ ਇਤਿਹਾਸਕ ਵੇਰਵੇ ਨਵੇਂ ਦਿਤੇ ਹਨ। ਦ੍ਰਿਸ਼ਟਾਂਤ ਵਜੋਂ ਉਨ੍ਹਾਂ ਨੇ ਵਲੀ ਕੰਧਾਰੀ ਨੂੰ ਪੰਜੇ ਸਾਹਿਬ ਦੀ ਥਾਂ ਕੰਧਾਰ ਦਾ ਰਹਿਣ ਵਾਲਾ ਸਾਬਤ ਕੀਤਾ ਹੈ ਅਤੇ ਜਨਮ ਸਾਖੀ ਵਿਚ ਆਏ ਦੇਸ਼ 'ਅਲ ਲਾਚੀਨ' ਨੂੰ ਅਹਿਲੇ ਚੀਨ ਦਸ ਕੇ ਚੀਨ ਦਾ ਸੰਕੇਤ ਕੀਤਾ ਹੈ। (ਸਫ਼ਾ ੬੦—ਅਤੇ—੫੮)

"ਕਲਯੁਗ," ਗਿਆਨੀ ਗਿਆਨ ਸਿੰਘ ਜੀ ਅਨੁਸਾਰ ਪੰਡਤਾਂ ਦੀ ਇਕ ਕੂਲ



Digitized by Panjab Digital Library | www.panjabdigilib.org

ਦਾ ਨਾਂ ਹੈ ਜੋ ਅਜੇ ਵੀ ਜਗਨ ਨਾਥ ਵਿਚ ਵਸਦੇ ਹਨ ਜਿਨ੍ਹਾਂ ਨੂੰ ਮਿਲੇ ਹੋਣ ਦਾ ਦਾਅਵਾ ਗਿਆਨੀ ਜੀ ਨੇ ਕੀਤਾ ਹੈ ਤੇ ਜਿਨ੍ਹਾਂ ਦੇ ਵਡਿੱਕੇ ਜਾਂ ਇਸ ਨਾਂ ਦੇ ਪੰਡਤ ਨੂੰ ਗੁਰੂ ਨਾਨਕ ਦੇਵ ਜੀ ਵੀ ਮਿਲੇ ਸਨ। ਗਿਆਨੀ ਗਿਆਨ ਸਿੰਘ ਜੀ ਅਨੁਸਾਰ ਕੇਵਲ ਮਰਦਾਨਾ ਹੀ ਗੁਰੂ ਜੀ ਦਾ ਸਾਥ ਯਾਤਰਾ ਵਿਚ ਕਰਦਾ ਹੈ, ਬਾਲਾ ਸੱਚੇ ਸੌਦੇ ਵੇਲੇ ਨਾਲ ਗਿਆ ਹੈ, ਪਿਛੋਂ ਨਹੀਂ।

ਇਹ ਕੁਝ ਦ੍ਰਿਸ਼ਟਾਂਤ ਹਨ। ਵਧੇਰੇ ਵੇਰਵੇ ਵਿਚ ਗਿਆਂ, ਹੋਰ ਵੀ ਅਨੇਕਾਂ ਥਾਂਈਂ ਇਤਿਹਾਸਕ ਅੰਤਰ ਮਿਲ ਜਾਣਗੇ। ਗਿਆਨੀ ਗਿਆਨ ਸਿੰਘ ਜੀ ਨੇ ਕੁਝ ਵਧੇਰੇ ਯਾਤਰਾ ਅਤੇ ਖੋਜ ਕਰਕੇ ਲਿਖਿਆ ਹੈ, ਇਸ ਲਈ ਉਨ੍ਹਾਂ ਦਾ ਬਿਆਨ ਵਧੇਰੇ ਮੰਨਣਯੋਗ ਹੋ ਜਾਂਦਾ ਹੈ, ਵਿਸ਼ੇਸ਼ ਭਾਂਤ ਇਸ ਲਈ ਭੀ, ਕਿ ਉਹ ਜਿਥੇ ਪ੍ਰਚਲਤ ਕਥਾ ਨਾਲੋਂ ਭਿੰਨਤਾ ਦਸਦੇ ਹਨ, ਉਥੇ ਸਬੂਤ ਜਾਂ ਦਲੀਲ ਦੇਂਦੇ ਹਨ।

ਦੋਹਾਂ ਹੀ ਕਵੀਆਂ ਨੇ ਕਈ ਇਕ ਥਾਵਾਂ ਉਤੇ ਆਪਣੀਆਂ ਰਾਵਾਂ ਦਿਤੀਆਂ ਹਨ। ਸ਼ਹੀਦ ਜੀ ਦੀਆਂ ਰਾਵਾਂ ਸੁਭਾਵਕ ਹਨ ਅਤੇ ਸਧਾਰਨ ਹਨ। ਉਨ੍ਹਾਂ ਦੇ ਸਾਹਮਣੇ ਇਕੋ ਆਦਰਸ਼ ਸੀ ਕਿ ਸਿੱਖ-ਮੱਤ ਦੀ ਬਦਨਾਮੀ ਬਾਹਰ ਨਾ ਹੋਵੇ ਅਤੇ ਕੋਈ ਝੂਠੀ ਗਲ ਅੰਗਰੇਜ਼ਾਂ ਦੇ ਦੇਸ਼ ਵਿਚ ਨਾ ਪਹੁੰਚੇ। ਪਰ ਗਿਆਨੀ ਗਿਆਨ ਸਿੰਘ ਜੀ ਵਧੇਰੇ ਵਿਦਵਾਨ ਹੋਣ ਕਰਕੇ ਕਈ ਵਿਚਾਰ ਆਪ ਉਤਪੰਨ ਕਰ ਲੈਂਦੇ ਹਨ ਅਤੇ ਫਿਰ ਉਨ੍ਹਾਂ ਉਤੇ ਆਪਣੇ ਸਿਧਾਂਤ ਦੇਂਦੇ ਹਨ ਅਤੇ ਪਾਠਕ ਨੂੰ ਮੰਨਾਉਣ ਲਈ ਦਲੀਲਾਂ ਲਿਖਦੇ ਹਨ। ਦ੍ਰਿਸ਼ਟਾਂਤ ਵਜੋਂ ਗੁਰੂ ਗੋਬਿੰਦ ਸਿੰਘ ਜੀ ਦੇ ਦੇਵੀ ਪੂਜਣ ਦੇ ਪ੍ਰਚਲਤ ਵਿਚਾਰ ਦੇ ਖੰਡਣ ਸੰਬੰਧੀ ਉਨ੍ਹਾਂ ਨੇ ਆਪਣੀ ਵਿਦਵਤਾ ਦਾ ਪੂਰਨ ਪ੍ਰਮਾਣ ਦਿਤਾ ਹੈ। ਇੰਜ ਹੀ ਸਿੱਖੀ ਸੰਬੰਧੀ ਕਈ ਤਰ੍ਹਾਂ ਦੇ ਪ੍ਰਸ਼ਨਾਂ ਦੇ ਉਤਰ ਬੜੀ ਸੂਝ ਅਤੇ ਵਿਦਵਤਾ ਨਾਲ ਦਿਤੇ ਹਨ। (ਸਫ਼ਾ ੨੧੦—੨੨੨)

ਗਿਆਨੀ ਜੀ, ਆਪਣੀਆਂ ਦਲੀਲਾਂ ਦੀ ਪ੍ਰੋੜ੍ਹਤਾ ਲਈ ਪੁਰਾਣਾਂ, ਸਿਮ੍ਰਤੀਆਂ ਅਤੇ ਹੋਰਨਾਂ ਸ਼ਾਸਤਰਾਂ ਆਦਿ ਦੇ ਹਵਾਲੇ ਵੀ ਦੇ ਜਾਂਦੇ ਹਨ। ਕਈ ਵਾਰੀ ਉਹ ਇਨ੍ਹਾਂ ਦਲੀਲਾਂ ਜਾਂ ਪ੍ਰਮਾਣਾਂ ਨੂੰ ਆਪ ਹੀ ਇੰਨਾ ਭਾਰਾ ਸਮਝਦੇ ਹਨ ਕਿ ਉਨ੍ਹਾਂ ਨੂੰ ਕਵਿਤਾ ਦੀ ਥਾਂ ਸਧਾਰਨ ਵਾਰਤਕ ਵਿਚ ਲਿਖ ਦੇਂਦੇ ਹਨ ਜਿਹਾ ਕਿ ਸਫ਼ਾ ੨੫, ੨੬, ੨੭, ੨੮, ਵਾਰਤਕ ਵਿਚ ਲਿਖੇ ਹਨ ਅਤੇ ਇਸ ਸਵੈ-ਵਿਸ਼ਵਾਸ਼



Digitized by Panjab Digital Library | www.panjabdigilib.org

ਨਾਲ ਲਿਖੇ ਹਨ:—

"ਸੰਸਾ ਜੋ ਤੁਮ ਕਰਾ, ਸੋ ਅਬ ਹੀ ਕਟ ਦੇਹ,
ਗੁਰ ਅਵਤਾਰੀ ਹੌਨ ਮੈਂ, ਅਨਕ ਪਰਮਾਨ ਦਿਖੇਹੁ ।"

ਅੰਤੇ ਇਥੇ ਪਹਿਲਾਂ ਪ੍ਰਮਾਣ ਸਿਮ੍ਰਤੀ ਦਾ ਦਿਤਾ ਹੈ, ਦੂਜਾ ਭਵਿਖਤ ਪੁਰਾਣ ਦਾ ਹੈ ਅਤੇ ਫੇਰ ਭਵਿਖਤ ਪੁਰਾਣ ਵਿਚੋਂ ਬਾਰਾਂ ਦੇ ਕਰੀਬ ਸ਼ਲੋਕ ਦੇ ਕੇ ਉਨ੍ਹਾਂ ਦੇ ਅਰਥ ਵੀ ਦਿਤੇ ਹਨ !

ਦੋਵੇਂ ਹੀ ਲੇਖਕ ਸਿੱਖ ਵਿਚਾਰ ਅਤੇ ਸਿਖ ਸਿਧਾਂਤਾ ਦੇ ਨਾਲ ਨਾਲ ਪੁਰਾਤਨ ਸਿੰਘਾਂ ਦੇ ਸੁਭਾ ਦੇ ਵੀ ਵਰਨਣ ਕਰਦੇ ਹਨ ਪਰ ਗਿਆਨੀ ਗਿਆਨ ਸਿੰਘ ਜੀ ਵਧੇਰੇ ਆਲੋਚਕ ਹਨ। ਇਨ੍ਹਾਂ ਨੇ ਵੀ ਭਾਵੇਂ ਗੁਰੂ ਸਾਹਿਬਾਂ ਦੇ ਸਮੇਂ ਤੇ ਸਿਖਾਂ ਦੇ ਸੁਭਾ ਅਤੇ ਸਿਧਾਤਾਂ ਨੂੰ ਸ਼ਹੀਦ ਜੀ ਵਾਂਗ ਬਹੁਤ ਉਚਾ ਦਰਸਾਇਆ ਹੈ ਪਰ ਅੰਗਰੇਜ਼ਾਂ ਦੇ ਰਾਜ ਦੇ ਅਰੰਭ ਵੇਲੇ ਸਿਖ ਸਰਦਾਰਾਂ ਅਤੇ ਰਿਆਸਤੀ ਰਾਜਿਆਂ ਦੀ ਹਾਲਤ ਏਨੀ ਡਿਗੀ ਹੋਈ ਦਸੀ ਕਿ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਵਜ਼ੀਰਾਂ ਨੂੰ ਵੀ ਪਤਾ ਨਹੀਂ ਤਵਾਰੀਖ ਕੀ ਚੀਜ਼ ਹੁੰਦੀ ਹੈ। ਗਿਆਨੀ ਜੀ ਦੇ ਸ਼ਬਦਾਂ ਵਿਚ— ਜਦ ਅੰਗਰੇਜ਼ਾਂ ਨੇ ਤਵਾਰੀਖ ਲਿਖਾਉਣ ਲਈ ਕਿਹਾ ਤਾਂ :

'ਇਹ ਸੁਣ ਬਹੁ ਸਰਦਾਰ ਡਰਾਣੇ, ਜਿ ਤਾਰੀਖ਼ ਕਾ ਅਰਥ ਨਾ ਜਾਣੇ।
ਸੁਣੀ ਨਾ ਪਿਖੀ ਹੁਤੀ ਜਿਨ ਕਾ ਹੈ, ਤਵਾਰੀਖ਼ ਕਿਆ ਹੋਤੀ ਬਲਾ ਹੈ।
ਬਹੁ ਸਰਦਾਰਨ ਭਾਖਿਓ ਐਸੇ, ਤਵਾਰੀਖ਼ ਕਾ ਮੂੰਹ ਹਵੈ ਕੈਸੇ।
ਦੇਖੋ ਪਰਮੇਸ਼ਵਰ ਕੇ ਸਾਜ਼, ਸੋ ਤੋ ਸਿੰਘ ਕਰਤ ਥੇ ਰਾਜ।
ਅਗੇ ਸਿੰਘ ਹੁਤੇ ਸਭ ਭੋਲੇ, ਦੇਗ ਤੇਗ ਕੇ ਧਨੀ ਅਮੋਲੇ।
ਰਾਜ ਸੁਤੰਤਰ ਕਰਤੇ ਧਰ ਨੀ, ਰਹਿਤੇ ਲਗੇ ਏਕ ਗੁਰਚਰਨੀ।
ਅਬ ਜੋ ਆਲਮ ਆਕਲ ਦੀਸਤ, ਅੰਗਰੇਜ਼ੋਂ ਕੀ ਚਕੀ ਪੀਸਤ।
ਕੇਵਲ ਇਲਮ ਛਲੋ ਬਲ ਰਾਹਾ, ਸੁਖ, ਮਰ ਦਊ ਸਿੰਧ ਮੇਂ ਬਾਹਾਂ।

ਇਹ ਉਨ੍ਹਾਂ ਸਿੰਘਾਂ ਦੀ ਅਵਸਥਾ ਹੈ ਜਿਨ੍ਹਾਂ ਦੇ ਸੁਭਾ ਦੀ ਸ਼ਹੀਦ ਅਤੇ ਗਿਆਨੀ ਜੀ ਇਹ ਸਾਖੀ ਭਰਦੇ ਹਨ ਕਿ ਬਾਦਸ਼ਾਹੀ ਵੀ ਮਿਲਣ ਲਗਦੀ ਸੀ ਤਾਂ ਆਖਦੇ ਸਨ :—



Digitized by Panjab Digital Library | www.panjabdigilib.org

'ਹਮ ਕਿਆ ਕਰਨੀ ਸ਼ਾਹੀ ਨਿਕਾਰੀ,

ਅਤੇ ਦੂਜੇ ਪਾਸੇ ਗੁਰੂ ਜੀ ਦੀ ਆਸ਼ਾ ਸੀ ਕਿ:—

'ਇੰਨ ਗਰੀਬ ਸਿੰਘਣ ਕੋ ਦੈ ਹੈ ਪਾਤਸ਼ਾਹੀ ।'

(ਪ੍ਰਾਚੀਨ ਪੰਥ ਪ੍ਰਕਾਸ਼ ਸਫਾ ੪੦—੪੨)

ਗਿਆਨੀ ਗਿਆਨ ਸਿੰਘ ਜੀ ਦੇ ਪੰਥ ਪ੍ਰਕਾਸ਼ ਵਿਚ ਇਕ ਵਿਸ਼ੇਸ਼ ਗਲ ਇਹ ਹੈ ਅਤੇ ਇਸ ਲਈ ਉਨ੍ਹਾਂ ਦਾ ਸਤਿਕਾਰ ਇਤਿਹਾਸਕ ਖੋਜ ਦੇ ਸੰਬੰਧ ਵਿਚ ਸਦਾ ਬਣਿਆ ਰਹੇਗਾ ਕਿ ਉਹਨਾਂ ਨੇ ਬਹੁਤ ਸਾਰੀ ਥਾਈਂ ਆਪਣੀ ਸ਼ਖਸ਼ੀ ਗਵਾਹੀ ਨਾਲ ਅੱਖੀਂ ਦੇਖੇ ਹਾਲਤ ਦਾ ਵਰਨਣ ਕੀਤਾ ਹੈ। ਉਨ੍ਹਾਂ ਨੇ ਆਪਣੀ ਸ਼ਖਸ਼ੀ ਗਵਾਹੀ ਉਥੇ ਭਰੀ ਹੈ ਜਿਥੇ ਗੂਰੂ ਘਰ ਦੀਆਂ ਇਤਹਾਸਕ ਯਾਦਾਂ ਗੁਰਦਵਾਰਿਆਂ ਆਦਿ ਸਬੰਧੀ ਕੁਝ ਆਪਣੇ ਅਖੀਂ ਡਿਠੇ ਹਾਲਾਤ ਪੇਸ਼ ਕਰਦੇ ਹਨ ਜਾਂ ਕਿਸੇ ਪੁਰਾਤਨ ਮਰਯਾਦਾ ਜਾਂ ਢੰਗ ਦਾ ਹੁਣ ਤਕ ਚਲਦਾ ਰੂਪ ਦਸਣ ਲ਼ਈ ਉਹ ਆਪਣੀ ਅਖੀਂ ਡਿਠੇ ਵਰਨਣ ਕਰਦੇ ਹਨ, ਜਿਵੇਂ ਗੁਰੂ ਨਾਨਕ ਦੇਵ ਜੀ ਦੇ ਚੋਲੇ ਸਬੰਧੀ ਲਿਖਦੇ ਹਨ :—

'ਚੋਲੇ ਉਤੇ ਕੁਰਾਨ ਦੀ ਆਇਤਾਂ ਬਿਨਾਂ ਹੋਰ ਕੋਈ ਕਸੀਦਾ ਨਹੀਂ ਤਾਹੀਂ ਗੁਰੂ ਜੀ, ਬਹਾਵਦੀਨ ਨੂੰ ਦੇ ਆਏ ਥੇ ਪਰ ਓਨ ਗੁਰੂ ਦੀ ਬਖ਼ਸੀਸ਼ ਸਮਝ ਕੇ ਟੋਪੀ ਤਾਂ ਸਿਰ ਉਤੇ ਰਖੀ ਪਰ ਚੋਲਾ ਨਾ ਪਹਿਨਯਾ........... ।'

(ਸਫਾ—੬੫)

ਇੰਜ ਹੀ ਸਫਾ ੩੯ ਉਤੇ ਨੋਟ ਹੈ, 'ਉਸ ਸਮੇਂ ਤਾਂ ਤੁਰਕਾਂ ਦੇ ਜ਼ੋਰ ਜ਼ੁਲਮ ਦਾ ਜੇਠ ਤਪ ਰਿਹਾ ਸੀ। ਓਦੋਂ ਪਿਛੋਂ ਸਿਖਾਂ ਦੇ ਰਾਜ ਸਮੇਂ ਵੀ ਬਹੁਤੇ ਹਿੰਦੂ ਨਮਾਜ਼ਾਂ ਪੜ੍ਹਦੇ, ਰੋਜ਼ੇ ਰਖਦੇ, ਸਲਵਾਰਾਂ, ਮੁਛਾਂ, ਸ਼ਰੱਈ ਅਤੇ ਚੰਮ ਦੇ ਮੰਜੇ, ਨੇਤਰੇ, ਕਬਰਾਂ ਨੂੰ ਮੰਨਦੇ, ਹਮ ਦੇਖੇ ਹਨ ।'

ਇਸੇ ਤਰ੍ਹਾਂ ਸਫਾ ੪੯ ਦੀਆਂ ਅੰਤਲੀਆਂ ਤੁਕਾਂ ਹਨ ।

'ਨੀਰ ਸਮੁੰਦਰ ਮੀਠੇ ਜਲ ਕਾ ਸੋਮਾਂ ਗੁਰ ਪ੍ਰਗਟੀਓ,

ਖਾਰਾ ਕਟੂ, ਔਰ ਠੰਰੇਂ ਜਲ, ਮਿਸਟ ਵਹੀਂ ਹੰਮ ਪੀਓ ।'

ਅਤੇ ਸਫਾ ੫੦ ਉਤੇ

'ਕਲਜੁਗ ਨਾਮੀ ਪੰਡੇ, ਸੇਵਾ ਕੀਨੀ ਗਰ ਕੀ ਸਾਰੀ,



Digitized by Panjab Digital Library | www.panjabdigilib.org

ਗੁਰ ਕੀ ਬਖਸ਼ਸ ਤੈ ਪੰਜਾਬ ਸਭ, ਮਾਨਤ ਤਾਹੇਂ ਅਪਾਰੀ ।
ਅਬ ਲੌ ਤਿਸ ਕੀ ਸੰਤਿਤ ਕੇਰੀ, ਕਲਜੁਗ ਪਦਵੀ ਹੀਏ,
ਭਾਗਵਾਨਦਾਸ ਕਲਜੁਗ ਹਮ ਹੇਰਿਓ, ਉਨੀ ਸੈ ਮਦ ਤੀਹੇ ।'

ਇਸੇ ਤਰ੍ਹਾਂ ਸਫਾ ੬੧ ਉਤੇ ਇਕ ਲੰਮੇ ਨੋਟ ਵਿਚੋਂ ਪਤਾ ਲਗਦਾ ਹੈ ਕਿ ਕਿਵੇਂ ਗਿਆਨੀ ਜੀ ਕਾਬਲ ਕੰਧਾਰ ਵਿਚ ਵੀ ਫਿਰਦੇ ਰਹੇ ਹਨ । ਅਸੀਂ ਇਥੇ ਇਹ ਨੋਟ ਪੂਰਾ ਹੀ ਦੇਂਦੇ ਹਾਂ ਤਾਂ ਜੋ ਪਾਠਕਾਂ ਨੂੰ ਵੀ ਉਨ੍ਹਾਂ ਦੀ ਖੋਜ ਨਾਲ ਲਾਭ ਪਹੁੰਚੇ :—

'ਏਥੇ ਗੁਰੂ ਨਾਨਕ ਸਾਹਿਬ ਦੀ ਗੁਫਾ ਵਿਚ ਮੰਜੀ ਸਾਹਿਬ ਤੇ ਤੂਤ ਦਾ ਦਰਖਤ ਹੈ ਜੋ ਬਾਰਾਂ ਮਹੀਨੇ ਹਰਾ ਭਰਾ ਰਹਿੰਦਾ ਹੈ । ਹਰ ਵੀਰਵਾਰ ਹਿੰਦੂ ਮੁਸਲਮਾਨ ਉਸਦੀ ਜਾਤਰਾ ਨੂੰ ਜਾਂਦੇ ਹਨ । ਮੇਲਾ ਭਰਦਾ ਹੈ ਮਿਠਾਈ ਕੜਾਹ ਚੜ੍ਹਦਾ ਹੈ । ਓਸ਼ ਕੰਦਰਾ ਅੰਦਰ ਗੁਰੂ ਕੇ ਥੜ੍ਹੇ ਅਗੋਂ ਦੀ ਨਹਿਰ ਨਿਕਲ ਕੇ ਚਾਰ ਗਜ ਆਗੇ ਗਾਇਬ ਹੋ ਜਾਂਦੀ ਹੈ-ਓਥੋਂ ੪ ਮੀਲ ਪਰ ਇਕ ਸ਼ਮਸ਼ੇਰ ਨਾਮ(ਗੁਫਾ)ਕੰਦਰਾ ਹੈ ਜਿਸਵਿਚ ਕਈ ਲੋਕ ਮਣ ੨ ਤੇਲ ਲੈ ਕੇ ਮਸਾਲ ਬਾਲ ਕਰ ਗਏ ਤਲਵਾਰਾਂ ਦਾ ਚਮਕਾਰਾ ਦੇਖ ਕੇ ਡਰਦੇ ਚਾਰ ਪਹਿਰ ਪਿਛੋਂ ਮੁੜ ਆਏ । ਤਲਾਉ ਪੱਕੇ ਬਾਜ਼ਾਰਾਂ ਵਾਂਗੂੰ ਅਨੇਕ ਰਸਤੇ ਮਕਾਨਾਂ ਦੇ ਬਣੇ ਹੋਏ ਹਨ । ਆਖਦੇ ਹਨ ਓਸ ਗੁਫਾ ਕੇ ਅੰਦਰ ਇਕ ਹਿੰਦੂ ਸੰਤ ਕਈ ਵਾਰੀ ਲੋਗਾਂ ਨੇ ਜਾਂਦਾ ਦੇਖਯਾ ਹੈ— ਕੋਈ ਓਸਨੂੰ ਬਸਿਸਟ ਕੋਈ ਗਰਗ ਆਖਦਾ ਹੈ । ਕੰਧਾਰ ਵਿਚ ੩ ਧਰਮ ਸਾਲਾ ਬਾਬੇ ਦੀਆਂ ਬਡੀਆਂ ੭ ਛੋਟੀਆਂ ਜਿਨ੍ਹਾਂ ਵਿਚ ਗ੍ਰੰਥ ਸਾਹਿਬ ਪੜ੍ਹੀਦੇ ਹਨ । ਭਾਵੇਂ ਮੇਵਾ ਤਾਂ ਏਥੋਂ ਦਾ ਸਭੋ ਚੰਗਾ ਹੁੰਦਾ ਹੈ ਪਰ ਅਨਾਰ ਏਥੋਂ ਜੈਸਾ ਹੋਰ ਕਿਤੇ ਨਹੀਂ—ਲੋਹ ਗੜ੍ਹ ਨਾਮ ਦੇਸ਼ ਪਾਤਖੋ ਪਿੰਡ ਗੁਰੂ ਨਾਨਕ ਵਲੀ ਦਾ ਚਛਮਾਂ ਹੈ ਜਿਸ ਵਿਚੋਂ ਅਨੇਕ ਕੂਲਾਂ* ਕਸੀਆਂ ਓਸ ਦੇਸ਼ ਨੂੰ ਬਸਾ ਰਹੀਆਂ ਹਨ । ਪਹਿਲੇ ਉਜਾੜ ਪਿਆ ਸੀ ਹੁਣ ਬਸ ਪਿਆ—ਏਥੇ ਬਾਣ ਗੰਗਾ ਭੀਮਸੈਨ ਦੀ,ਗਰਦੇਜ ਕਿਲ ਗਰਗਦਾ,ਬਸਿਸਟ ਜੀ ਦਾ ਪੋਸਤ ਦੇਸ ਬਸਾਇਆ ਹੋਯਾ ਗਜਨੀਗੜ੍ਹ ਰਾਜੇ ਗਜਦਾ ਸਿੰਘ ਭਵਾਨੀ ਦਾ ਮੰਦਰ ਏਹੋ ਜੇਹੇ ਅਨੇਕ ਅਸਥਾਨ ਹਨ,ਬਸਿਸਟ ਨੂੰ ਬਲੋਲਪੀਰ ਬੋਲਦੇ ਹਨ,ਸਵਾਂਤ ਮੁਲਕ ਜਿਲੇ ਮਲਾਕੰਦ ਚਿਕਦਰੇ ਦੇ ਅਗੇ ਪਹਾੜ ਦੀ ਆੜ ਵਿਚੋਂ ਕਿਲਾ ਰਾਜੇ ਜੁਧਿਸ਼ਟਰ ਦਾ ਹੁਣ ਅੰਗਰੇਜ਼ਾਂ ਨੇ ਕਢਯਾ ਹੈ ਉਥੋਂ ਬੇਅੰਤ ਸੋਇਨੇ ਦੇ ਬਰਤਨ ਮੂਰਤਾਂ ਅਮੋਲਕ ਪੱਥਰ ਦੀਆ ਨਿਕਲੀਆਂ ਹਨ ਜੋ ਵਲਾਇਤ ਪਹੁੰਚ ਰਹੀਆਂ ਹਨ



Digitized by Panjab Digital Library | www.panjabdigilib.org

ਉਨ੍ਹਾਂ ਬਰਤਨਾਂ ਪਰ ਪਰਸਰਾਮ ਦੀ ਮੂਰਤ ਹੈ"

ਇਹ ਗਲ ਭਾਈ ਰਤਨ ਸਿੰਘ ਦੇ ਪੰਥ ਪ੍ਰਕਾਸ਼ ਵਿਚ ਨਹੀਂ। ਸ਼ਹੀਦ ਜੀ ਨੇ ਤਾਂ ਵਧ ਤੋਂ ਵਧ ਇਹੋ ਕਿਹਾ ਹੈ ਕਿ ਵਧੇਰੇ ਹਾਲ ਪੜ੍ਹਨਾ ਹੋਵੇ ਤਾਂ ਹੋਰ ਕਿਤਾਬਾਂ ਵਿਚ ਪੜ੍ਹ ਲਓ। ਹਾਂ ਸ਼ਹੀਦ ਜੀ ਨੇ ਮੱਰੇ ਸਾਹਿਬ ਨਾਲ ਵਿਚਾਰਾਂ ਕਰਦਿਆਂ ਕੁਝ ਆਪਣੇ ਭਾਵਾਂ ਨੂੰ ਅਤੇ ਜਾਤੀ ਰਾਵਾਂ ਨੂੰ ਹਵਾ ਲਵਾਈ ਹੈ। ਅਤੇ ਸਫ਼ਾ ੪੩੩ ਉਤੇ ਦਿਤੀ ਹੋਈ ਵਿਚਾਰ ਵਿਚ ਤਾਂ ਸਾਰੇ ਸਿੱਖ ਇਤਿਹਾਸ ਦੀ ਸਾਰੀ ਕੁਰਬਾਨੀ ਦਾ ਸਾਰੰਸ ਕੁਝ ਸਤਰਾਂ ਵਿਚ ਲੈ ਆਂਦਾ ਹੈ। ਇਹ ਗਲ ਦਿਲੀ ਸ਼ਰਧਾ ਅਤੇ ਭਾਵਨਾ ਵਾਲਾ ਲੇਖਕ ਹੀ ਕਰ ਸਕਦੀ ਸੀ ਜਿਸਦੀ ਦ੍ਰਿਸ਼ਟੀ ਸਾਹਮਣੇ ਸਿੱਖੀ ਦਾ ਸਾਰਾ ਇਤਿਹਾਸ ਇਕ ਫ਼ਿਲਮ ਵਾਂਗ ਫਿਰ ਰਿਹਾ ਹੋਵੇ।

ਇਹ ਸਾਰਾ ਸੰਖੇਪ ਸ਼ਹੀਦ ਜੀ ਨੇ ਸਾਰੰਸ ਦੇਣ ਲਈ ਨਹੀਂ ਲਿਖਿਆ, ਸਗੋਂ ਮੱਰੇ ਸਾਹਿਬ ਦੇ ਮਨ ਉਤੇ ਸਿੱਖ ਸੁਭਾ ਦੀ ਮਹਾਨਤਾ ਉਕਰਨ ਲਈ ਲਿਖਿਆ ਹੈ। ਉਨ੍ਹਾਂ ਨੇ ਮੱਰੇ ਸਾਹਿਬ ਦੇ ਮਨ ਉਤੇ ਇਹ ਗਲ ਉਕਰ ਦਿਤੀ ਕਿ ਸਿੱਖਾਂ ਨੂੰ ਆਪਣੇ ਗੁਰੂ ਉਤੇ ਪੂਰਾ ਭਰੋਸਾ ਹੈ ਪਰ ਗਿਆਨੀ ਗਿਆਨ ਸਿੰਘ ਜੀ ਆਪਣੇ ਸਮੇਂ ਦੇ ਸਿੱਖਾਂ ਤੋਂ ਨਿਰਾਸ ਹਨ।

ਇਤਿਹਾਸਕ ਵੇਰਵਿਆਂ, ਸਿਧਾਂਤਾਂ ਅਤੇ ਵਰਨਣ ਸੰਬੰਧੀ ਵੇਖੀਏ ਤਾਂ ਅਨੇਕਾਂ ਥਾਈਂ ਹੋਰ ਵੀ ਅੰਤਰ ਨਜ਼ਰ ਆ ਜਾਣਗੇ। ਪਰ ਅੰਤਰ ਨਾਲੋਂ ਸਮਾਨਤਾ ਵਧੇਰੇ ਹੈ। ਗੁਰੂ ਬਾਣੀ ਦੀ ਵਰਤੋਂ ਦੋਵੇਂ ਲੇਖਕ ਬੜੀ ਸੁਚੱਜੀ ਕਰਦੇ ਹਨ, ਦੋਵੇਂ ਹੀ ਹੋਰ ਪੁਸਤਕਾਂ ਦੇ ਹਵਾਲੇ ਦੇਂਦੇ ਹਨ, ਦੋਵੇਂ ਲੇਖਕ ਆਪਣੇ ਸੰਖੇਪ ਹੋਣ ਵਲ ਇਸ਼ਾਰਾ ਕਰਦੇ ਹਨ, ਦੋਵੇਂ ਹੀ ਸਿੱਖਾਂ ਉਤੇ ਹੋਈਆਂ ਸਖ਼ਤੀਆਂ, ਗੁਰੂ ਸਾਹਿਬਾਂ ਦੀ ਅਜ਼ਮਤ, ਉਚਤਾ ਅਤੇ ਕਰਾਮਾਤ ਨੂੰ ਮੰਨਣ ਵਿਚ ਇਕੋ ਰਾਹ ਦੇ ਰਾਹੀ ਹਨ। ਦੋਹਾਂ ਨੇ ਹੀ ਗੁਰੂ ਸਾਹਿਬਾਂ ਦੇ ਸਮੇਂ ਦੇ ਇਤਿਹਾਸ ਨੂੰ ਸੰਖਿਪਤ ਹੀ ਵਰਨਣ ਕੀਤਾ ਹੈ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਅਤੇ ਉਨ੍ਹਾਂ ਤੋਂ ਪਿਛੋਂ ਦਾ ਹਾਲ ਵਧੇਰੇ ਵੇਰਵੇ ਨਾਲ।

(੨)

ਹੁਣ ਅਸੀਂ ਪਾਠਕਾਂ ਨੂੰ ਇਨ੍ਹਾਂ ਦੋਹਾਂ ਕਵੀਆਂ ਦੀ ਕਾਵਿ ਕਲਾ ਨਾਲ ਕੁਝ ਪ੍ਰੀਚਿਤ ਕਰਾਉਣਾ ਚਾਹੁੰਦੇ ਹਾਂ।

ਪਹਿਲੀ ਗਲ ਤਾਂ ਇਹ ਧਿਆਨ ਗੋਚਰੀ ਹੈ ਕਿ ਦੋਹਾਂ ਹੀ ਕਵੀਆਂ ਨੇ ਉਸ



Digitized by Panjab Digital Library | www.panjabdigilib.org

ਸਮੇਂ ਦੇ ਰਿਵਾਜ ਅਨੁਸਾਰ ਬ੍ਰਜਭਾਸ਼ਾ ਨੂੰ ਆਪਣੇ ਵਿਚਾਰਾਂ ਦੇ ਪ੍ਰਗਟਾ ਦਾ ਮਾਧਿਅਮ ਬਣਾਇਆ ਹੈ। ਸ਼ਹੀਦ ਜੀ ਦੀ ਭਾਸ਼ਾ ਬੜੀ ਸਧਾਰਨ ਹੈ ਅਤੇ ਇਸ ਨੂੰ ਬ੍ਰਿਜਭਾਸ਼ਾ ਦੀ ਥਾਂ ਜੇ ਅਤਿ ਸੁਖੈਨ ਹਿੰਦੁਸਤਾਨੀ ਕਿਹਾ ਜਾਏ ਤਾਂ ਵੀ ਮੰਨਣ ਵਿਚ ਆ ਸਕਦਾ ਹੈ, ਜਿਵੇਂ

"ਡੂਬ ਮੂਏ ਨੌਕਾ ਕਿਤ ਕਾਮ, ਭੂਖੇ ਮਰੇ ਖੀਰ ਕਿਤ ਕਾਮ।"

ਜਾਂ

'ਯੈ ਅਬ ਨਰੰਗੇ ਕਰੀ ਸਲਾਹ, ਤਰਾਹੇ ਤਰਾਹੇ ਆਏ ਤੁਮ ਪਾਹਿ।"

ਜਾਂ

"ਜਿਮ ਦੀਪਕ ਤੇ ਦੀਪਕ ਜਾਗੈ, ਤਿਉਂ ਗੁਰ ਤੇ ਗੁਰ ਹੋਤ ਪਏ ਆਗੇ।"

ਗਿਆਨੀ ਗਿਆਨ ਸਿੰਘ ਜੀ ਦੀ ਭਾਸ਼ਾ ਇਸ ਨਾਲੋਂ ਵਧੇਰੇ ਕਠਨ ਹੈ ਅਤੇ ਉਹ ਬ੍ਰਿਜ ਭਾਸ਼ਾ ਦਾ ਵਿਦਵਾਨਾਂ ਵਾਲਾ ਰੂਪ ਹੈ। ਉਸਦਾ ਕਾਰਨ ਇਹ ਭੀ ਹੈ ਕਿ ਉਹ ਕਈ ਵਾਰ ਭਾਸ਼ਾ ਨੂੰ ਸ਼ਿੰਗਾਰਨ ਲਈ ਕੁਝ ਯਤਨਾਂ ਵਿਚ ਪੈ ਜਾਂਦੇ ਹਨ ਅਤੇ ਸ਼ਬਦ-ਅਲੰਕਾਰਾਂ ਨਾਲ ਜੜਤ ਕਰਨ ਲਗ ਪੈਂਦੇ ਹਨ, ਇਸ ਲਈ ਭੀ ਕੁਝ ਕਠਨਤਾ ਆ ਜਾਂਦੀ ਹੈ ਅਤੇ ਉਨ੍ਹਾਂ ਦੀ ਵਿਦਵਤਾ ਵੀ ਪ੍ਰਗਟ ਹੁੰਦੀ ਹੈ, ਜਿਵੇਂ

"ਗੁਰੂ ਸਰਬਗਯ ਜਾਨ ਤਿਹ ਦਿਲ ਕੀ, ਕਰਨਾ ਕਰਤੂ ਕਰਨਾ ਝਿਲਕੀ।"

ਜਾਂ

"ਮੇਘ ਮਖਣ ਕੀ ਗਰਜਨ ਸੁਣ ਕੇ, ਸਿੱਖ ਮਯੂਰ ਭਏ ਖੁਸ ਗੁਣ ਕੇ।"

ਅਤੇ

"ਜਨ ਸਿੰਖੀ ਸਸ ਸੁਸਕੱਰ ਸਰ," ਆਦਿ

ਇਹ ਭੀ ਪਰਤੱਖ ਹੈ ਕਿ ਭਾਈ ਰਤਨ ਸਿੰਘ ਸ਼ਹੀਦ ਦੀ ਭਾਸ਼ਾ ਮਾਝੀ ਹੋਣ ਕਰਕੇ ਉਨ੍ਹਾਂ ਦੀ ਸ਼ੈਲੀ ਕੇਂਦਰੀ ਪੰਜਾਬੀ ਦੇ ਵਧੇਰੇ ਨੇੜੇ ਰਹਿੰਦੀ ਹੈ ਪਰ ਗਿਆਨੀ ਗਿਆਨਸਿੰਘ ਜੀ ਸੰਤ-ਪੰਥੀ ਅਤੇ ਮਲਵੱਈ ਹੋਣ ਕਰਕੇ ਪੂਰਬ ਦੀ ਬੋਲੀ ਵਲ ਵਧੇਰੇ ਝੁਕ ਜਾਂਦੇ ਹਨ ਅਤੇ ਉਨ੍ਹਾਂ ਦੀ ਭਾਸ਼ਾ ਉਤੇ ਸੰਸਕ੍ਰਿਤ ਦਾ ਪ੍ਰਭਾਵ ਵੀ ਆ ਜਾਂਦਾ ਹੈ। ਸ਼ਹੀਦ ਜੀ ਨਾਲੋਂ ਗਿਆਨੀ ਜੀ ਦੀ ਰਚਨਾ ਵਿਚ ਬਾਣੀ ਵਿਚ ਆਏ ਮੁਹਾਵਰਿਆਂ ਨੂੰ ਵੀ ਵਧੇਰੇ ਵਰਤਿਆ ਗਿਆ ਹੈ।



Digitized by Panjab Digital Library | www.panjabdigilib.org

ਸ਼ਹੀਦ ਰਤਨ ਸਿੰਘ ਜੀ ਬਹੁਤ ਸਧਾਰਨ ਢੰਗ ਨਾਲ ਸਭ ਕਥਾਵਾਂ ਨੂੰ ਵਰਨਣ ਕਰੀ ਜਾਂਦੇ ਹਨ ਅਤੇ ਕਈ ਵਾਰੀ ਤਾਂ ਬੜੀਆਂ ਘਰੇਲੂ ਗਲਾਂ ਵੀ ਨਜ਼ਰ ਸਾਹਮਣੇ ਲੈ ਆਉਂਦੇ ਹਨ, ਜਿਵੇਂ ਭਾਈ ਦੀਪ ਸਿੰਘ ਜੀ ਦੇ ਦਾਣੇ ਚੱਬਣ ਦਾ ਵੀ ਵਰਣਨ ਕੀਤਾ ਹੈ ਕਿ ਬੰਦੇ ਬਹਾਦਰ ਨੇ ਉਸ ਨੂੰ ਦਾੜ੍ਹਾਂ ਦਿਤੀਆਂ ਤਾਂ ਜੋ ਦਾਣੇ ਚੱਬ ਸਕੇ। ਗਿਆਨੀ ਗਿਆਨ ਸਿੰਘ ਜੀ ਦੇ ਸਮੁੱਚੇ ਵਰਨਣ ਉਤੇ ਇਕ ਵਿਦਵਤਾ ਦਾ ਪ੍ਰਭਾਵ ਕੰਮ ਕਰਦਾ ਰਹਿੰਦਾ ਹੈ। ਉਹ ਜਦ ਕਿਸੇ ਕਰਾਮਾਤ ਦਾ ਵੀ ਵਰਨਣ ਕਰਦੇ ਹਨ ਤਾਂ ਉਸ ਨੂੰ ਬਹੁਤ ਹੱਦ ਤਕ ਮੰਨਣਯੋਗ ਬਣਾਉਣ ਜਾ ਯਤਨ ਕਰਦੇ ਹਨ।

ਸ਼ਹੀਦ ਜੀ ਦੀਆਂ ਸਾਖ਼ੀਆਂ ਵਿਚ ਵਾਰਤਾਲਾਪ ਬੜਾ ਹੀ ਸੁਭਾਵਕ ਅਤੇ ਸੁਆਦਲਾ ਆਉਂਦਾ ਹੈ, ਜਿਵੇਂ ਕੈਲ੍ਹਰੀਏ ਅਤੇ ਬੰਦੇ ਬਹਾਦਰ ਦੀ ਆਪੋ ਵਿਚ ਗਲ ਬਾਤ ਅਤੇ ਹੋਰ ਭੀ ਕਈ ਥਾਵਾਂ ਦੀ ਗਲ ਬਾਤ ਵਿਚੋਂ ਪਤਾ ਲਗ ਸਕਦਾ ਹੈ। ਸ਼ਹੀਦ ਜੀ ਦਾ ਢੰਗ ਇਸ ਤਰ੍ਹਾਂ ਵਧੇਰੇ ਪੰਜਾਬੀ ਦੇ ਕਿੱਸਿਆਂ ਦੀ ਸ਼ੈਲੀ ਉਤੇ ਹੈ, ਜਿਨ੍ਹਾਂ ਵਿਚ ਸਾਰੀ ਹੀ ਕਹਾਣੀ ਲਗ ਪਗ ਵਾਰਤਾਲਾਪ ਵਿਚ ਚਲਦੀ ਹੈ। ਸ਼ਹੀਦ ਜੀ ਇੰਨਾਂ ਵਧੇਰੇ ਤਾਂ ਨਹੀਂ ਪਰ ਅਧ ਪਚੱਧ ਵਰਨਣ ਵਾਰਤਾਲਾਪ ਵਿਚ ਨਿਭਾ ਦੇਂਦੇ ਹਨ। ਇਸ ਦੇ ਵਿਰੁਧ ਗਿਆਨੀ ਜੀ ਬਹੁਤ ਕੁਝ ਆਪਣੇ ਵਲੋਂ ਹੀ ਦੱਸਦੇ ਹਨ। ਵਾਰਤਾਲਾਪ ਦੀ ਥਾਂ ਬੜੀ ਘਟ ਹੈ।

ਸਾਖ਼ੀਆਂ ਨੂੰ ਲਿਖਦਿਆਂ ਹੋਇਆਂ, ਦੋਹਾਂ ਹੀ ਲੇਖਕਾਂ ਨੇ ਸੁਭਾਵਕ ਹੀ ਕਈ ਤੱਤ ਅਤੇ ਨਤੀਜੇ ਸਾਡੇ ਸਾਹਮਣੇ ਲੈ ਆਂਦੇ ਹਨ ਪਰ ਜਿਵੇਂ ਉਪਰ ਵੀ ਸੰਕੇਤ ਕੀਤਾ ਗਿਆ ਹੈ, ਸ਼ਹੀਦ ਜੀ ਪ੍ਰਚਲਤ ਵਿਚਾਰਾਂ ਨੂੰ ਹੀ ਵਧੇਰੇ ਪੇਸ਼ ਕਰਦੇ ਹਨ ਜਿਵੇਂ

"ਰੱਸੀ ਜਲੀ ਨਾ ਵੱਟ ਜਲਿਓ, ਬਲ ਗਇਓ ਨਾ ਗਇਆ ਗੁਮਾਨ।
ਸ਼ਸਤਰ ਛੁਟੇ ਨਾ ਥਲ ਛੁਟਿਓ, ਐਸ ਮਝੈਲ ਜੁਆਨ।"

ਜਾਂ

ਸੰਤ ਚਹੈ ਤੋ ਮੇਟੇ ਲੇਖ, ਸੰਤ ਰੇਖ ਮੇਂ ਮਾਰੇ ਮੇਖ।"

ਗਿਆਨੀ ਜੀ ਨੇ ਭੀ ਤੱਤ ਦਿਤੇ ਹਨ ਪਰ ਇਹ ਵਧੇਰੇ ਵਿਦਵਾਨਾਂ ਵਾਲੇ ਹਨ। ਉਹ ਜਾਂ ਤਾਂ ਪੁਸਤਕਾਂ ਦੇ ਅਧਾਰ ਉਤੇ ਹਨ ਅਤੇ ਜਾਂ ਫਿਰ ਉਨ੍ਹਾਂ ਦੇ ਆਪਣੇ ਵਿਚਾਰ ਹਨ ਜਿਵੇਂ "ਚਿੱਤ ਚਿੰਤਤ ਚੀਜ਼ਨ ਚਹੋ, ਚਿਨਬੋ ਚਤਰ ਸੁਭਾਇ।



Digitized by Panjab Digital Library | www.panjabdigilib.org

ਹਰ ਹਰ ਵਸਤਰ ਕੋ ਸਦਾ ਸੇਵੋ ਸ੍ਰੀ ਹਰਿ ਰਾਇ ।

ਜਾਂ

"ਸੂਰ ਬੀਰ ਜੋ ਲਜਿਆ ਪਾਲੇ" ਅਤੇ "ਭੈ ਨਹਿ ਕਿਸੀ ਕਾ ਕਈਓ।"

ਗਿਆਨੀ ਜੀ ਗੁਰਬਾਣੀ ਦਾ ਟੀਕਾ ਕਰਨ ਵਾਲਿਆਂ ਦੇ ਸੰਬੰਧ ਵਿਚ ਇਹ ਰਾਏ ਰਖਦੇ ਹਨ ਕਿ "ਤਾਂ ਤੇ ਇਸ ਬੇਕੇਦ ਬਾਣੀ ਕੋ, ਕੈਦ ਕਰਿਓ ਜੋ ਜੈਹੈ ।

ਇਹ ਨਾਂ ਕੈਦ ਹੋਇ ਟੀਕਾ ਮੇਂ, ਕਰਨ ਹਾਰ ਦੁਖ ਚੱਹੈ।"

ਅਤੇ ਇਸ ਦੇ ਸਬੂਤ ਵਜੋਂ ਇਨ੍ਹਾਂ ਨੇ ਸੱਤ ਮਹਾਨ ਟੀਕਾ ਕਾਰਾਂ ਦੇ ਦੁਖ ਦੱਸ ਕੇ ਜਿਨ੍ਹਾਂ ਵਿਚ ਭਾਈ ਮਨੀ ਸਿੰਘ, ਪੰਡਤ ਸੋਭਾ ਸਿੰਘ ਅਤੇ ਭਾਈ ਗੁਰਮੁਖ ਸਿੰਘ ਜੀ ਗਿਆਨੀ ਵੀ ਹਨ, ਕਿਹਾ ਹੈ ਕਿ "ਏਕ ਮਨੀ ਸਿੰਘ ਜੀ ਤੇ ਬਿਨਾ ਹੋਰ ਸਭ ਹਮ ਨੇ ਆਪਣੇ ਨੇਤਰੋਂ ਸੇ ਦੇਖੇ ਹੈਂ...........।" ਇਨ੍ਹਾਂ ਵਿਚੋਂ ਕੁਝ ਕੋੜ੍ਹੇ ਹੋ ਕੇ ਮਰੇ ਹਨ, ਜਿਵੇਂ ਭਾਈ ਸਮੁੰਦ ਸਿੰਘ ਗਿਆਨੀ, ਪੰਡਤ ਤਾਰਾ ਸਿੰਘ ਅਤੇ ਕਵੀ ਰਾਮ ਸਿੰਘ ।

ਅਲੰਕਾਰਾਂ ਦੇ ਸੰਬੰਧ ਵਿਚ ਗਿਆਨੀ ਗਿਆਨ ਸਿੰਘ ਜੀ ਨੇ ਬਹੁਤ ਪੂਰਨਤਾ ਵਿਖਾਈ ਹੈ। ਆਪ ਦੀ ਰਚਨਾ ਵਿਚ ਥਾਂ ਥਾਂ ਉਤੇ ਕਈ ਪ੍ਰਕਾਰ ਦੇ ਸ਼ਬਦ ਅਤੇ ਅਰਥ ਅਲੰਕਾਰ ਮਿਲਦੇ ਹਨ। ਸ਼ਾਇਦ ਹੀ ਕੋਈ ਅਜਿਹਾ ਛੰਦ ਹੋਵੇ ਜਿਸ ਵਿਚ ਕੋਈ ਨਾ ਕੋਈ ਚਮਤਕਾਰ ਨਾ ਭਰਿਆ ਹੋਵੇ। ਭਾਸ਼ਾ ਵੀ ਔਖੀ ਹੈ, ਵਿਸ਼ਾ ਇਤਿਹਾਸ ਦਾ ਹੈ ਅਤੇ ਇਤਿਹਾਸ ਵੀ ਇਕ ਧਰਮ ਦਾ ਹੈ। ਉਸ ਨੂੰ ਅਲੰਕਾਰਾਂ ਨਾਲ ਜੜਤ ਕਰਕੇ ਕਾਵਿ ਵਿਚ ਪੇਸ਼ ਕਰਨਾ ਗਿਆਨੀ ਜੀ ਜਿਹੇ ਮਹਾਨ ਵਿਅਕਤੀ ਦਾ ਹੀ ਕੰਮ ਹੋ ਸਕਦਾ ਹੈ। ਪਹਿਲੇ ਹੀ ਸਫ਼ੇ ਉਤੇ ਇਹੋ ਜਿਹੇ ਅਲੰਕਾਰਾਂ ਦੀ ਬਹੁਲਤਾ ਮਿਲ ਜਾਂਦੀ ਹੈ, ਜਿਵੇ;—

"ਕਰ ਬੁਧ ਬਿਸੁਧ ਭਰੇ ਗੁਣ ਸੁਧ ਕਰੁਧ ਵਿਰੁਧ ਕੁਬੁਧ ਹਰੇ।"

ਅਤੇ

" ਜਬ ਘੋਰ ਕਲੀ ਕਰ ਜ਼ੋਰ ਗਇਓ,ਨਰ ਚੋਰ ਲਵਾਰ ਅਪਾਰ ਭਏ।
ਨ੍ਰਿਪ ਮੂਢ ਮਲੀਨ ਮਲੇਸ਼ ਮਹਾਂ ਦੁਖ ਦਾਨ ਪਠਾਨ ਜਹਾਨ ਛਏ।
ਸਦ ਗ੍ਰੰਥ ਗੁਪੇ, ਸਭ ਪੰਥ ਲੁਕੇ, ਸੁਰ ਸੰਤ ਕ੍ਰਪੇ ਨਹਿ ਪੇਸ਼ ਜਏ।"



Digitized by Panjab Digital Library | www.panjabdigilib.org

ਅਤੇ ਇਹ ਢੰਗ ਸਾਰੇ ਹੀ ਗ੍ਰੰਥ ਵਿਚ ਕਾਇਮ ਰਹਿੰਦਾ ਹੈ। ਕਈ ਥਾਈਂ ਕਈ ਨਵੇਂ ਅਲੰਕਾਰ ਬਣਾਏ ਹਨ ਅਤੇ ਫਿਰ ਭੀ ਯਤਨ ਇਹ ਹੈ ਕਿ ਕੋਈ ਖ਼ਿਆਲ ਮਧਮ ਨਾ ਪਵੇ।

ਗਿਆਨੀ ਜੀ ਅਤੇ ਸ਼ਹੀਦ ਜੀ ਦੋਵੇਂ ਹੀ ਵਾਤਾਵਰਣ ਉਪਜਾਉਣ ਅਤੇ ਦ੍ਰਿਸ਼ਾਂ ਦਾ ਵਰਨਣ ਕਰਨ ਵਿਚ ਬਹੁਤ ਹੱਦ ਤਕ ਸਫ਼ਲ ਹਨ। ਸ਼ਹੀਦ ਜੀ ਦਾ ਵਰਨਣ ਜੋ ਉਨ੍ਹਾਂ ਨੇ ਚਮਕੌਰ ਤੋਂ ਨਿਕਲਣ ਵੇਲੇ ਦਾ ਕੀਤਾ ਹੈ, ਇਕ ਅਦੁੱਤੀ ਮਿਸਾਲ ਹੈ। ਅਤੇ ਇਸੇ ਤਰ੍ਹਾਂ ਦਰਿਆ ਪਾਰ ਕਰਨ ਦਾ ਜੋ ਵਰਨਣ ਹੈ, ਉਹ ਭੀ ਇਕ ਸੁੰਦਰ ਨਮੂਨਾ ਹੈ। ਸ਼ਹੀਦ ਜੀ ਸੁਭਾਵਕ ਹੀ ਆਪਣੇ ਦਿਲੀ ਜੋਸ਼ ਨਾਲ ਇਕ ਵਿਸ਼ੇਸ਼ ਪ੍ਰਕਾਰ ਦਾ ਵਾਤਾਵਰਣ ਉਤਪੰਨ ਕਰ ਲੈਂਦੇ ਹਨ ਅਤੇ ਗੁਰੂ ਜੀ ਦੇ ਦਿਵਾਨ ਦੇ ਠਾਠ ਬਾਠ ਦਾ ਜੋ ਵਰਨਣ ਉਨ੍ਹਾਂ ਨੇ ਸਫ਼ਾ ੭੪ ਉਤੇ ਕੀਤਾ ਹੈ, ਉਹ ਪੜ੍ਹਨ ਨਾਲ ਹੀ ਸਬੰਧ ਰੱਖਦਾ ਹੈ। ਉਸ ਵਿਚ ਸੁਝਾਓ ਵੀ ਹਨ ਅਤੇ ਵਰਨਣ ਵੀ। ਦ੍ਰਿਸ਼ਟਾਂਤ ਵਜੋਂ ਕੁਝ ਕੁ ਸਤਰਾਂ ਹਾਜ਼ਰ ਹਨ ਜਿਨ੍ਹਾਂ ਵਿਚੋਂ ਇਨ੍ਹਾਂ ਦੇ ਅਲੰਕਾਰਾਂ ਦਾ ਵੀ ਨਮੂਨਾ ਮਿਲਦਾ ਹੈ:—

"ਕਿਤ ਝਾਂਝ ਮ੍ਰਿਗੰਦ ਉਪੰਗ ਬਜੈ, ਕਿਤ ਦੂਇ ਕਰ ਤਾਲ ਰਬਾਬ ਬਜੈਂ।
ਜਲ ਬੀਨ ਸੁ ਬੀਨ ਪ੍ਰਬੀਨ ਸਜੈ, ਕਿਤ ਤਾਰ ਸਤਾਰ ਤੰਬੂਰ ਬਜੈ।
ਜਛ ਕਿੰਨਰ ਨਾਰਦ ਹਾਹਿ ਹੂ ਹੂ, ਧੁਨ ਤੋਮਰ ਉਲੂਕ ਸਨ ਸਾਜ ਸਜੈ।
ਇਮ ਠਾਠ ਠਟਯੋ ਸੁ ਹਜ਼ੂਰ ਗੁਰੂ, ਲਖ ਹੋਤ ਇੰਦ੍ਰਾਸਨ ਲਾਜ ਲਜੈ।"

ਦੋਹਾਂ ਹੀ ਕਵੀਆਂ ਨੇ ਕਈ ਇਕ ਛੰਦਾਂ ਦੀ ਵਰਤੋਂ ਕੀਤੀ ਹੈ, ਭਾਵੇ ਸ਼ਹੀਦ ਜੀ ਨੇ ਵਧੇਰੇ ਦੋਹਿਰੇ ਅਤੇ ਚੌਪਈ ਨੂੰ ਹੀ ਅਪਨਾਇਆ ਹੈ। ਉਂਜ ਇਨ੍ਹਾਂ ਨੇ ਵੀ ਕਿਧਰੇ ਕਿਧਰੇ ਸਵੱਈਏ ਅਤੇ ਹੋਰ ਛੰਦ ਵਰਤੇ ਹਨ। ਗਿਆਨੀ ਜੀ ਵਿਚ ਵੀ ਚੌਪਈਆਂ ਦੀ ਬਹੁਲਤਾ ਹੈ ਪਰ ਛੰਦਾਂ ਦੇ ਹੋਰ ਵੀ ਅਨੇਕਾਂ ਨਮੂਨੇ ਜਿਹਾ ਕਿ ਨਰਾਜ ਛੰਦ, ਦਵੱਈਆ, ਪਾਧੜੀ ਛੰਦ ਆਦਿਕ ਵਰਤੇ ਹਨ। ਕਬਿੱਤ ਵੀ ਕਾਫੀ ਆਉਂਦੇ ਹਨ, ਅਤੇ ਬੜੀ ਸੁੰਦਰਤਾ ਨਾਲ ਨਿਭਾਏ ਹਨ।

ਦੋਵੇਂ ਕਵੀ ਕਿਧਰੇ ਕਈ ਹਾਸ ਰੱਸ ਦੀਆਂ ਛੋਹਾਂ ਵੀ ਲਾ ਜਾਂਦੇ ਹਨ।



Digitized by Panjab Digital Library | www.panjabdigilib.org

ਗਿਆਨੀ ਜੀ ਨੇ ਭੀ ਕਈ ਥਾਈਂ ਇਸ ਤਰ੍ਹਾਂ ਕੀਤਾ ਹੈ, ਭਾਵੇਂ ਕਿਸੇ ਖ਼ਾਸ ਵਿਚਾਰ ਨੂੰ ਸਾਹਮਣੇ ਲਿਆਉਣ ਲਈ ਹੀ।

ਇੰਨੀ ਸੰਖਿਪਤ ਵਿਚਾਰ ਪਿਛੋਂ ਅਸੀਂ ਇਹ ਕਹਿ ਸਕਣ ਦੇ ਸਮੱਰਥ ਹਾਂ ਕਿ ਇਹ ਦੋਵੇਂ ਹੀ ਗ੍ਰੰਥ ਜਿਥੇ ਸਿਖ ਇਤਿਹਾਸ ਦੇ ਗ੍ਰੰਥਾਂ ਦੀ ਭਾਂਤ ਵਿਸ਼ੇਸ਼ ਅਸਥਾਨ ਰੱਖਦੇ ਹਨ, ਉਥੇ ਬ੍ਰਜ-ਭਾਸ਼ਾ ਦੀ ਰਚਨਾ ਵਿਚ ਕਾਵਿ-ਕਲਾ ਦੇ ਵੀ ਸੁੰਦਰ ਨਮੂਨੇ ਹਨ। ਸ਼ਹੀਦ ਜੀ ਦੀ ਰਚਨਾ ਵਿਚ ਸ਼ੁਰੂ ਸ਼ੁਰੂ ਵਿਚ ਕਈ ਥਾਈਂ ਕਾਵਿ-ਤੋਲ ਟੁਟਦਾ ਹੈ ਪ੍ਰੰਤੂ ਅਗੇ ਚਲ ਕੇ ਉਹ ਵੀ ਬੜੇ ਵੇਗ ਨਾਲ ਚਲਦੇ ਹਨ। ਅਜਿਹੇ ਗ੍ਰੰਥਾਂ ਦਾ ਪਾਠ ਪੰਜਾਬੀ ਅਤੇ ਹਿੰਦੀ ਦੇ ਵਿਦਿਆਰਥੀਆਂ ਅਤੇ ਵਿਦਵਾਨਾਂ ਲਈ ਅਵੱਸ਼ਕ ਹੈ ਕਿਉਂਕਿ ਇਨ੍ਹਾਂ ਨਾਲ ਸਾਡੀ ਪਿਛੋਕੜ ਵਧੇਰੇ ਪੱਕੀ ਹੁੰਦੀ ਹੈ ਅਤੇ ਸਾਨੂੰ ੧੯ ਵੀਂ ਸਦੀ ਦੇ ਪਿਛਲੇ ਹਿੱਸੇ ਅਤੇ ਵੀਹਵੀਂ ਸਦੀ ਦੇ ਆਦ ਕਾਲ ਦੀ ਪੰਜਾਬ ਦੀ ਰਚਨਾ ਦਾ ਗਿਆਨ ਹੁੰਦਾ ਹੈ।



Digitized by Panjab Digital Library | www.panjabdigilib.org

# ਗਿਆਨੀ ਗਿਆਨ ਸਿੰਘ ਦੀਆਂ ਹਿੰਦੀ-ਰਚਨਾਵਾਂ

ਸ਼ੁਰੂ ਸ਼ੁਰੂ ਵਿਚ ਜਦ ਮੈਂ ਗਿਆਨੀ ਗਿਆਨ ਸਿੰਘ ਜੀ ਦਾ ਪੰਥ ਪ੍ਰਕਾਸ਼ ਪੜ੍ਹਿਆ ਤਾਂ ਮੈਂ ਸਮਝਦਾ ਸੀ ਕਿ ਉਨ੍ਹਾਂ ਦੀ ਇਹੋ ਇਕ ਭਾਸ਼ਾ ਅਥਵਾ ਹਿੰਦੀ ਕਾਵਿ-ਰਚਨਾ ਹੈ, ਪਰ ਕੁਝ ਚਿਰ ਪਿਛੋਂ ਰਿਪੁਦਮਨ ਪ੍ਰਕਾਸ਼ ਦਾ ਪਹਿਲਾ ਭਾਗ ਪੜ੍ਹਨ ਤੇ ਪਤਾ ਲੱਗਾ ਕਿ ਨਾ ਕੇਵਲ ਪੰਥ ਪ੍ਰਕਾਸ਼. ਹੀ, ਸਗੋਂ ਕੁਝ ਹੋਰ ਰਚਨਾਵਾਂ ਵੀ ਗਿਆਨੀ ਜੀ ਨੇ ਇਸ ਸਬੰਧ ਵਿਚ ਕੀਤੀਆਂ ਸਨ। ਰਿਪਦਮਨ ਪ੍ਰਕਾਸ਼ ਦੇ ਪੰਜ ਭਾਗ ਸਨ। ਪਤਾ ਲਗਾ ਹੈ ਕਿ ਪਹਿਲੇ ਭਾਗ ਤੋਂ ਬਿਨਾ ਕਈ ਹੋਰ ਭਾਗ ਵੀ ਛਪ ਗਏ ਸਨ, ਪਰ ਉਹ ਕਿਥੇ ਗਏ, ਇਸ ਬਾਰੇ ਕੋਈ ਪਤਾ ਨਹੀਂ ਲਗਦਾ।

ਗਿਆਨੀ ਗਿਆਨ ਸਿੰਘ ਜੀ ਦੀਆਂ ਕੁਲ ਪੁਸਤਕਾਂ ਇਹ ਹਨ—(੧) ਇਤਿਹਾਸ ਗੁਰੂ ਖਾਲਸਾ (ਤਿੰਨ ਭਾਗ), (੨) ਸ਼ਮਸ਼ੇਰ ਖਾਲਸਾ, (੩) ਰਾਜ ਖ਼ਾਲਸਾ (ਦੋ ਭਾਗ), (੪) ਸਰਦਾਰ ਖਾਲਸਾ, (੫) ਪੰਥ ਖਾਲਸਾ, (੬) ਸੂਰਜ ਪ੍ਰਕਾਸ਼ (ਵਾਰਤਕ), (੭) ਪੰਥ ਪਰਕਾਸ਼, (੮) ਰਾਮਾਇਣ ਭਾਈ ਮਨੀ ਸਿੰਘ ਜੀ ਦੀ, (੯) ਤਵਾਰੀਖ ਅੰਮ੍ਰਿਤਸਰ, (੧੦) ਤਵਾਰੀਖ ਲਾਹੌਰ, (੧੧) ਪਤਿਤ ਪਾਵਨ, (੧੨) ਗੁਰਧਾਮ ਸੰਗ੍ਰਹ, (੧੩) ਭੁਪੇਂਦਰਾ ਨੰਦ, (੧੪) ਇਤਿਹਾਸ ਬਾਗੜੀਆਂ, (੧੫) ਰਿਪੁਦਮਨ ਪਰਕਾਸ਼ (ਪੰਜ ਭਾਗ), (੧੬) ਗੁਰਪੁਰਬ ਪਰਕਾਸ਼, (੧੭) ਅੰਕ ਪਰਕਾਰ, (੧੮) ਦੋਹਾਵਲੀ, (੧੯) ਪਰਸਨੋਤਰੀ, (੨੦) ਕਥਾ ਪੂਰਨਮਾਸੀ, (੨੧) ਨਿਰਮਲ ਪੰਥ ਪਰਦੀਪਿਕਾ, (੨੨) ਅਮ੍ਰਿਤ ਪ੍ਰਕਾਸ਼, (੨੩) ਕੰਵਲ ਫੂਲ ਮਾਲਾ, (੨੪) ਫੂਲ ਮਾਲਾ ਰਾਮਾਇਣ, (੨੫) ਟੀਕਾ ਗਰਬ-ਗੰਜਨੀ ਜਪੁ ਸਾਹਿਬ, (੨੬) ਨੀਤੀ ਪਰਕਾਸ਼, (੨੭) ਇਤਿਹਾਸ ਭਾਈ ਰੂਪ ਚੰਦ ਅਤੇ (੨੮) ਗਿਆਨੀ ਗਿਆਨ ਸਿੰਘ ਜੀ ਦੀ ਸਵੈ-ਲਿਖਤ ਜੀਵਨੀ। ਇਨ੍ਹਾਂ ਛਪੀਆਂ ਤੇ ਅਣਛਪੀਆਂ ਪੁਸਤਕਾਂ ਵਿਚੋਂ ਪੰਥ ਪਰਕਾਸ਼ ਤੇ ਰਿਪੁਦਮਨ ਪਰਕਾਸ਼ ਤੋਂ ਅਲਾਵਾ ਦੋ ਪੁਸਤਕਾਂ ਹੋਰ ਹਨ—(੧) ਦੋਹਾਵਲੀ ਤੇ (੨) ਪਰਸ਼ਨੋਤਰੀ, ਜਿਨ੍ਹਾਂ ਨੂੰ ਅਨੁਮਾਨ ਨਾਲ ਹਿੰਦੀ-ਰਚਨਾਵਾਂ ਕਿਹਾ ਜਾ ਸਕਦਾ ਹੈ, ਪਰ ਇਹ ਪੁਸਤਕਾਂ ਮੈਂ ਅਜੇ ਤਕ ਕਿਤੇ ਦੇਖੀਆਂ ਨਹੀਂ।

ਪੰਥ ਪਰਕਾਸ਼ ਅਤੇ ਰਿਪੁਦਮਨ ਪਰਕਾਸ਼, ਜਿਨ੍ਹਾਂ ਦੀ ਇਕ ਇਕ ਪਰਤੀ ਇਸ ਸਮੇਂ ਮੇਰੇ ਸਾਹਮਣੇ ਹੈ,ਭਾਸ਼ਾ ਤੇਕਵਿਤਾ ਦੇ ਨੁਕਤਾ ਨਿਗਾਹ ਤੋਂ ਜ਼ਰੂਰ ਹਿੰਦੀ ਰਚਨਾਵਾਂ ਹਨ। ਜਦ ਗਿਆਨੀ ਗਿਆਨ ਸਿੰਘ ਜੀ ਖੁਦ ਪੰਜਾਬੀ ਸਨ ਤੇ ਪੰਜਾਬੀ ਬੋਲੀ ਦੇ



Digitized by Panjab Digital Library | www.panjabdigilib.org

ਪਰਚਾਰ ਨਾਲ ਉਹ ਬੜੀ ਗਹਿਰੀ ਦਿਲਚਸਪੀ ਰਖਦੇ ਸਨ ਜਿਸ ਕਰਕੇ ਇਤਿਹਾਸ ਗੁਰੂ ਖਾਲਸਾ ਆਦਿ ਖੋਜ ਭਰੀਆਂ ਲਗ ਭਗ ਸਾਰੀਆਂ ਪੁਸਤਕਾਂ ਪੰਜਾਬੀ ਗੱਦ ਵਿਚ ਹੀ ਲਿਖੀਆਂ ਸਨ ਤਾਂ ਫਿਰ ਉਨ੍ਹਾਂ ਨੇ ਇਨ੍ਹਾਂ ਦੋ ਚਾਰ ਪੁਸਤਕਾਂ ਨੂੰ ਭਾਸ਼ਾ ਦਾ ਰੂਪ ਕਿਉਂ ਦਿੱਤਾ ? ਇਹ ਇਕ ਸਵਾਲ ਹੈ ਜਿਸ ਦਾ ਉਤਰ ਸ਼ੰਕਾ ਸਮਾਧਾਨ ਦੇ ਰੂਪ ਵਿਚ ਹੋਰ ਵੀ ਜ਼ਰੂਰੀ ਹੈ ; ਗਿਆਨੀ ਗਿਆਨ ਸਿੰਘ, ਜਿਵੇਂ ਕਿ ਉਨ੍ਹਾਂ ਦੀ ਹੱਥ ਲਿਖਤ ਸਵੈ ਜੀਵਨੀ ਤੋਂ ਪਤਾ ਲਗਦਾ ਹੈ, ਇਕ ਨਿਰਮਲੇ ਸਾਧੂ ਸਨ । ਸਿੱਖਾਂ ਵਿਚ ਨਿਰ-ਮਲਿਆਂ ਦੀ ਇਕ ਅਜਿਹੀ ਸੰਪਰਦਾਇ ਹੈ ਜੋ ਸ਼ੁਰੂ ਤੋਂ ਸੰਸਕ੍ਰਿਤ ਪੜ੍ਹਦੇ ਆਏ ਹਨ ਤੇ ਬਹੁਤਾ ਦੇਸ਼ਾਰਟਨ ਕਰਨ ਕਰਕੇ ਆਪਣੀ ਬੋਲ-ਚਾਲ ਤੇ ਲਿਖਣ-ਪੜ੍ਹਨ ਦੀ ਜ਼ਬਾਨ ਹਿੰਦੀ ਹੀ ਰਖਦੇ ਰਹੇ ਹਨ ਤਾਕਿ ਉਹ ਗੁਰੂ ਨਾਨਕ ਦੇ ਮਿਸ਼ਨ ਦਾ ਸੰਦੇਸ਼ ਸਮੁਚੇ ਭਾਰਤ ਦੀ ਜਨਤਾ ਨੂੰ ਉਸ ਬੋਲੀ ਰਾਹੀਂ ਦੇ ਸਕਣ ਜੋ ਦੇਸ ਵਿਚ ਸਭ ਥਾਂ ਬੜੀ ਆਸਾਨੀ ਨਾਲ ਸਮਝੀ ਜਾ ਸਕਦੀ ਹੈ । ਇਸੇ ਕਰ ਕੇ ਪੰਡਿਤ ਸਾਧੂ ਸਿੰਘ, ਤਾਰਾ ਸਿੰਘ ਨਰੋਤਮ, ਮੰਗਲ ਸਿੰਘ ਜੋਤਿਸ਼ੀ, ਸੰਗਤ ਸਿੰਘ ਤੋਲਾ ਵਾਲ (ਪਟਿਆਲਾ) ਆਦਿ ਸਭ ਦੀਆਂ ਸਾਹਿਤਕ-ਰਚਨਾਵਾਂ ਹਿੰਦੀ ਵਿਚ ਹੀ ਮਿਲਦੀਆਂ ਹਨ ।ਗਿਆਨੀ ਗਿਆਨ ਸਿੰਘ ਜੀ ਚੂੰਕਿ ਪੰਡਿਤ ਤਾਰਾ ਸਿੰਘ ਜੀ ਨਰੋਤਮ ਦੇ ਹੀ ਸਹਿਚਾਰੀ ਸਨ ਇਸ ਲਈ ਉਨ੍ਹਾਂ ਨੇ ਵੀ ਜੇ ਇਹੋ ਪੁਰਾਣਾ ਲਿਖਣ-ਢੰਗ ਆਪਣੀ ਕਵਿਤਾ ਵਿਚ ਅਪਣਾਇਆ ਤਾਂ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ ।

ਪੰਥ-ਪ੍ਰਕਾਸ਼ ਦੀ ਰਚਨਾ ਗਿਆਨੀ ਗਿਆਨ ਸਿੰਘ ਜੀ ਨੇ—ਕਿਵੇਂ ਕੀਤੀ, ਇਹ ਵੀ ਇਕ ਬੜੀ ਦਿਲਚਸਪੀ ਭਰੀ ਗੱਲ ਹੈ ਜਿਸ ਬਾਰੇ ਉਹ ਇਕ ਥਾਵੇਂ ਪੰਡਤ ਤਾਰਾ ਸਿੰਘ ਜੀ ਨਰੋਤਮ ਦਾ ਹਵਾਲਾ ਦਿੰਦੇ ਹੋਏ ਇਸ ਪੁਸਤਕ ਵਿਚ ਖੁਦ ਹੀ ਲਿਖਦੇ ਹਨ—

ਨਗਰ ਪਟਿਆਲਾ ਸੁਭ ਅਸਥਾਨਾ । ਫੂਲ ਬੰਸ ਜਹਿ ਭੂਪ ਮਹਾਨਾ ।  
ਰਹਿਤ ਸੰਤ ਇਕ ਉਤਮ ਤਹਾਂ । ਕਵਿ ਕੋਵਿਦ ਪ੍ਰਗਟ ਜਗ ਮਹਾਂ ।। ੩੦ ।।  
ਨਾਮ ਨਖਤ੍ਰ ਮ੍ਰਿਗੇਸ਼* ਮਹਾਨੂ । ਨਿਰਮਲ ਪੰਥ ਵੀਚ ਸਮ ਭਾਨੂ ।  
ਤਿਨ ਕੇ ਪਦ ਪੰਕਜ ਤੇ ਸਿਖਯ । ਪਾਇ ਹਰੇ ਭਵ ਦੁੱਖ ਸਮ ਬਿਖਯਾ ।।੩੧।।  
ਇਕ ਦਿਨ ਉਨ ਹਿਤ ਪਰ ਉਪਕਾਰੇ । ਯਹਿ ਆਗਯਾ ਮੁਹਿ ਦਈ ਉਦਾਰੇ ।।  
ਗ੍ਰੰਥ ਪੰਥ ਪਰਕਾਸ਼ ਸੁਹਾਵਨ । ਰਤਨ ਸਿੰਘ ਜੋ ਕੀਨ ਬਨਾਵਨ ।। ੩੧ ।।

---

*ਤਾਰਾ ਸਿੰਘ ਪੰਡਿਤ ।



Digitized by Panjab Digital Library | www.panjabdigilib.org

ਢੀਲੀ ਤਾਂਹਿ ਅਧਿਕ ਕਵਿ ਤਾਈ । ਮਤਲਬ ਥੋਰਾ ਬਹੁ ਫੈਲਾਈ ।
ਹੁਤੋ ਸਿੰਘ ਵਹ ਸੂਧਾ ਸਾਦਾ । ਕਵਿਤਾ ਕੀ ਨ ਲਖਤ ਮਰਯਾਦਾ ॥ ੩੩ ॥
ਜੈਸ ਗੁਰੂ ਕਾ ਪੰਥ ਰੰਗੀਲਾ । ਬੀਰ ਬਾਂਕਰੋ ਛੈਲ ਛਬੀਲਾ ॥
ਚਹੀਏ ਗਾਥ ਤਾਂਹਿ ਕੀ ਤੈਸੀ । ਦੇਵ ਅਨੁਰੂਪ ਬਲੀ ਹਵੈ ਜੈਸੀ ॥ ੩੪ ॥

ਇਸ ਤੋਂ ਬਿਨਾ ਅੱਗੇ ਚੱਲ ਕੇ ਇਹ ਵੀ ਦਸਿਆ ਹੈ ਕਿ ਸ: ਰਤਨ ਸਿੰਘ ਭੰਗੂ ਨੇ ਮਝੈਲ ਹੋਣ ਕਰਕੇ ਆਪਣੇ ਪੰਥ ਪ੍ਰਕਾਸ਼ ਵਿਚ ਮਝੈਲਾਂ ਦੀ ਉਪਮਾ ਤੇ ਮਲਵਈਆਂ ਦੀ ਨਿੰਦਾ ਕੀਤੀ ਹੈ ਜੋ ਇਕ ਅੱਛੇ ਲਿਖਾਰੀ ਲਈ ਜੋਗ ਨਹੀਂ, ਕਿਉਂਕਿ ਇਹ ਇਲਾਕਾ ਦਾਰੀ ਦੇ ਖ਼ਿਆਲ ਫੁੱਟ ਦੇ ਕਾਰਣ ਬਣ ਕੇ ਪੰਥਕ ਉਨਤੀ ਵਿਚ ਹਮੇਸ਼ਾ ਰੁਕਾਵਟ ਪਾਉਂਦੇ ਰਹੇ ਹਨ । ਇਸ ਤੋਂ ਅਲਾਵਾ ਇਕ ਦੰਦ-ਕਥਾ ਇਹ ਵੀ ਮਸ਼ਹੂਰ ਹੈ ਕਿ ਗਿਆਨੀ ਹੋਰਾਂ ਨੇ ਪ੍ਰਸਿਧ ਨਿਰਮਲੇ ਕਵੀ ਸੰਤ ਨਿਹਾਲ ਸਿੰਘ ਜੀ ਦਾ "ਅਕਾਲ ਨਾਟਕ" ਦੇਖ ਕੇ ਉਸ ਦੇ ਆਸ਼ੇ ਅਨੁਸਾਰ ਪੰਥ ਪ੍ਰਕਾਸ਼ ਦੀ ਰਚਨਾ ਕੀਤੀ ਸੀ, ਪਰ ਗਿਆਨੀ ਹੋਰਾਂ ਦੀ ਕਿਸੇ ਵੀ ਲਿਖਤ ਤੋਂ ਇਸ ਲੋਕਕ ਕਥਨ ਦੀ ਤਸਦੀਕ਼ ਨਹੀਂ ਹੁੰਦੀ ।

ਪੰਥ ਪ੍ਰਕਾਸ਼ ਗ੍ਰੰਥ ਤਿਆਰ ਹੋਣ ਤੋਂ ਪਹਿਲਾਂ ਦਿੱਲੀਓਂ ਪੱਥਰ ਦੇ ਛਾਪੇ ਵਿਚ ਤੇ ਫੇਰ ਦੂਜੀ ਤੀਜੀ ਵਾਰ ਲਾਹੌਰੋਂ ਤੇ ਅੰਮ੍ਰਿਤਸਰੋਂ ਸੰਨ ੧੮੮੯ ਵਿਚ ਕੁਝ ਨਵੇਂ ਵਾਧਿਆਂ ਸਹਿਤ ਪ੍ਰਕਾਸ਼ਤ ਹੋਇਆ । ਲਾਹੌਰ ਦੇ ਪ੍ਰਕਾਸ਼ਕ ਦੀਵਾਨ ਬੂਟਾ ਸਿੰਘ ਜੀ ਮਾਲਕ ਮਤਬਾ ਆਫ਼ਤਾਬ ਪੰਜਾਬ ਸਨ ਤੇ ਅੰਮ੍ਰਿਤਸਰ ਵਿਚ ਚਸ਼ਮੇ ਨੂਰ ਪ੍ਰਕਾਸ਼ । ਇਨ੍ਹਾਂ ਦੋਹਾਂ ਪ੍ਰਕਾਸ਼ਨਾਂ ਵਿਚੋਂ ਕੁਝ ਜਾਤੀ ਇਖ਼ਤਲਾਫ਼ ਦੇ ਕਾਰਨ ਪਹਿਲੀ ਛਾਪ ਅਧੂਰੀ ਸੀ ਤੇ ਦੂਜੀ ਵਾਰੀ ਇਸ ਦੀਆਂ ਕੁਲ ੧੧੦੦ ਪ੍ਰਤੀਆਂ ਪ੍ਰਕਾਸ਼ਿਤ ਹੋਈਆਂ ਸਨ । ਇਸ ਦੂਜੀ ਛਾਪ ਦੀ ਇਕ ਪ੍ਰਤੀ ਮਹਾਰਾਜਾ ਸਾਹਿਬ ਪਟਿਆਲਾ ਦੇ ਮੋਤੀ ਬਾਗ ਪੁਸਤਕਾਲੇ ਵਿਚ ਸੁਰੱਖਿਅਤ ਹੈ ਜੋ ਹਰ ਪਹਿਲੂ ਤੋਂ ਮੁਕੰਮਲ ਤੇ ਚੰਗੀ ਹਾਲਤ ਵਿਚ ਹੈ ।

ਸਾਹਿਤਕ ਨੁਕਤਾ ਨਿਗਾਹ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ, ਪੁਰਾਤਨ ਜਨਮ ਸਾਖੀ, ਭਾਈ ਗੁਰਦਾਸ ਦੀਆਂ ਵਾਰਾਂ (ਗਯਾਨ ਰਤਨਾਵਲੀ) ਆਦਿ ਕੁਝ ਚੋਣਵੀਆਂ ਪੰਜਾਬੀ ਰਚਨਾਵਾਂ ਨੂੰ ਛਡ ਕੇ ਬਾਕੀ ਸਿੱਖ-ਸਾਹਿਤ ਦੀਆਂ ਪ੍ਰਸਿਧ ਪੁਸਤਕਾਂ—ਗੁਰ ਮਹਿਮਾ ਪ੍ਰਕਾਸ਼, ਪ੍ਰਾਚੀਨ ਪੰਥ ਪ੍ਰਕਾਸ਼, ਗਰੂ ਨਾਨਕ ਪ੍ਰਕਾਸ਼, ਗੁਰ ਪ੍ਰਤਾਪ ਸੂਰਯ ਆਦਿ



Digitized by Panjab Digital Library | www.panjabdigilib.org

ਦੀ ਬੋਲੀ ਧਾਰਮਕ ਪ੍ਰਚਾਰ ਦੇ ਖ਼ਿਆਲ ਨੂੰ ਮੁਖ ਰੱਖ ਕੇ ਬ੍ਰਜ ਭਾਸ਼ਾ ਵਿਚ ਹੀ ਲਿਖਦੇ ਰਹੇ ਹਨ, ਇਸ ਲਈ ਗਿਆਨੀ ਗਿਆਨ ਸਿੰਘ ਜੀ ਵੀ, ਜਿਵੇਂ ਕਿ ਪਹਿਲਾਂ ਵੀ ਦੱਸਿਆ ਗਿਆ ਹੈ, ਇਸੇ ਸਾਹਿਤਕ ਲੜੀ ਦੇ ਮੋਤੀ ਸਨ । ਪੰਥ ਪ੍ਰਕਾਸ਼ ਵਿਚੋਂ ਗਿਆਨੀ ਹੋਰਾਂ ਦੀ ਹਿੰਦੀ ਰਚਨਾ ਦੇ ਕੁਝ ਨਮੂਨੇ ਇਹ ਹਨ :

ਵਾਹਿਗੁਰੂ ਵਰ ਮੰਤਰ ਰਾਜ ਉਚਾਰਣ ਤੈ ਅਪਾ ਓਘ ਨਸੈ ਹੈ।
ਦਾਸਨ ਕੀ ਭਵ ਪਾਸ ਬਿਨਾਸਨ ਯਾ ਸਮ ਔਰ ਨ ਕੋ ਕਲਿ ਮੈ ਹੈ।
ਚਾਰ ਪਦਾਰਥ ਔਰ ਪਰਮਾਰਥ, ਸਵਾਰਥ ਸਿੱਧ ਸਭੀ ਕਰ ਦੈ ਹੈ।
"ਗਯਾਨ ਹਰੀ" ਇਸ ਨਾਮ ਕੀ ਸਾਮ, ਧਰੀ ਮੁਧ ਮੰਗਲ ਦਾ ਲਖ ਕੈ ਹੈ।
ਸ੍ਰੀ ਗਰੂ ਨਾਨਕ ਦੇਵ ਦਿਵਾਕਰ, ਦਿਵਯ ਤਨੂ ਕਲਿ ਯਾ ਮਨਿਟਾਰੀ।
ਸੰਤਨ ਚਿੱਤ ਸਰੋਵਰ ਮੱਧ ਮਹੋਜੱਲ ਕੰਜ ਬਿਬੇਕ ਪਸਾਰੀ।
ਕਾਰਵਿ ਧਾਮ ਸਮਾਜ ਮਦਾਇਕ ਤਾਹਿ ਭਲੇ ਜਰ ਮੂਲ ਉਪਾਰੀ।
ਤਾਂ ਗੁਰੂ ਨਾਨਕ ਕੇ ਪਦ ਮੰਜਲ ਕੋ ਬਹੁ ਬੰਦਨ ਆਹਿ ਹਮਾਰੀ ॥੬॥
ਬਿਨ ਅੱਖਰ ਨਾਹਿ ਲਹੈ ਜਨ ਅੱਖਰ, ਬੋਧ ਬਿਨਾ ਨਹਿ ਅੱਖਰ ਹਾਨੀ।
ਨਹਿ ਨੀਤਿ ਅਨੀਤਿ ਪਛਾਨ ਪਰੈ, ਤਸ ਵੈਦਕ ਜੋਤਸ਼ ਮੰਤਰ ਖਾਨੀ।
ਪਰ ਹੈ ਨਹਿ ਮਾਨ ਪੁਰਾਨ ਪਛਾਣ, ਤੁ ਸਾਸਤ੍ਰ ਬੇਦ ਕੀ ਨਾਹਿ ਕਹਾਨੀ।
ਯਹਿ ਚੀਨ ਬਰਾਜਰ ਜਾਹਿ ਰਚੇ, ਨਮਿ ਤਾਹਿ ਕਰੋ ਪਦ ਪੰਕਜ ਸਾਨੀ ॥੭॥
ਜਗਤਾਰਨ ਕੇ ਅਵਤਾਰ ਭਯੋ, ਪਰਿਪੂਰਣ ਰੂਪ ਨਰਿੰਜਨ ਕੋ।
ਦੂਖ ਦਾਰਿਦ ਦੂਰ ਕਰੇ ਜਨ ਕੇ, ਕਰ ਖਗ ਗਹਯੋ ਖਲ ਗੰਜਨ ਕੋ।
ਪੁਨਿ ਪੰਥ ਪ੍ਰਚਾਰ ਕਰਯੋ ਜਗ ਮੈ, ਕਲਿ ਕੇ ਮਲ ਦੋਖ ਬਿਭੰਜਨ ਕੋ।
"ਹਰਿ ਗਯਾਨ" ਸਦਾ ਉਠਿ ਧਯਾਨ ਧਰੋ, ਦਸਵੇਂ ਗੁਰ ਕੇ ਪਦ ਕੰਜਨ ਕੋ ॥੧੬।

"ਰਿਪੁਦਨ ਪ੍ਰਕਾਸ਼", ਜੋ ਇਸ ਸੰਬੰਧ ਵਿਚ ਗਿਆਨੀ ਗਿਆਨ ਸਿੰਘ ਜੀ ਦੀ ਦੂਜੀ ਪੁਸਤਕ ਹੈ, ਦਰਬਾਰ ਪਟਿਆਲਾ ਵਲੋਂ ਸੰਨ ੧੯੧੭ ਈ: ਵਿਚ ਛਪੀ ਸੀ। ਇਸ ਪੁਸਤਕ ਦੇ ਪਹਿਲੇ ਭਾਗ ਵਿਚ ਜੋ ਇਸ ਸਮੇਂ ਮੇਰੇ ਸਾਹਮਣੇ ਹੈ, ਅਧਿਕਤਰ ਦੋਹਰੇ ਤੇ ਚੌਪਈਆਂ ਵਿਚ ਲਿਖਿਆ ਹੋਇਆ ਹੈ। ਕੁਝ ਕਬਿੱਤ ਤੇ ਛਪੈ ਵੀ ਇਸ ਵਿਚ ਦਿਤੇ ਹੋਏ ਹਨ, ਪਰ ਬੋਲੀ ਓਹੋ ਪੰਥ ਪ੍ਰਕਾਸ਼ ਵਾਲੀ ਹੀ ਹੈ, ਜੋ ਬ੍ਰਜ ਭਾਸ਼ਾ ਤਾਂ ਹੈ,



Digitized by Panjab Digital Library | www.panjabdigilib.org

ਪਰ ਸਧੁਕੜੀ ਬੋਲੀ ਦਾ ਰਲਮੱਡ ਹੋਣ ਕਰਕੇ ਏਨੀ ਠੁਕਦਾਰ ਨਹੀਂ ਕਹੀ ਜਾ ਸਕਦੀ। ਹਾਂ, ਇਹ ਅਹਿਮੀਅਤ ਜ਼ਰੂਰ ਹੈ ਕਿ ਇਹ ਪੁਸਤਕ ਉਨ੍ਹਾਂ ਦੀ ਹਿੰਦੀ ਰਚਨਾ ਹੈ, ਜਿਵੇਂ ਕਿ ਉਦਾਹਰਣ ਹਨ—

ਆਠ ਪਹਿਰ ਕਿਸ ਸੈਂ ਡਰੋ, ਕੌਨ ਸਹਾਇਕ ਸੰਧ
ਮਾਤ ਪਿਤਾ ਨੂੰ ਕੌਣ ਜਗ, ਕਹੋ ਗੁਰੋ ਸੁਖ ਸੰਧ ॥੪੬॥
ਬੁਰੇ ਕਾਮ ਤੇ ਡਰ ਪੀਏ, ਬੰਧੂ ਬਿਪਤ ਸਹਾਇ।
ਮਾਤ ਪਿਤਾ ਸੋਈ ਸਹੀ, ਪ੍ਰਿਤ ਪਾਲੈ ਸੁਖਦਾਇ।
ਕਰੇ ਵੈਰ ਨਿਰਵੈਰ ਸੰਗ ਜੋ। ਦੁਖੀ ਨਾਰਕੀ ਤੰਗ ਰਹੇ ਸੇ
ਮਾਨ ਭੰਗ ਮਾਨੀ ਕਾ ਕਰ ਹੈ। ਮਹਾਂ ਪਾਪ ਸੋ ਸੰਤ ਉਚਰ ਹੈ

(ਸਫਾ ੭੧)

ਦੋਸ਼ ਬਿਦਾਰ ਸ਼ਿੰਗਾਰ ਕਾਵਯ ਫਲ ਚਾਰ ਦਿਵੈਯਾ।
ਗੁਰ ਸਿਖਨ ਦੀ ਜਿੰਦ ਮੋਦ ਮਨ ਚਿੰਦ ਬਢੈਯਾ।
ਇੰਦ ਦਿਨਿੰਦ ਮਨਿੰਦ ਜਗਤ ਪ੍ਰਕਾਸ਼ ਕਰਨ ਵਰ।
ਕੰਦ ਅਨੰਦ ਮੁਕੰਦ ਬ੍ਰਿੰਦ ਆਪ ਬਿਘਨ ਦਰਨ ਕਰ।
ਜੋ ਸੁਨੈ ਪ੍ਰੇਮ ਧਰ ਨਾਰ ਨਰ ਆਦਿ ਗੁਰੂ ਨੇ ਚਰਿਤ ਯਹਿ।
ਆਤਮ'ਗਯਾਨ ਹਰਿ'ਭਗਤਿ ਯੁਤ,ਸਭ ਸੁਖ ਸੰਪਤਿ ਪਾਇ ਵਹਿ

(ਸਫਾ ੯੬—੯੭)

ਅੰਤ ਵਿਚ ਇਸ ਪੁਸਤਕ ਦੇ ਬਤੌਰ ਅੰਤਿਕਾ ਦੇ 'ਗੁਰਧਾਮ ਸੰਗ੍ਰਹਿ' ਨਾਮੀ ਇਕ ਵਖਰੀ ਪੁਸਤਕ ਹੈ ਜਿਸ਼ ਵਿਚ ਗੁਰਦਵਾਰਿਆਂ ਦੇ ਇਤਿਹਾਸਕ ਹਾਲ ਦਰਜ ਹਨ। ਇਹ ਅੰਤਿਕਾ ਰੂਪ ਪੁਸਤਕ ਪੰਜਾਬੀ ਗੱਦ ਵਿਚ ਹੈ। ਰਿਪੁਦਮਨ ਪ੍ਰਕਾਸ਼, ਜਿਸ ਦੇ ਹਵਾਲੇ ਉਪਰ ਦਿਤੇ ਗਏ ਹਨ, ਇਕ ਇਤਿਹਾਸਕ ਰਚਨਾ ਹੋਣ ਕਰ ਕੇ ਭਾਵੇਂ ਕਾਵਿ ਦੇ ਸੱਚੇ ਵਿਚ ਚੰਗੀ ਤਰ੍ਹਾਂ ਨਹੀਂ ਢਲ ਸਕੀ, ਪਰ ਫੇਰ ਵੀ ਇਤਿਹਾਸ ਦੇ ਨੁਕਤੇ ਤੋਂ ਇਸ ਦੀ ਖੋਜ ਸਬੰਧੀ ਮਹਾਨਤਾ ਉਸੇ ਤਰ੍ਹਾਂ ਕਾਇਮ ਰਹੇਗੀ ਜਿਵੇਂ ਕਿ ਪੰਥ ਪ੍ਰਕਾਸ਼ ਦੀ। ਰਿਪੁਦਮਨ ਪ੍ਰਕਾਸ਼ ਤੇ ਪੰਥ ਪ੍ਰਕਾਸ਼ ਇਹ ਦੋਵੇਂ ਪੁਸਤਕਾਂ ਗਿਆਨੀ ਗਿਆਨ ਸਿੰਘ ਦੀਆਂ ਅਮਰ ਰਚਨਾਵਾਂ ਹਨ ਜੋ ਪੰਜਾਬੀ ਪਾਠਕਾਂ ਲਈ ਹਮੇਸ਼ਾਂ ਦਿਲਚਸਪੀ ਦਾ ਕਾਰਨ ਬਣੀਆਂ ਰਹਿਣਗੀਆਂ।



Digitized by Panjab Digital Library | www.panjabdigilib.org

# ਗਿਆਨੀ ਗਿਆਨ ਸਿੰਘ ਦੇ ਪੁਰਖੇ

ਵਰਮੇਕੋ ਗੁਣੀ ਪੁਤਰ !
ਨ ਚ ਮੂਰਖ ਸਤਾਨਯਅਪਿ ।
ਏਕਸ ਚੰਦ੍ਰਮਾ ਸਤਮੋਹੰਤੀ
ਨ ਚ ਤਾਰਾ ਗਣੋ ਅਪਿ ॥

ਕਿਸੇ ਕੁਲ ਦੀ ਵਡਿਆਈ ਇਸ ਕਾਰਨ ਨਹੀਂ ਹੁੰਦੀ ਕਿ ਉਸ ਦੇ ਸੌ ਜਾਂ ਦੇ ਸੌ ਜੀਅ ਹਨ, ਸਗੋਂ ਇਸ ਲਈ ਹੁੰਦੀ ਹੈ ਕਿ ਵਿਚੋਂ ਕਿਸੇ ਨੇ ਸੰਸਾਰ ਲਈ ਕੀ ਕੀਤਾ ਹੈ ? ਸੌ ਮੂਰਖ ਪੁਤਰਾਂ ਨਾਲੋਂ ਇਕ ਗੁਣੀ ਪੁਤਰ ਚੰਗਾ ਹੈ । ਭਾਵੇਂ ਲਖ ਕਰੋੜ ਤਾਰੇ ਪਏ ਦੜ੍ਹਨ, ਪਰ ਅੰਧਕਾਰ ਨੂੰ ਤਾਂ ਇਕੱਲਾ ਸੂਰਜ ਹੀ ਲੋਪ ਕਰ ਸਕਦਾ ਹੈ । ਇਵੇਂ ਹੀ ਗਿਆਨੀ ਗਿਆਨ ਸਿੰਘ ਦੇ ਪੁਰਖੇ ਮਨੀ ਸਿੰਘ ਜੀ ਸ਼ਹੀਦ ਬਾਰੇ ਕਿਹਾ ਜਾ ਸਕਦਾ ਹੈ, ਉਨ੍ਹਾਂ ਦੀ ਸ਼ਹੀਦੀ ਸਦਕਾ ਗਿਆਨੀ ਜੀ ਦੀ ਕੁਲ ਦਾ ਯੱਸ ਸੁਰਜੀਵ ਹੈ । ਪਰ ਕੁਝ ਫਰਕ ਹੈ ਸਾਡੇ ਪਾਤਰ ਦੇ ਕੁਲ ਦਾ, ਇਹ ਕੁਲ ਉਸ ਬ੍ਰਹਮੰਡ ਵਾਂਗੂ ਹੈ ਜਿਸ ਦੇ ਸਾਰੇ ਸੱਯਾਰੇ ਰੌਸ਼ਨ ਹਨ । ਇਹ ਕੁਲ ਸ਼ਹੀਦਾਂ, ਦੇਸ਼ ਭਗਤਾਂ, ਰਬੀ ਭਗਤਾਂ ਤੇ ਯੋਧਿਆਂ, ਸੂਰੀਬੀਰਾਂ ਦੀਆਂ ਸਤ ਜੀਵਨੀਆਂ ਨਾਲ ਅਲੰਕ੍ਰਿਤ ਹੈ ।

ਜਿਵੇਂ ਮਨੀ ਸਿੰਘ ਦੀ ਗਾਥਾ ਕੁਰਬਾਨੀਆਂ ਭਰਪੂਰ ਹੈ ਉਵੇਂ ਇਸ ਦੀ ਜਨਮ ਭੂਮੀ ਲੌਂਗੋਵਾਲ ਦਾ ਇਤਿਹਾਸ ਉਜਾੜੇ ਵਸੇਂਵਿਆਂ ਦੀ ਲੰਬੀ ਗਾਥਾ ਹੈ। ਨਾਦਰ ਦੀ ਲੁਟ-ਖਸੁਟ,ਖੇਤ ਉਜਾੜੇ ਦੀ ਕਥਾ ਇਤਿਹਾਸ ਦੇ ਕਿਸਪਾਠਕ ਤੋਂ ਭੁਲੀ ਹੈ । ਕਹਿੰਦੇ ਹਨ ਉਹ ਹਨੇਰੀ ਵਾਂਗੂ ਆਇਆ ਤੇ ਬੁਲੇ ਵਾਂਗੂ ਵਿਦਾ ਹੋਇਆ । ਕੱਲੀ ਹਨੇਰੀ ਹੀ ਨਹੀਂ, ਸਗੋਂ ਨਿਰਾ ਮਾਰੂ ਤੁਫਾਨ । 'ਹੁਕਮ ਨਾਦਰੀ, ਕਹਿਰ ਕਾਦਰੀ' ਇਹ ਕਥਨ ਉਦੋਂ ਦੀ ਹੀ ਕਹਾਣੀ ਦਾ ਸਿਰਲੇਖ ਹੈ । ਗਿਆਨ ਸਿੰਘ ਨੇ ਪੰਥ ਪ੍ਰਕਾਸ਼ ਵਿਚ ਨਾਦਰੀ ਅਤਿਆਚਾਰ ਨੂੰ ਇਕ ਕਬਿਤ ਰਾਹੀਂ ਵਰਨਣ ਕੀਤਾ ਹੈ—

ਲੂਟ ਕੂਟ ਮਾਰਦੇਸ਼ ਗਏ ਸੋ ਉਜਾਰ ਬੇਸ ਕਤਲਾਮ ਆਮ ਤਿਨ ਕੀਨੀ ਦਿਲੀ ਜਾਇ ਹੈ ।
ਜਾਲਨ ਅਨਿਆਈ ਅਤੀ ਜਾਹਲ ਮਲੇਛ ਭੇਠ ਲਗਰ ਪਕਰ ਨਰ ਨਾਰ ਬਹੁਤਾਇ ਹੈ।
ਡਰਤ ਤਿਨੋ ਤੈ ਲੋਗ ਘਰ ਭਜ ਗਏ ਤਜ ਗਏਕਿਤ ਭਜੜੈਂ ਪਰੀ ਅਪਰ ਬਹੁ ਥਾਇ ਹੈ।
ਥੇਹ ਤਾਂਹਿ ਕਾਲਕੇ ਬਿਸਾਲ ਸੇ ਪਰੇ ਹੈ ਅਬ ਮਾਰੇ ਕਾਲ ਦਾਲ ਕੇ ਉਜੜ ਗਏ ਸਾਇ ਹੈ।



Digitized by Panjab Digital Library | www.panjabdigilib.org

ਇਥੇ ਦੁਲੱਟ ਨਾਮੀ ਭੱਟ, ਜੱਟ ਕਦੋਂ ਆ ਕੇ ਵਸੇ ਇਸ ਦਾ ਕੋਈ ਇਤਿਹਾਸਕ ਸਬੂਤ ਨਹੀਂ ਮਿਲਦਾ। ਪਰ ਲੌਂਗਾ ਸਿੰਘ ਦੁਲਟ ਦਾ ਨਾਂ ਸੁਨਣ ਵਿਚ ਆਉਂਦਾ ਹੈ। ਇਹ ਪਿੰਡ ਵੀ ਨਾਦਰੀ ਹਲਿਆਂ ਵਿਚ ਉਜੜ ਪੁਜੜ ਗਿਆ ਸੀ। ਕੁਝ ਅਵਸ਼ੇਸ਼(ਖੰਡਰ) ਹੀ ਬਾਕੀ ਰਹਿ ਗਏ ਸਨ। ਆਲਾ ਸਿੰਘ ਜੀ ਨੇ ਮਗਰੋਂ ਫੇਰ ਇਸ ਪਿੰਡ ਨੂੰ ਵਸਾਇਆ। ਅਤੇ ਲੌਂਗਾਂ ਸਿੰਘ ਦੇ ਨਾਂ ਤੋਂ ਇਸ ਪਿੰਡ ਦਾ ਨਾਂ ਲੌਂਗੋਵਾਲ ਪਿਆ ੧. ਜਦੋਂ ਗੁਰੂ ਗੋਬਿੰਦ ਸਿੰਘ ਜੀ(੧੬੦੬—੧੬੪੫ ਈਸਵੀ) ੨ 'ਅਕੋਈ'ਪਹੁੰਚੇ ਸਨ ਤਾਂ ਲੌਂਗਾ ਸਿੰਘ 'ਕੈਬੋਵਾਲ' ਰਹਿੰਦੇ ਸੀ। ਉਹ ਬੜਾ ਸਾਧ ਸੰਗਤ ਪਰੇਮੀ ਸੀ ਉਥੋਂ ਚਲ ਕੇ ਦਰਸ਼ਨਾਂ ਨੂੰ ਆਇਆ। ਮਨੀ ਸਿੰਘ ਇਹਨਾਂ ਦੇ ਸਕਿਆਂ ਵਿਚੋਂ ਸੀ ਜਾਂ ਰਿਸ਼ਤੇਦਾਰਾਂ ਵਿਚੋਂ ਇਸ ਦਾ ਪਕਾ ਸਬੂਤ ਨਹੀਂ ਮਿਲਦਾ। ਗੋਤ ਮਨੀ ਸਿੰਘ ਦਾ ਜ਼ਰੂਰ ਦੁਲਟ ਹੈ।

ਮਨੀ ਸਿੰਘ ਦਾ ਪ੍ਰਥਮ ਨਾਮ ਨਗਾਹੀਆ ਸੀ। ਬਚਪਨ ਦੀ ਕੋਈ ਹੋਰ ਗਾਥਾ ਨਹੀਂ ਮਿਲਦੀ। ਐਨਾ ਪਤਾ ਲਗਦਾ ਹੈ ਕਿ ਇਸ ਦਾ ਪਿਤਾ 'ਕਾਲਾ' ਇਸ ਨੂੰ ਗੁਰੂ ਗੋਬਿੰਦ ਸਿੰਘ ਦੇ (੧੬੭੫-੧੭੦੮ ਈਸਵੀ) ਚਰਨਾਂ ਵਿਚ ਛਡ ਗਿਆ ਸੀ। ਜਿਥੋਂ ਇਸ ਨੇ ਆਪਣੀ ਸਿਖਿਆ ਪ੍ਰਾਪਤ ਕੀਤੀ ਅਤੇ ਅਮ੍ਰਿਤ ਛਕ ਕੇ ਸਿੰਘ ਬਣ ਗਿਆ। ੩ ਲੰਗਰ ਦੇ ਭਾਂਡੇ ਮਾਂਜਣ ਤੇ ਵਿਦਿਆ ਪ੍ਰਾਪਤੀ ਕਰਨੀ ਦੋ ਹੀ ਲਕਸ਼ ਸਾਹਮਣੇ ਰਖੇ। ਹੌਲੀ ਹੌਲੀ ਜਦੋਂ ਕਾਫੀ ਗੁਣ ਦੀ ਪਰਾਪਤੀ ਹੋ ਗਈ ਤੇ ਬੁਧੀ ਚਾਤੁਰ ਹੋ ਗਈ ਤਾਂ ਗੁਰੂ ਜੀ ਨੇ ਪਰਖ ਕੇ ਉਸ ਨੂੰ ਕ੍ਰਿਪਾ ਦ੍ਰਿਸ਼ਟੀ ਕਰਕੇ ਪੋਥੀਆਂ ਦੀ ਸੇਵਾ ਸਾਂਭ ਦਿਤੀ। ਮਨੀ ਸਿੰਘ ਦੇ ਕੁਝ ਸਹਿਪਾਠੀ ਮਿਤਰਾਂ ਦੇ ਵੀ ਨਾਂ ਮਿਲਦੇ ਹਨ। ਜਿਵੇਂ ਨੰਦ ਲਾਲ,

---

੧. ਲੌਂਗਾ ਸਿੰਘ ਦੁਲਟ ਬਹਾਦਰ ਦਾਤਾਰ ਹੁਤੋ ਯਾਹੀ ਤੈ ਸੁ ਤਾਂਹੀ ਨਾਮ ਪਰ ਬਿਦਤਾਯੋ ਹੈ।

(ਪੰਥ ਪ੍ਰਕਾਸ਼)

੨. ਲੇਖ ਵਿਚ ਵਰਤੇ ਸੰਮਤ ਕਨਿਘੰਮ ਦੀ 'ਹਿਸਟਰੀ ਆਫ ਦੀ ਸਿਖਸ' ਵਿਚੋਂ ਲਏ ਗਏ ਹਨ।

੩. ਪੰਥ ਖਾਲਸਾ ਰਚਯੋ ਜਬ ਸਤਿਗੁਰ ਸੁਧਾ ਛਕਾਇ।
ਮਨੀ ਤੈ ਕਿਯ ਮਨੀ ਸਿੰਘ ਕੀਟ ਭਰਿੰਗੀ ਭਾਇ।

(ਪੰਥ ਪ੍ਰਕਾਸ਼)



Digitized by Panjab Digital Library | www.panjabdigilib.org

ਚੰਦਨ ਸਿੰਘ, ਕ੍ਰਮ ਸਿੰਘ, ਧਰਮ ਸਿੰਘ, ਗੰਡਾ ਸਿੰਘ, ਦ੍ਰਾਜ ਸਿੰਘ, ਹਰੀ ਸਿੰਘ, ਗਰਜਾ ਸਿੰਘ, ਬੀਰ ਸਿੰਘ, ਰਾਮ ਸਿੰਘ, ਦਰਬਾਰਾ ਸਿੰਘ ਆਦਿਕ। ਇਹ ਸਭ ਰਲ ਮਿਲਕੇ ਆਤਮ ਅਨਾਤਮ ਵਰਗੇ ਵਿਸ਼ਿਆਂ ਤੇ ਗੋਸ਼ਠੀਆਂ ਲਾਉਂਦੇ, ਬਹਿਸਾਂ ਕਰਦੇ। ੧ ਪਰ ਮਨੀ ਸਿੰਘ ਸਭ ਦਾ ਪਟੜੀ ਫੇਰ ਸੀ। ਮੇਰੂ ਪਰਬਤ ਦੀ ਮਨੀ ਵਾਂਗ ਲਿਸ਼ਕਦਾ ਸੀ —

ਮਨੀ ਸਿੰਘ ਮਣੀਏ ਸਮ ਮੇਰੈਂ,
ਸੋਹਿਤ ਤਿਨ ਮੈਂ ਗੁਨੀ ਬਧੇਰੇ।

ਸਮਾਂ ਲੰਘਦਾ ਗਿਆ। ਮਨੀ ਸਿੰਘ ਦੀ ਪ੍ਰਸਿਧੀ ਵਧ ਦੀ ਗਈ। ਸਾਦਾ ਰਹਿਣੀ ਤੇ ਨਿਤ ਦੀ ਲੰਗਰ ਸੇਵਾ ਨੇ ਲੋਕਾਂ ਨੂੰ ਮੋਹ ਲਿਆ ਸੀ :—

ਆਪ ਭੀ ਲਿਬਾਸ ਸੂਫੀਆਨਾ ਫਕਰੈਂ ਸਮਾਨਾ ਰਾਖਤੇ ਹਮੇਸ਼ ਵੇਸ ਔਰਨ ਉਢਾਵਤੋ।
ਲੰਗਰ ਮੈ ਲਾਵਤੋ ਛਕਾਵਤੋ ਸਭੀ ਕੋ ਸੋਊ ਜੋਊ ਕਿਛ ਕੋਊ ਦਵਾਰ ਮੈਂ ਚਢਾਵਤੋ।

ਵਿਦਵਾਨ ਪੁਰਸ਼ ਉਸ ਤਰ੍ਹਾਂ ਝੁਕ ਜਾਂਦੇ ਹਨ, ਨਮਰ ਹੋ ਜਾਂਦੇ ਹਨ ਜਿਵੇਂ ਬੋਝਲ ਫਲਾਂ ਨਾਲ ਲਦੇ ਰੁਖ ਦੀਆਂ ਡਾਹਣੀਆਂ। ਇਹ ਨਿਮਰਤਾ ਮਨੀ ਸਿੰਘ ਵਿਚ ਰਹੀ, ਪਰ ਕੁਝ ਸਮੇਂ ਸੰਸਾਰੀ ਹੋਣ ਦੇ ਨਾਤੇ ਕੁਝ ਅਭਿਮਾਨ ਦੀ ਗੁੜਤੀ ਵੀ ਲੱਗ ਗਈ। ਆਪ ਨੇ ਗੁਰੂ ਗਰੰਥ ਸਾਹਿਬ ਦੀ ਤਰਤੀਬ ਵਿਚ ਕੁਝ ਤਬਦੀਲੀਆਂ ਕਰ ਦਿਤੀਆਂ ਜਿਸ ਤੇ ਸੰਗਤ ਕਾਫੀ ਨਰਾਜ਼ ਹੋਈ ਅਤੇ ਆਪ ਜੀ ਨੂੰ ਰਲ ਨੇ ਸਰਾਪ ਦਿਤਾ ਗਿਆ :—

ਅੰਗ ਅੰਗ ਤੁਮ ਨਯਾਰੇ ਨਯਾਰੇ ਕੀਨੇ ਗੁਰੂ ਕੇ ਜੈਸੇ।
ਬੰਦ ਬੰਦ ਸਭ ਤੁਮਾਰੇ ਨਿਆਰੇ ਹੋਵਨ ਚਾਹੀਏ ਤੈਸੇ।

---

੧. ਆਤਮ ਔਰ ਅਨਾਤਮ ਕੇਰਾ।
ਨਿਰਨੇ ਕਰ ਹੈ ਸਦਾ ਬਧੇਰਾ।

(ਪੰਥ ਪ੍ਰਕਾਸ਼)



Digitized by Panjab Digital Library | www.panjabdigilib.org

ਸੰਗਤ ਦਾ ਇਹ ਸਰਾਪ ਆਪਨੇ ਹੁਕਮ ਕਰਕੇ ਮੰਨਿਆ ।

ਉਨ੍ਹਾਂ ਦਿਨਾਂ ਵਿਚ ਮਗਲਾਂ ਦਾ ਜਬਰ ਹੱਦ ਫੜ ਚੁੱਕਾ ਸੀ। ਸਭ ਪਾਸੇ ਤਰਾਹੀ ਤਰਾਹੀ ਮੱਚੀ ਹੋਈ ਸੀ। ਨਿੱਕੇ ਅਫਸਰ ਤੋਂ ਲੈਕੇ ਵੱਡੇ ਹੁਕਮਰਾਨ ਤੱਕ ਹਾਬੜੇ ਫਿਰਦੇ ਸਨ। ਲਾਹੌਰ ਦੇ ਨਵਾਬ ਨੇ ਗੁਰਦੁਆਰਿਆਂ ਦੀ ਬੇਅਦਬੀ ਭੀ ਆਰੰਭ ਰੱਖੀ ਸੀ। ਉਹਨੀ ਦਿਨੀ ਮਾਤਾ ਸੁੰਦਰੀ ਜੀ ਨੇ ਆਪ ਨੂੰ ਅਮ੍ਰਿਤਸਰ ਗੁਰਦੁਆਰੇ ਵਿਚ ਥਾਪਿਆ ਹੋਇਆ ਸੀ।*

ਮਨੀ ਸਿੰਘ ਕੋ ਮਮਸੁਤ ਜਾਨੋ
ਜੋ ਇਹ ਕੇਹੈ ਸੋ ਤੁਮ ਮਾਨੋ"

ਮਨੀ ਸਿੰਘ ਦੀ ਹਿੰਮਤ ਨਾਲ ਹੀ ਗੁਰਦੁਆਰੇ ਵਿੱਚ ਮਾੜਾ ਮੋਟਾ ਗਿਆਨ ਗੋਸ਼ਟ ਹੁੰਦਾ ਰਹਿੰਦਾ। ਉਹ ਕਿਵੇਂ ਨਾ ਕਿਵੇਂ ਧੰਨਮਾਲ ਦੇਕੇ ਜਾਂ ਚਾਪਲੂਸੀ ਰਾਹੀਂ ਲਾਹੌਰ ਦੇ ਨਵਾਬ ਨੂੰ ਵਰਾ ਵਰੂ ਕੇ ਰਖਦਾ:—

ਲੌਪੁਰ ਨਵਾਬ ਥਾ ਅਜਾਬ ਦੈ ਖਰਾਬ ਜਬ ਭਾਵ ਜਬ ਪੰਥ ਕੋ ਪੰਜਾਬ ਤੇ ਨਿਕਾਰਤੋ।
ਤੁਰਕ ਬੇਅੱਦਬੀ ਦਰਬਾਰ ਕੀ ਕਰਨ ਆਤੇ ਕੇਹੁੰ ਕੇਹੂੰ ਭਾਤ ਮਨੀ ਸਿੰਘ ਤਿਨੈ ਟਾਰਤੋ
ਹੁਤ ਅਤਿਦਾਨਾ ਮੇਲ ਰਾਖਤੋ ਮਹਾਨਾਂ ਤੁਰਕਾਨਾਂ ਹਿੰਦਵਾਨਾ ਗਾਥਾਗਾਇ ਚਿਤ ਢਾਰਤੋ।
ਕਾਹੂੰ ਦੈ ਦਰਬ ਕਾਹੂੰ ਗਯਾਨ ਸੈਂ ਗਰਬ ਤੋਰ ਸਰਬ ਪ੍ਰਕਾਰ ਗੁਰਦਵਾਰ ਕੋ ਉਬਾਰਤੋ।

ਕਿੰਨੇ ਹੀ ਵਰ੍ਹਿਆਂ ਤੋਂ ਦੀਪ ਮਾਲਾ ਦਾ ਮੇਲਾ ਐਵੇਂ ਹੀ ਲੰਘ ਰਿਹਾ ਸੀ। ਇਸ ਵਾਰੀ ਆਲੇ ਨਵਾਬ ਨੂੰ ਪੰਜ ਹਜ਼ਾਰ ਰੁਪਿਆ ਝੋਕ ਕੇ ਆਗਿਆ ਲਈ। ਪਰੰਤੂ ਹੋਇਆ ਆਸ ਉਲਟ। ਉਸਦਾ ਖਿਆਲ ਸੀ ਸੰਗਤ ਆਵੇ ਗੀ ਮਾਇਆ ਚੜ੍ਹੇਗੀ। ਘਾਟਾ ਪੂਰਾ ਹੋ ਜਾਵੇਗਾ ਨਾਲੇ ਦੀਪ ਮਾਲਾ ਦਾ ਮੇਲਾ ਵੀ ਲਗ ਜਾਵੇਗਾ। ਪਰ

* ਆਪ ਜੀ ਨੇ ਮਾਤਾ ਸੁੰਦਰੀ ਦੀ ਭਰਪੂਰ ਸੇਵਾ ਕੀਤੀ ਸੀ। ਜਦੋਂ ਗੁਰੂ ਗੋਬਿੰਦ ਸਿੰਘ ਜੀ ਅਨੰਦ ਪੁਰੀ (੧੭੦੧ ਈਸਵੀ) ਛੱਡ ਗਏ ਤਾਂ ਆਪ ਨੇ ਮਾਤਾ ਜੀ ਨੂੰ ਹਿਫ਼ਾਜ਼ਤ ਨਾਲ ਦਿੱਲੀ ਪਹੁੰਚਾਇਆ ਜਦੋਂ ਗੁਰੂ ਜੀ ਜੋਤੀ ਜੋਤ ਸਮਾਏ (੧੭੦੮ ਈਸਵੀ) ਤਾਂ ਵੀ ਆਪ ਮਾਤਾ ਜੀ ਨਾਲ ਰਹੇ ! ਜਦੋਂ ਅਮ੍ਰਿਤਸਰ ਮਾਇਆ ਦੀ ਵੰਡ ਦਾ ਝਗੜਾ ਹੋ ਗਿਆ ਤਾਂ ਮਾਤਾ ਜੀ ਨੇ ਆਪਨੂੰ ਉਥੇ ਭੇਜਿਆ ਆਪ ਨੇ ਛੇਤੀ ਸੁਲਾਹ ਕਰਾ ਦਿੱਤੀ ਤੇ ਸਾਰੀ ਮਾਇਆ ਮਾਤਾ ਜੀ ਨੂੰ ਭੇਜਣੀ ਸ਼ੁਰੂ ਕਰ ਦਿੱਤੀ।



Digitized by Panjab Digital Library | www.panjabdigilib.org

ਨਵਾਬ ਦੇ ਕਰਮਚਾਰੀਆਂ ਨੇ ਆਉਂਦੇ ਸਿੰਘ ਰਾਹਾਂ ਵਿਚੋਂ ਮੋੜ ਦਿਤੇ, ਕੱਠੇ ਹੋਏ ਤਿਤਰ ਬਿਤਰ ਕਰ ਦਿੱਤੇ, ਅਤੇ ਸਮੇਤ ਵੀਹ ਸਿੰਘਾਂ ਤੇ ਮਨੀ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਕਾਜ਼ੀਆਂ ਨੇ ਫਤਵੇ ਲਾਏ ਅਤੇ ਕਿਵੇਂ ਨਾ ਕਿਵੇ ਆਪਨੂੰ ਦੋਸ਼ੀ ਠਹਿਰਾਇਆ ਤੇ ਨਿਆਏ ਦਿੱਤਾ ਕਿ ਇਸ ਤਰ੍ਹਾਂ ਕਹੋ ਕਿ ਨਹੀਂ ਤਾਂ ਸਾਰੀ ਮਾਇਆ ਦੇ ਦੇਵੇ ਨਹੀਂ ਤਾਂ ਮੁਸਲਮਾਨ ਬਣ ਜਾਵੇ। ਪਰ ਮਨੀ ਸਿੰਘ ਨੇ ਕੋਰਾ ਇਨਕਾਰ ਕਰ ਦਿੱਤਾ। ਨਵਾਬ ਨੇ ਕਰੋਧਿਤ ਹੋਕੇ ਕਿਹਾ ਕਿ ਇਹ ਬਹੁਤ ਵੱਧ ਗਿਆ ਹੈ। ਹੁਕਮ ਅਦੂਲੀ ਕਰਦਾ ਹੈ ਇਹਨੂੰ ਕਰੜੀ ਤੋਂ ਕਰੜੀ ਸਜ਼ਾ ਦਿਉ। ਨਿਯਤ ਹੋਇਆ ਕਿ ਮਨੀ ਸਿੰਘ ਦੇ ਬੰਦ ਬੰਦ ਕਟੇ ਜਾਣ। ਮਨੀ ਸਿੰਘ ਨੇ ਇਹ ਸਜ਼ਾ ਸਹਰਸ਼ ਸਵੀਕਾਰ ਕੀਤੀ। ਅਤੇ ਸੰਗਤ ਦੇ ਸਰਾਪ ਨੂੰ ਜੀ ਆਇਆਂ ਕਿਹਾ। ਇਕ ਕੰਡਾ ਚੁੱਭ ਜਾਏ ਜਿੰਦ ਕਲਵਲ ਕਲਵਲ ਹੋ ਉੱਠਦੀ ਹੈ। ਪਰ ਆਪ ਨੇ ਸੀ ਨਾ ਕੀਤੀ। ਲਕੜ ਦੀ ਪੁਤਲੀ ਜਿਵੇਂ ਚੀਰੀ ਜਾਂਦੀ ਹੈ ਇਵੇਂ ਬਿਨਾਂ ਕਿਸੇ ਹੀਲ ਹੁੱਜਤ ਤੋਂ ਆਪਨੇ ਬੰਦ ਬੰਦ ਕਟਵਾਏ (ਕਠਪੁਤਰੀ ਸਮ ਸਿੰਘ ਕਟਾਵੈ ਅੰਗ ਅਪਨੇ ਬੈਠਾ) ਸ਼ਹੀਦ ਦੀ ਪਰੀਭਾਸ਼ ਹੈ ਉਹ ਆਦਮੀ ਜਿਹੜਾ ਰੱਬ ਦੀ ਰਾਹ ਵਿਚ ਧਰਮ ਲਈ ਲੜਦਾ ਮਾਰਿਆ ਜਾਵੇ, ਸ਼ਹੀਦ ਹੈ। ਆਪਾ ਕੁਰਬਾਨ ਕਰ ਦੇਣ ਵਾਲਾ ਵੀ ਸ਼ਹੀਦ ਅਖਵਾਉਂਦਾ ਹੈ।੧ ਉਹ ਆਦਮੀ ਵੀ ਸ਼ਹੀਦ ਹੈ ਜਿਹੜਾ ਆਪਣੇ ਵਿਸ਼ਵਾਸ ਅਥਵਾ ਮਤ ਲਈ ਮਰੇ ਅਥਵਾ ਮਾਰਿਆ ਜਾਵੇ੨। ਭਾਈ ਸਾਹਿਬ ਨੇ ਇਹ ਸਾਰੀਆਂ ਸ਼ਰਤਾਂ ਪੂਰੀਆਂ ਕੀਤੀਆਂ। ਅਤੇ ਦੇਸ਼, ਜਾਤੀ ਲਈ ਲਾਜ਼ਮੀ ਕੁਰਬਾਨੀ ਕੀਤੀ। ਆਪਣੀ ਪੁਸਤਕ 'ਪੰਥ ਪ੍ਰਕਾਸ਼' ਵਿੱਚ ਸ਼ਰਧਾ ਦੇ ਫੁੱਲ ਚੜ੍ਹਾਦਿਆਂ ਗਿਆਨੀ ਗਿਆਨ ਸਿੰਘ ਜੀ ਨੇ ਆਪਨੇ ਪੁਰਖੇ ਮਨੀ ਸਿੰਘ ਬਾਰੇ ਲਿਖਿਆ ਹੈ—

ਮਰਨ ਸਭਨ ਕੇ ਮੂੰਡ ਪਰ ਸਫਲ ਮਰਨ ਹੈ ਤਾਂਹਿ
ਤਨਕ ਵਿਖੈ ਤਨਕੋ ਤਜੈ ਪ੍ਰਿਯ ਸੋ ਪ੍ਰੀਓ ਨਿਬਾਹਿ
ਸਬਲੌ ਯਹ ਜਗ ਰਹੈਯੋ ਜਲ ਅਗਨੀ ਸਸਿ ਸੂਰ
ਮਨੀ ਸਿੰਘ ਕਾ ਰਹੈਗੋ ਤਬ ਲੌ ਜਸ ਭਰਪੂਰ

---

੧ ਬ੍ਰਿਦ ਹਿੰਦੀ ਕੋਸ਼ ਗਿਆਨ ਮੰਡਲ. ਬਨਾਰਸ ਸੰਮਤ ੨੦੦੯.

੨ ਦੀ ਚਿਲਡਰਨਜ਼ ਡਿਕਸ਼ਨਰੀ, ਸ. ਹੈਰੋਲਡ ਵੀਲਰ-ਜਿਲਦ ਪੰਜਵੀਂ



Digitized by Panjab Digital Library | www.panjabdigilib.org

ਧੰਨਯ ਧੰਨ ਸਭ ਜਨ ਕਹੋ ਮਨੀ ਸਿੰਘ ਕੇ ਤਾਂਇ

ਆਪ ਝਰਖੋਂ ਜੋ ਤਾਰਕੇ ਇੱਕੀ ਕੁਲ ਬਿਦਤਾਇ

ਇਸ ਲਾਸਾਨੀ ਸ਼ਹੀਦ ਦੇ ਕੁੱਲ ਬਾਰੇ ਸਾਨੂੰ ਥੋੜੀ ਬਹੁਤ ਜਾਣਕਾਰੀ ਮਿਲਦੀ ਹੈ। 'ਪੰਥ ਪ੍ਰਕਾਸ਼' ਵਿਚ ਆਪ ਜੀ ਦੇ ਸਤ* ਪੁੱਤਰਾਂ ਦਾ ਹੋਣਾ ਲਿਖਿਆ ਮਿਲਦਾ ਹੈ। ੮. ਅਘੜ ਜਿੰਘ, ਥਰਾਜ ਸਿੰਘ ਤੇ ਦਰਗਾਹਾ ਸਿੰਘ ਇਹ ਤਿਨਾਂ ਨੇ ਤਾਂ ਸ਼ਹੀਦਿਆਂ ਪਾਈਆਂ, ਧਰਮ ਹੇਤ ਲੜੇ, ਬਾਕੀ ਦੇ ਚਾਰ, ਰੁਘਾ ਸਿੰਘ, ਸੁਜਾਨ ਸਿੰਘ, ਬਖਤਾ ਸਿੰਘ ਤੇ ਬੀਰ ਸਿੰਘ ਲੌਂਗੋਵਾਲ ਆ ਟਿਕੇ ਜਿਥੇ ਇਹਨਾਂ ਦੀ ਕੁਲ ਕਾਫੀ ਪਨਪੀ। ਇਨ੍ਹਾਂ ਸਾਰਿਆਂ ਭਰਾਵਾਂ ਵਿਚੋਂ ਥਰਾਜ ਸਿੰਘ ਬਾਰੇ ਕਾਫੀ ਵਾਕਫੀਅਤ ਮਿਲਦੀ ਹੈ। ਇਸਨੂੰ ਬਹੁਤ ਸੁਖਈ ਆਖਦੇ ਹਨ। ੯. ਕਿਉਂਕਿ ਇਹ ਸੁੱਖਾ ਰਗੜ ਕੇ ਪੀਂਦਾ ਹੁੰਦਾ ਸੀ। ਇਸਨੇ ਨਵਾਬ ਕਪੂਰ ਸਿੰਘ ਨਾਲ ਮਿਲ ਕੇ ਕਈ ਲੜਾਈਆਂ ਲੜੀਆਂ ਅਤੇ ਆਪਣੀ ਸ਼ਕਤੀ ਦੇ ਜੌਹਰ ਦਿਖਾਏ। ਜਲੰਧਰ ਵਿੱਚ ਹੋਈ ਮੁਠ ਭੇੜ ਵਿੱਚ ਆਪਨੇ ਨਵਾਬ ਨੂੰ ਘੇਰੇ ਵਿੱਚ ਬਚਾਇਆ। ਨਵਾਬ ਨੇ ਪ੍ਰਸੰਨ ਹੋ ਕੇ ਥਰਾਜ ਸਿੰਘ ਨੂੰ ਕਾਫੀ ਜਗੀਰ ਇਨਾਮ ਵਜੋਂ ਦੇ ਦਿੱਤੀ। (ਦਏ ਜਗੀਰ ਗ੍ਰਾਮ ਤ੍ਰੈ ਤਾਹੀ ਪੰਥ ਪ੍ਰਕਾਸ਼) ਫੇਰ ਇਕ ਲੜਾਈ ਵਿਚ ਲੜਦਿਆਂ 'ਘਨੌਲੀ' ਵਿਖੇ ਆਪਨੇ ਸ਼ਹੀਦੀ ਪਾਈ। ਉਥੇ ਆਪਜੀ ਦੀ ਸਮਾਧ ਬਣਾ ਦਿੱਤੀ ਗਈ)

ਤਹਾਂ ਸ਼ਹੀਦ ਗੰਜ ਅਬ ਤੈਹੈਂ

ਪੂਜਤ ਸਬ ਜਨ ਬਾਂਛਤ ਪੈਹੈਂ

ਨਵਾਬ ਨੇ ਥਰਾਜ ਸਿੰਘ ਦੀ ਸ਼ਹੀਦੀ ਉਪਰੰਤ ਉਸਦੇ ਭਰਾ ਰੁਘਾ ਸਿੰਘ ਨੂੰ ਬੁਲਾਕੇ ਉਸਦੀ ਸਾਰੀ ਜਗੀਰ ਉਸਨੂੰ ਸਾਂਭ ਦਿੱਤੀ ਅਤੇ 'ਸੁਰਤਾ ਪੁਰ' ਦੀ ਠਾਣੇਦਾਰੀ ਨਾਲ ਸੌ ਘੋੜ ਸਵਾਰਾਂ ਦੇ ਅੱਲਕ੍ਰਿਤ ਕੀਤਾ। ਹੌਲੀ ਹੌਲੀ ਇਹ ਜਗੀਰ ਪੁਤਰ ਪੋਤਰਿਆਂ ਨੇ ਉਸ ਤੋਂ ਖੋਹ ਖਿਚ ਲਈ। ਉਹ ਨਿਰਾਸ ਹੋਕੇ ਪਟਿਆਲੇ

---

* ਬਹੁਤੇ ਇਹ ਗਲ ਨਹੀਂ ਮੰਨਦੇ। ਵਿਚਾਰ ਹੈ ਕਿ ਇਹ ਸਭ ਆਪ ਜੀ ਦੇ ਭਤੀਜੇ ਸਨ। ਇਸ ਗੱਲ ਦਾ ਮਾੜਾ ਜਿਹਾ ਇਸ਼ਾਰਾ ਪੰਥ ਪ੍ਰਕਾਸ਼ ਵਿਚ ਵੀ ਮਿਲਦਾ ਹੈ।

੯. ਸੁਖ ਨਿਧਾਨ ਕੀ ਦੇਗ ਚਲਾਂਵੇ। ਕਯੋਂ ਸੁਖਈ ਬਿਦਤ ਸਭ ਭਾਵੇ (ਪੰਥ ਪ੍ਰਕਾਸ਼)



Digitized by Panjab Digital Library | www.panjabdigilib.org

ਮਹਾਰਾਜਾ ਕਰਮ ਸਿੱਘ ਕੋਲ ਜਾ ਟਿਕਿਆ ਤੇ ਰਹਿੰਦੀ ਆਯੂ ਉਥੇ ਬਤੀਤ ਕੀਤੀ। ਅਘੜ ਸਿੰਘ ਨੇ ਵੀ ਕਈਆਂ ਲੜਾਈਆਂ ਲੜੀ। ਉਹ ਵੀ ਇਕ ਮਹਾਨ ਜੋਧਾ ਸੀ। ਦਰਗਾਹਾ ਸਿੰਘ ਨੇ ਪਹਿਲਾਂ ਤਾਂ ਕਈ ਲੜਾਈਆਂ ਲੜੀਆਂ ਪਰ ਅਸ਼ੋਕ ਵਾਂਗੂ ਛੇਤੀ ਹੀ ਵਿਰਾਗੀ ਹੋ ਗਿਆ ਅਤੇ ਭਾਈ ਸਿੰਘ ਦੀ ਸ਼ਹੀਦੀ ਪਿਛੋਂ ਤਾਂ ਉਹ ਸਟਫੀਨ ਜ਼ਵਿਗ ਦੇ ਉਪਨਿਆਸ ਵਿਰਾਟ ਦੇ ਨਾਇਕ ਵਿਰਾਟ ਵਾਂਗ ਵਿਰਕਤ ਹੋ ਗਿਆ ਅਤੇ ਗੰਗਾ ਕਿਨਾਰੇ ਜਾਕੇ ਝੁਗੀ ਪਾ ਲਈ ਅਤੇ ਉਥੇ ਹੀ ਜੀਵਨ ਦੀ ਬਾਕੀ ਘੜੀ ਲੰਘਾਈ। ਬਾਕੀ ਭਰਾਵਾ ਦੇ ਜੀਵਨ ਬਾਰੇ ਕੋਈ ਵਾਕਫੀਅਤ ਨਹੀਂ ਮਿਲਦੀ। ਇਸਦਾ ਵੱਡਾ ਕਾਰਨ ਇਹ ਹੈ ਕਿ ਇਸ ਪਛੜੇ ਇਲਾਕੇ, ਮਾਲਵੇ ਦੀ ਪੁੱਛ ਹੀ ਕਦ ਹੋਈ ਹੈ ਅਤੇ ਨਾਂ ਹੀ ਕੋਈ ਇਥੋਂ ਦਾ ਹਿੰਮਤ ਤੇ ਸਹਾਸ ਕਰ ਸਕਿਆ ਹੈ ਕਿ ਉਹ ਖੋਜੇ ਖਿੰਝੇ। ਇਸੇ ਕਾਰਨ ਹੀ ਮਾਲਵੇ ਦਾ ਸਾਰਾ ਇਤਿਹਾਸ ਹਾਲੇ ਧਰਤੀ ਦੇ ਗਰਭ ਵਿਚ ਲੁਕਿਆ ਪਿਆ ਹੈ। ਗਿਆਨੀ ਗਿਆਨ ਸਿੰਘ ਤਾਈਂ ਫੇਰ ਸਾਨੂੰ ਕੁਝ ਵੀ ਪਤਾ ਨਹੀਂ ਲਗਦਾ ਜੋ ਥੋੜੀ ਬਹੁਤ ਵਾਕਫੀਅਤ ਮਿਲਦੀ ਵੀ ਹੈ ਉਸਦੇ ਠੋਸ ਸਬੂਤਵੀ ਨਹੀਂ ਮਿਲਦੇ।

ਗਿਆਨੀ ਗਿਆਨ ਸਿੰਘ ਜੀ ਅਜੇਹੀ ਮਹਾਨ ਕੁਲ ਵਿਚ ਉਤਪੰਨ ਹੋਏ ਸਨ ਜਿਸਦੇ ਪੂਰਖੇ ਸ਼ਹੀਦ, ਹਠੀ, ਤਪੀ, ਮੁਰੀਦ, ਯੋਧੇ ਤੇ ਬਲਵਾਨ ਸਨ। *

* ਇਸ ਲੇਖ ਵਿਚ ਵਰਤੀਆਂ ਗਈਆਂ ਸਾਰੀਆਂ ਕਾਵਿ ਕਾਰਤਾਂ ਪੰਥ ਪ੍ਰਕਾਸ਼ ਵਿਚੋਂ ਲਈਆਂ ਗਈਆਂ ਹਨ।



Digitized by Panjab Digital Library | www.panjabdigilib.org

# ਗਿਆਨੀ ਗਿਆਨ ਸਿੰਘ ਦੀ ਵਾਰਤਕ

ਗਿਆਨੀ ਗਿਆਨ ਸਿੰਘ ਆਪਣੇ ਸਮੇਂ ਦੇ ਉਘੇ ਤੇ ਮਹਾਨ ਇਤਿਹਾਸਕਾਰ ਸਨ। ਆਪ ਤੋਂ ਪਹਿਲਾਂ ਸਿਖ ਗੁਰੂ ਸਾਹਿਬਾਨ ਦੇ ਜੀਵਨ, ਸਿਖ ਇਤਿਹਾਸ ਤੇ ਸਿਖੀ ਰਹਿਤ ਮਰਯਾਦਾ ਬਾਰੇ ਕੋਈ ਪਰਮਾਣੀਕ ਜਾਣਕਾਰੀ ਆਮ ਲੋਕਾਂ ਨੂੰ ਨਹੀਂ ਸੀ ਮਿਲਦੀ। ਗਿਆਨੀ ਜੀ ਨੇ ਕਈ ਵਰ੍ਹਿਆਂ ਦੀ ਘਾਲਣਾ ਤੇ ਖੋਜ ਤੋਂ ਉਪਰੰਤ ਸਮੁਚੇ ਸਿਖ ਇਤਿਹਾਸ ਦੀ ਸਾਮੱਗਰੀ ਇਕੱਤ੍ਰ ਕੀਤੀ ਤੇ ਇਸ ਨੂੰ "ਪੰਥ ਪ੍ਰਕਾਸ਼" ਨਾਂ ਹੇਠ ਪ੍ਰਕਾਸ਼ਤ ਕੀਤਾ। ਇਹ ਮਹਾਨ ਗਰੰਥ ਕਵਿਤਾ ਵਿਚ ਹੈ ਤੇ ਪ੍ਰਚੱਲਤ ਰਿਵਾਜ ਅਨੁਸਾਰ ਉਸ ਦੀ ਭਾਸ਼ਾ ਬ੍ਰਜੀ ਹੈ। ਬ੍ਰਜੀ ਪੰਜਾਬ ਵਿਚ ਭਾਈ ਗੁਰਦਾਸ ਜੀ ਨਾਲ ਆਈ। ਭਾਵੇਂ ਭਾਈ ਸਾਹਿਬ ਦੀਆਂ ਵਾਰਾਂ ਸ਼ੁਧ ਪੰਜਾਬੀ ਵਿਚ ਹੀ ਹਨ ਪਰ ਕਬਿੱਤ ਤੇ ਸਵੱਈਏ ਬ੍ਰਜ ਭਾਸ਼ਾ ਵਿਚ ਲਿਖ ਕੇ ਉਨ੍ਹਾਂ ਨੇ ਇਸ ਭਾਸ਼ਾ ਨੂੰ ਸਿਖ ਵਿਦਵਾਨਾਂ ਤਕ ਪੁਚਾ ਦਿਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਲਗ ਪਗ ਸਾਰੀ ਰਚਨਾ (ਸਵਾਇ ਚੰਡੀ ਦੀ ਵਾਰ ਤੇ ਇਕ ਦੋ ਸ਼ਬਦਾਂ ਦੇ) ਬ੍ਰਜ-ਭਾਸ਼ਾ ਵਿਚ ਹੀ ਹੈ। ਉਨ੍ਹਾਂ ਦੇ ਦਰਬਾਰੀ ਕਵੀਆਂ ਨੇ ਵੀ ਬ੍ਰਜੀ ਨੂੰ ਹੀ ਅਪਣਾਇਆ ਤੇ ਇਸ ਤਰ੍ਹਾਂ ਪੰਜਾਬ ਦੇ ਹਿੰਦੂ ਸਿਖ ਸਾਹਿਤਕ ਘੇਰਿਆਂ ਵਿਚ ਉਨੀਵੀਂ ਸਦੀ ਦੇ ਅਖੀਰ ਤਕ ਵਿਸ਼ੇਸ਼ ਕਰ ਕੇ ਬ੍ਰਜ ਭਾਸ਼ਾ ਦੀ ਪ੍ਰਧਾਨਤਾ ਰਹੀ ਪਰ ਪੰਜਾਬੀ ਵਿਦਵਾਨਾਂ ਵਲੋਂ ਲਿਖੀ ਗਈ ਬ੍ਰਿਜੀ ਕੁਝ ਵਖਰੀ ਸੀ ਅਤੇ ਇਸ ਉਤੇ ਪੰਜਾਬੀ ਬੋਲੀ ਦੇ ਲਹਿਜੇ, ਉਚਾਰਨ ਤੇ ਸ਼ਬਦਾਵਲੀ ਦਾ ਪ੍ਰਭਾਵ ਪ੍ਰਤੱਖ ਤੌਰ ਤੇ ਦੇਖਿਆ ਜਾ ਸਕਦਾ ਹੈ। ਪੰਜਾਬ ਦੀ ਇਸ ਬ੍ਰਿਜੀ ਦਾ ਨਮੂਨਾ ਸੰਤ ਗੁਲਾਬ ਸਿੰਘ, ਭਾਈ ਸੰਤੋਖ ਸਿੰਘ (ਸੂਰਜ ਪ੍ਰਕਾਸ਼) ਤੇ ਗਿਆਨੀ ਗਿਆਨ ਸਿੰਘ (ਪੰਥ ਪ੍ਰਕਾਸ਼) ਆਦਿ ਲੇਖਕਾਂ ਦੀਆਂ ਕ੍ਰਿਤਾਂ ਵਿਚੋਂ ਦੇਖਿਆ ਜਾ ਸਕਦਾ ਹੈ। ਪਰ ਜਿਥੇ ਇਸ ਕਾਲ ਵਿਚ ਰਚਿਆ ਸਮੁਚਾ ਬ੍ਰਿਜੀ ਸਾਹਿਤ ਆਕਾਰ, ਪਸਾਰ ਤੇ ਅਨੇਕਤਾ ਕਰ ਕੇ ਮਹਾਨ ਹੈ, ਉਥੇ ਆਮ ਲੋਕਾਂ ਦੀ ਬੋਲੀ ਵਿਚ ਨ ਲਿਖਿਆ ਹੋਣ ਕਰ ਕੇ ਕੇਵਲ ਵਿਦਵਾਨਾਂ ਦੇ ਘੇਰੇ ਤਕ ਸੀਮਤ ਰਿਹਾ। ਗੁਰੂ ਸਾਹਿਬਾਨ ਦੇ ਵੇਲੇ ਤਕ ਬ੍ਰਿਜੀ ਨੂੰ ਅਪਨਾਉਣ ਦਾ ਮਨੋਰਥ, ਸਿਖ ਸਿਧਾਂਤਾਂ, ਸਿਖੀ ਮਰਯਾਦਾ ਤੇ ਰਹੁ-ਰੀਤ ਨੂੰ ਸਾਰੇ ਭਾਰਤ ਵਿਚ ਪੁਚਾਉਣਾ ਸੀ, ਪਰ ਪਿਛੋਂ ਆ ਕੇ ਵਿਦਵਾਨਾਂ ਵਿਚ ਇਹ ਰੁਚੀ ਇਕ ਫੈਸ਼ਨ ਦੇ ਤੌਰ ਤੇ ਪ੍ਰਚੱਲਤ ਹੋ ਗਈ। ਪੰਜਾਬੀ ਨੂੰ ਬਤੌਰ ਇਕ ਸਾਹਿਤਕ ਬੋਲੀ ਦੇ



Digitized by Panjab Digital Library | www.panjabdigilib.org

ਨ ਕੇਵਲ ਵਰਤਿਆ ਹੀ ਨਾ ਗਿਆ ਸਗੋਂ ਗੰਵਾਰਾਂ, ਪੇਂਡੂਆਂ ਤੇ ਅਨਪੜ੍ਹਾਂ ਦੀ ਬੋਲੀ ਆਖ ਕੇ ਭੰਡਿਆ ਵੀ ਗਿਆ। ਇਸ ਰੁਚੀ ਕਾਰਨ ਪੰਜਾਬੀ ਭਾਸ਼ਾ ਨੂੰ ਜੋ ਨੁਕਸਾਨ ਪੁਜਾ ਉਹ ਬਿਆਨ ਤੋਂ ਬਾਹਰ ਹੈ, ਪਰ ਵਧੇਰੇ ਸ਼ੋਕ ਵਾਲੀ ਗਲ ਤਾਂ ਇਹ ਹੈ ਕਿ ਇਨ੍ਹਾਂ ਵਿਦਵਾਨਾਂ ਦੀਆਂ ਲਿਖਤਾਂ ਨੂੰ ਵੀ ਲੋੜੀਂਦਾ ਮਾਨ ਪ੍ਰਾਪਤ ਨ ਹੋ ਸਕਿਆ। ਪੰਜਾਬ ਦੇ ਆਮ ਲੋਕਾਂ ਨੂੰ ਬ੍ਰਿਜੀ ਦੀ ਸਮਝ ਨਹੀਂ ਸੀ ਤੇ ਬਾਹਰਲੇ ਪ੍ਰਾਂਤਾਂ ਵਾਲੇ ਪੰਜਾਬੀ ਲੇਖਕਾਂ ਦੀ ਬ੍ਰਿਜੀ ਨੂੰ ਪ੍ਰਮਾਣੀਕ ਮੰਨਣ ਤੋਂ ਇਨਕਾਰੀ ਸਨ।

ਗਿਆਨੀ ਗਿਆਨ ਸਿੰਘ ਨੂੰ ਇਸ ਗਲ ਦਾ ਮਾਣ ਹੈ ਕਿ ਉਨ੍ਹਾਂ ਨੇ ਪੰਜਾਬੀ ਬੋਲੀ ਪ੍ਰਤੀ ਇਸ ਕੁਰਚੀ ਨੂੰ ਮਹਿਸੂਸ ਕੀਤਾ ਅਤੇ ਬ੍ਰਿਜੀ ਵਿਚ ਲਿਖੇ ਆਪਣੇ "ਪੰਥ ਪ੍ਰਕਾਸ਼" ਤੋਂ ਬਾਦ ਆਪਣੀਆਂ ਲਗ ਪਗ ਸਾਰੀਆਂ ਰਚਨਾਵਾਂ (ਸਿਵਾਏ ਰਿਪਦਮਨ ਪ੍ਰਕਾਸ਼ ਤੋਂ) ਸਰਲ, ਠੇਠ ਤੇ ਸੁਧ ਪੰਜਾਬੀ ਵਿਰ ਲਿਖੀਆਂ ਅਤੇ ਕਵਿਤਾ ਦੀ ਬਜਾਇ ਵਾਰਤਕ ਵਿਚ ਤਵਾਰੀਖ ਗੁਰੂ ਖਾਲਸਾ, ਤਵਾਰੀਖ ਰਾਜ ਖਾਲਸਾ ਤੇ ਸ਼ਮਸ਼ੇਰ ਖਾਲਸਾ ਆਦਿ ਜਾਂ 'ਵਾਰਤਕ ਪੰਥ ਪ੍ਰਕਾਸ਼' ਨਾਂ ਹੇਠ ਪ੍ਰਕਾਸ਼ਤ ਕੀਤੀਆਂ।

ਪੰਜਾਬੀ ਵਾਰਤਕ ਨੂੰ ਆਧੁਨਿਕ ਬਨਾਉਣ, ਫ਼ਾਰਸੀ ਤੇ ਬ੍ਰਿਜੀ ਦੇ ਅਸਰਾਂ ਤੋਂ ਬਚਾਉਣ, ਇਸ ਨੂੰ ਅੰਗਰੇਜ਼ੀ ਢੰਗ ਦੀ ਨਿਖੇੜੂ ਵਾਰਤਕ ਬਨਾਉਣ ਤੇ ਲੋਕ ਬੋਲੀ ਦੇ ਨੇੜੇ ਲਿਆਉਣ ਵਿਚ ਗਿਆਨੀ ਜੀ ਦਾ ਵਿਸ਼ੇਸ਼ ਹੱਥ ਹੈ। ਇਹ ਵਾਰਤਕ ਜਿਥੇ ਅਕਾਰ ਵਿਚ ੧੫੦੦ ਸੁਫਿਆਂ ਦੇ ਕਰੀਬ ਹੈ ਉਥੇ ਸ਼ੈਲੀ ਦੇ ਪੱਖ ਤੋਂ ਵੀ ਉਤਮ ਗੱਦ ਦੇ ਇਸ ਵਿਚ ਸਾਰੇ ਗੁਣ ਮੌਜੂਦ ਹਨ। ਉਸ ਵੇਲੇ ਤਕ ਪੰਜਾਬੀ ਵਾਰਤਕ ਦੀ ਕੋਈ ਨਿਖਰਵੀਂ ਸ਼ੈਲੀ ਹੋਂਦ ਵਿਚ ਨਹੀਂ ਸੀ ਆਈ। ਪੁਰਾਣੀ ਵਾਰਤਕ ਵਧੇਰੇ ਕਰ ਕੇ ਕਵਿਤਾ ਨਾਲ ਹੀ ਮਿਲਦੀ ਜੁਲਦੀ ਸੀ। ਕਵਿਤਾ ਵਾਲੀ ਭਾਵੁਕਤਾ, ਵਾਕਾਂ ਦੀ ਇਗੜ ਦੁਗੜੀ ਤੇ ਬੇਨੇਮੀ ਬਣਤਰ, ਵਿਚਾਰਾਂ ਦਾ ਕਿਸੇ ਨਿਆਇ-ਲੜੀ ਵਿਚ ਨ ਬੱਧੇ ਹੋਣਾ, ਪੁਰਾਣੀ ਵਾਰਤਕ ਵਿਚ ਆਮ ਦੇਖਿਆ ਜਾਂਦਾ ਸੀ। ਵਿਚਾਰ-ਮਈ, ਸੋਝੀ ਭਰਪੂਰ, ਨਿਆਇ-ਸ਼ੀਲ, ਬੱਝਵੀਂ ਚਾਲ ਵਿਚ ਤੁਰਦੀ ਤੇ ਨੇਮਾਂ ਅਧੀਨ ਉਸਰੀ, ਇਸ ਵਿਸ਼ੇਸ਼ ਤੇ ਨਿਖਰਵੀਂ ਸ਼ੈਲੀ ਨੂੰ ਉਤਪੰਨ ਕਰਨ ਵਾਲੀ ਵਾਰਤਕ ਅਸੀਂ ਗਿਆਨੀ ਗਿਆਨ ਸਿੰਘ ਵਿਚ ਹੀ ਦੇਖ ਸਕਦੇ ਹਾਂ। ਸਰਲਤਾ ਤੇ ਸਪਸ਼ਟੱਤਾ ਇਸ ਵਾਰਤਕ ਦਾ ਇਕ ਹੋਰ ਉੱਘਾ ਲੱਛਣ ਹੈ। ਇਹ ਗਲ ਵੀ ਨਿਸਚੇ ਹੀ ਆਖੀ ਜਾ ਸਕਦੀ ਹੈ ਕਿ ਜਿਥੇ ਆਪ ਦੀ ਬ੍ਰਿਜੀ



Digitized by Panjab Digital Library | www.panjabdigilib.org

ਕਵਿਤਾ ਬਹੁਤੀ ਥਾਈਂ ਸਾਧਾਰਨ ਛੰਦਾ ਬੰਦੀ ਤੋਂ ਉਤਾਂਹ ਨਹੀਂ ਉਠਦੀ ਤੇ ਕਿਸੇ ਵਿਸ਼ੇਸ਼ ਕਾਵਿ-ਮੰਡਲ ਵਿਚ ਆਪਣੇ ਪਾਠਕਾਂ ਨੂੰ ਉਡਾ ਕੇ ਨਹੀਂ ਲੈ ਜਾਂਦੀ ਉਥੇ ਆਪ ਦੀ ਵਾਰਤਕ ਹਰ ਪੱਖ ਤੋਂ ਕਲਾ-ਪੂਰਨ ਹੈ ਅਤੇ ਪਾਠਕਾਂ ਨੂੰ ਇਕ ਵਿਸ਼ੇਸ਼ ਸੋਹਜ ਤੇ ਵਿਸਮਾਦ ਨਾਲ ਅਨੰਦਤ ਕਰਦੀ ਹੈ । ਬਿਆਨ ਵਿਚ ਰੰਗੀਨੀ, ਮਧੁਰਤਾ, ਨਵੀਨਤਾ, ਵੰਨਸਵੰਨਤਾ ਤੇ ਆਪ-ਮੁਹਾਰਾ-ਪਨ ਹੈ ਜਿਸ ਦੀਆਂ ਅਨੇਕਾਂ ਉਦਾਹਰਨਾਂ ਆਪ ਦੀ ਲਿਖਤ ਵਿਚੋਂ ਪੇਸ਼ ਕੀਤੀਆਂ ਜਾ ਸਕਦੀਆਂ ਹਨ । ਬਾਦਸ਼ਾਹ ਬਾਬਰ ਤੇ ਗੁਰੂ ਨਾਨਕ ਦੇਵ ਜੀ ਦੀ ਗਲ ਬਾਤ ਤੋਂ ਇਸ ਸਬੰਧੀ ਕੁਝ ਕੁ ਅਨੁਮਾਨ ਲਾਇਆ ਜਾ ਸਕਦਾ ਹੈ ।

"ਗੁਰੂ ਸਾਹਿਬ ਜੀ ਨੇ ਆਖਿਆ, ਬਾਦਸ਼ਾਹ ਦਾ ਖਜ਼ਾਨਾ ਪਰਜਾ ਦਾ ਹੈ। ਪਰਜਾ ਦਾ ਦੌਲਤਮੰਦ ਹੋਣਾ ਹੀ ਬਾਦਸ਼ਾਹ ਦੀ ਵਡਿਆਈ ਤੇ ਦੌਲਤਮੰਦੀ ਹੈ । ਪਰਜਾ ਬਾਗ ਹੈ, ਬਾਦਸ਼ਾਹ ਮਾਲੀ ਹੈ, ਪਰਜਾ ਬਕਰੀਆਂ ਹਨ,ਬਾਦਸ਼ਾਹ ਅਯਾਲੀ ਹੈ, ਜਿਸ ਦੀ ਪਰਜਾ ਸੁਖੀ ਤੇ ਬਾਦਸ਼ਾਹ ਖੁਸ਼ੀ ਹੈ, ਉਸ ਨੂੰ ਕਦੇ ਦੁਸ਼ਮਣ ਦਾ ਭੈ ਨਹੀਂ ਹੁੰਦਾ ।"

ਉਪਰੋਕਤ ਲਿਖਤ ਵਿਚੋਂ ਆਧੁਨਿਕ ਵਾਰਤਕ ਸ਼ੈਲੀ ਦੇ ਸਾਰੇ ਲੱਛਣ ਦੇਖੇ ਜਾ ਸਕਦੇ ਹਨ । ਗਿਆਨੀ ਜੀ ਬਿਆਨੀਆ ਵਾਰਤਕ ਦੇ ਉਸਤਾਦ ਹਨ । ਚੀਜ਼ਾਂ, ਥਾਵਾਂ, ਘਟਨਾਵਾਂ ਤੇ ਵਾਤਾਵਰਨ ਨੂੰ ਅਜਿਹੀ ਸੁਚੱਜਤਾ ਨਾਲ ਚਿਤਰਦੇ ਹਨ ਕਿ ਇਕ ਪ੍ਰਕਾਰ ਦੀ ਤਸਵੀਰ ਅੱਖਾਂ ਸਾਹਮਣੇ ਆ ਜਾਂਦੀ ਹੈ ।

ਸਿੱਖ ਇਤਿਹਾਸ ਨਾਲ ਸੰਬੰਧਤ ਸਾਰੀਆਂ ਥਾਵਾਂ ਦਾ ਵਰਨਣ ਬੜੇ ਵੇਰਵੇ ਤੇ ਰੀਝ ਨਾਲ ਕਰਦੇ ਹਨ । ਕਈ ਥਾਈਂ ਤਾਂ ਅਜਿਹਾ ਬਿਆਨ ਪੜ੍ਹਦਿਆਂ ਪੜ੍ਹਦਿਆਂ ਪ੍ਰਭਾਵ ਪੈਂਦਾ ਹੈ ਕਿ ਪਾਠਕ ਉਨ੍ਹਾਂ ਥਾਵਾਂ ਉਤੇ ਸਾਪਰਤੱਖ ਪੁਜ ਗਿਆ ਹੈ ਤੇ ਗਿਆਨੀ ਜੀ ਇਕ ਸੋਝੀਵਾਨ, ਹੁਨਰ-ਮੰਦ ਗਾਈਡ ਵਾਂਗ ਛੋਟੀ ਤੋਂ ਛੋਟੀ ਚੀਜ਼ ਦੀ ਵਿਆਖਿਆ ਕਰ ਰਹੇ ਹਨ । ਗੁਰੂ ਨਾਨਕ ਦੇਵ ਜੀ ਦੀ ਉਦਾਸੀ ਸਮੇਂ ਇਕ ਪਹਾੜ ਦਾ ਵਰਨਣ ਇਸ ਦੀ ਪ੍ਰਤੱਖ ਉਦਾਹਰਣ ਹੈ :—

"ਇਹ ਪਹਾੜ ਠੰਡਾ ਬਹੁਤ ਹੈ । ਰਾਜਪੂਤਾਨੇ ਦੇ ਹਾਕਮ ਅੰਗਰੇਜ਼ ਗਰਮੀਆਂ ਵਿਚ ਉਥੇ ਬਹੁਤ ਜਾ ਰਹਿੰਦੇ ਹਨ । ਆਬੂ ਤੋਂ ਉਤਰ ਕੇ ਨੱਖੀ ਤੀਰਥ ਜਿਥੇ ਬੈਸ਼ਨੋ ਸੰਤ ਵਸ਼ਿਸ਼ਟ ਜੀ ਦੇ ਆਸ਼ਰਮ ਤਕ ਬਹੁਤ ਰਹਿੰਦੇ ਸੇ, ਅਚਲੇਸ਼ਵਰ ਮਹਾਂਦੇਵ ਦਾ ਅਸਥਾਨ ਦੇਖ ਕੇ, ਭੀਲਾਂ ਦੇ ਦੇਸ ਬਾਣੀ ਸੈਲ ਕਰਦੇ, ਜੀਵਾਂ ਨੂੰ ਦਰਸ਼ਨ ਉਪਦੇਸ਼ ਦੇ



Digitized by Panjab Digital Library | www.panjabdigilib.org

ਦੇ ਕੇ ਕ੍ਰਿਤਾਰਥ ਕਰਦੇ ਹੋਏ, ਧਾਰਾ ਨਗਰੀ ਦੇ ਬਾਗ ਵਿਚ ਜਿਥੇ ਜੱਗ ਦੇ ਉਪਵਾਰ ਤੇ ਗੋਪੀ ਚੰਦ ਬੜੇ ਉਘੇ ਧਰਮੀ ਰਾਜੇ ਹੋਏ ਹਨ, ਜਾ ਉਤਰੇ। ਜਦ ਬਾਬੇ ਪਾਸ ਬਹੁਤ ਲੋਕ ਆਉਣ ਲੱਗੇ ਤਾਂ ਕੰਨ ਪਾਟੇ ਜੋਗੀ ਖੁਣਸਾਏ ਚਰਚਾ ਕਰਨ ਲੱਗੇ।"

ਜਿਥੇ ਸਾਹਿਤਕ ਦ੍ਰਿਸ਼ਟੀ ਤੋਂ ਆਪ ਦੀ ਵਾਰਤਕ ਸਰਵ-ਗੁਣ ਭਰਪੂਰ ਹੈ, ਉਥੇ ਇਤਿਹਾਸਕ ਦ੍ਰਿਸ਼ਟੀ ਤੋਂ ਵੀ ਇਸ ਦਾ ਵਿਸ਼ੇਸ਼ ਮੁਲ ਹੈ। ਗਿਆਨੀ ਜੀ ਪਹਿਲੇ ਇਤਿਹਾਸਕਾਰ ਹਨ ਜਿਨ੍ਹਾਂ ਨੇ ਏਨੇ ਵੇਰਵੇ ਨਾਲ ਸਮੂਚੇ ਸਿਖ ਇਤਿਹਾਸ ਨੂੰ ਲੋਕਾਂ ਸਾਹਮਣੇ ਪੇਸ਼ ਕੀਤਾ। ਹਰ ਗਲ ਨੂੰ ਘੋਖਿਆ ਤੇ ਅਸਲੀਅਤ ਨੂੰ ਉਜਾਗਰ ਕੀਤਾ। ਦਲੀਲਾਂ, ਪਰਮਾਣਾਂ ਤੇ ਉਦਾਹਰਣਾਂ ਨਾਲ ਆਪਣੇ ਵਿਚਾਰਾਂ ਦੀ ਪ੍ਰੁਸ਼ਟੀ ਕੀਤੀ। ਆਪਣੇ ਨਿਰਣੇ ਪਾਠਕਾਂ ਦੀ ਸੂਝ ਉਤੇ ਛੱਡ ਕੇ ਕਈ ਵਾਰੀ ਵੱਖ ਵੱਖ ਪਰਚਲਤ ਵਿਚਾਰਾਂ ਨੂੰ ਬਿਨ੍ਹਾ ਆਲੋਚਨਾ ਦੇ ਹੂਬਹੂ ਲਿਖ ਦੇਂਦੇ। ਸ: ਹਰੀ ਸਿੰਘ ਨਲੂਏ ਦੀ ਮੌਤ ਬਾਰੇ ਇਹ ਬਿਆਨ ਇਸ ਦੀ ਉਦਾਹਰਨ ਹੈ :

"ਕੁਝ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਮਹਾਂ ਸਿੰਘ ਨੇ ਚੁਪ ਚਾਪ ਬਿਨ੍ਹਾ ਕਿਸੇ ਨੂੰ ਦੱਸੇ ਸ: ਹਰੀ ਸਿੰਘ ਦੀ ਲਾਸ਼ ਦਾ ਦਾਹ-ਸੰਸਕ੍ਰਾਰ ਕਰ ਦਿਤਾ ਸੀ। ਕਿੰਤੂ ਸ: ਹਰੀ ਸਿੰਘ ਦੇ ਇਕ ਖ਼ਾਸ ਨੌਕਰ ਦਾ, ਜੋ ਇਸ ਲੜਾਈ ਵਿਚ ਸ: ਹਰੀ ਸਿੰਘ ਦੇ ਨਾਲ ਸੀ, ਕਥਨ ਹੈ ਕਿ ਸਰਦਾਰ ਜੀ ਦਾ ਪੇਟ ਚਾਕ ਕਰ ਕੇ ਤੇ ਤੇਲ ਲਾ ਕੇ ਇਕ ਖਾਸ ਖੇਮੇਂ ਵਿਚ ਰਖ ਦਿਤਾ ਗਿਆ। ਲਾਂਗਰੀ ਹਰ ਰੋਜ਼ ਪ੍ਰਸ਼ਾਦਿ ਤਿਆਰ ਕਰ ਕੇ ਲੈ ਜਾਂਦਾ ਤੇ ਜਾ ਕੇ ਕਹਿ ਦਿੰਦਾ ਕਿ ਹੁਣ ਅੱਗੇ ਨਾਲੋਂ ਕੁਝ ਆਰਾਮ ਹੈ। ਇਸ ਤਰ੍ਹਾਂ ਉਸ ਵੇਲੇ ਤਕ ਅਸਲ ਹਾਲ ਤੋਂ ਕਿਸੇ ਨੂੰ ਜਾਣੂੰ ਨ ਹੋਣ ਦਿੱਤਾ ਜਦ ਤਕ ਲਾਹੌਰ ਤੋਂ ਸਹਾਇਕ ਫੌਜ ਨ ਪਹੁੰਚ ਗਈ।"

ਗਿਆਨੀ ਜੀ ਨੇ ਭਾਵੇਂ ਪੰਜਾਬੀ ਵਾਰਤਕ ਨੂੰ ਕੇਵਲ ਇਤਿਹਾਸ ਬਿਆਨ ਕਰਨ ਲਈ ਵਰਤਿਆ ਪਰ ਇਸ ਵਿਚ ਹਰ ਪ੍ਰਕਾਰ ਦੀ ਵੰਨਗੀ, ਯਥਾ ਬਿਰਤਾਂਤੀ, ਵਰਣਨੀ, ਦਾਰਸ਼ਨਿਕ, ਭਾਵ ਮਈ ਤੇ ਵਿਆਖਿਆ-ਮਈ ਆਦਿ ਦੇਖੀ ਜਾ ਸਕਦੀ ਹੈ। ਇਸ ਵਾਰਤਕ ਵਿਚ ਪੂਰਾ ਨਿਖਾਰ ਹੈ ਤੇ ਬਿਆਨ ਵਿਚ ਮਿਠਾਸ ਦੇ ਨਾਲ ਵਿਦਵਾਨਾਂ ਵਾਲੀ ਗੰਭੀਰਤਾ ਵੀ ਹੈ। ਸਾਰੀ ਲਿਖਤ ਉਤੇ ਗਿਆਨੀ ਜੀ ਦੀ ਸ਼ਖਸੀਅਤ ਤੇ ਨਿੱਜਤਾ ਦੀ ਮੁਹਰ ਹੈ। ਭਾਵੇਂ ਇਹ ਵਾਰਤਕ ਪ੍ਰੋ: ਪੂਰਨ ਸਿੰਘ ਵਰਗੀ ਵੇਗ-ਮਈ ਤੇ ਉਚੇਰੇ ਗਗਨਾਂ ਨੂੰ ਨਹੀਂ ਛੂੰਹਦੀ, ਜਾਂ ਗੁਰਬਖਸ਼ ਸਿੰਘ ਵਰਗੀ ਸੁਰਾਂਗਲੀ ਤੇ ਆਪਣੀ ਤੀਬਰਤਾ ਕਰ ਕੇ ਪਾਠਕਾਂ ਦੇ ਦਿਲਾਂ ਨੂੰ ਨਹੀਂ ਧੜਕਾਂਦੀ ਜਾਂ ਫੇਰ ਪ੍ਰਿੰ: ਤੇਜਾ ਸਿੰਘ ਵਰਗੀ, ਸ਼ੁਧ, ਟਕਸਾਲੀ, ਤੇ ਪੰਜਾਬੀ ਦੀ ਮਿਆਰੀ ਵਾਰਤਕ ਨਹੀਂ, ਪਰ ਨਿਰਸੰਦੇਹ, ਇਹ ਵਾਰਤਕ ਨਰੋਈ, ਉਭਾਰੂ, ਗੰਭੀਰ ਤੇ ਵਾਕਫੀ ਭਰਪੂਰ ਹੈ ਤੇ ਪੰਜਾਬੀ ਸਾਹਿਤ ਦਾ ਅਨਮੋਲ ਖਜ਼ਾਨਾ ਹੈ।



Digitized by Panjab Digital Library | www.panjabdigilib.org

# ਗਿਆਨੀ ਗਿਆਨ ਸਿੰਘ ਮੇਰੀ ਨਜ਼ਰ ਵਿਚ

ਗਿਆਨੀ ਗਿਆਨ ਸਿੰਘ ਮੇਰੀ ਨਜ਼ਰ ਵਿਚ ਇਕ ਆਸਾਧਾਰਨ ਲੇਖਕ ਤੋਂ ਬਿਨਾ ਸ਼ਰਧਾ ਭਾਵੀ, ਸੁਹਿਰਦ, ਹਠੀ, ਨਿਡਰ, ਤੀਖਣ ਬੁਧ, ਕਰਮਯੋਗੀ ਅਤੇ ਤਿਆਗ ਮੂਰਤੀ ਵਿਅਕਤੀ ਹਨ। ਨਿਰਸੰਦੇਹ ਮਨੁਖੀ ਆਚਰਨ ਦੇ ਇਹ ਅਜਿਹੇ ਗੁਣ ਵਿਸ਼ੇਸ਼ ਹਨ ਜਿਨ੍ਹਾਂ ਦੀ ਹੋਂਦ ਇਕ ਸਾਧਾਰਨ ਮਨੁਖ ਲਈ ਵੀ ਇਛਤ ਹੈ ਪ੍ਰੰਤੂ ਇਕ ਸਾਹਿਤਕਾਰ, ਕਵੀ ਅਤੇ ਲੇਖਕ ਲਈ ਇਨ੍ਹਾਂ ਦੀ ਹੋਂਦ ਤਾਂ ਅਸਲੋਂ ਹੀ ਅਵੱਸ਼ਕ ਸਵੀਕਾਰ ਕਰਨੀ ਪੈਂਦੀ ਹੈ।

ਅਜ ਇਹ ਚਰਚਾ ਸਾਹਿਤ ਜਗਤ ਵਿਚ ਬੜੀ ਗੰਭੀਰਤਾ ਸਹਿਤ ਕੀਤੀ ਜਾਂਦੀ ਹੈ ਕਿ ਸਾਹਿਤਕਾਰ ਤੇ ਉਸਦੇ ਵਿਅਕਤਿਤਵ ਆਪਸੀ ਸਬੰਧ ਕੀ ਹੈ।ਕੋਈ ਕਹਿੰਦਾ ਹੈ ਕਿ ਸਾਹਿਤਕਾਰ ਅਥਵਾ ਸਿਰਜਨਾਤਮਕ ਮਨੁਖ ਦੀ ਸ਼ਖਸੀਅਤ ਅਨੇਕ—ਪਖੀ ਭਾਵ ਦੂਹਰੀ, ਤੀਹਰੀ ਜਾਂ ਬਹੁ ਪਰਕਾਰੀ ਹੈ। ਕਿਸੇ ਸਮੇਂ ਉਹ ਵਪਾਰੀ ਹੁੰਦਾ ਹੈ, ਕਿਸੇ ਸਮੇਂ ਪਤੀ, ਕਿਸੇ ਸਮੇਂ ਪ੍ਰੇਮੀ, ਕਿਸੇ ਸਮੇਂ ਵਿਜਈ, ਕਿਸੇ ਸਮੇਂ ਬਲੀ, ਕਿਸੇ ਸਮੇਂ ਨਿਤਾਣਾ, ਕਿਸੇ ਸਮੇਂ ਅੰਦਰਲਾ ਸਚ ਪਰਗਟਾਉਣ ਵਾਲਾ ਤੇ ਕਿਸੇ ਸਮੇਂ ਅੰਦਰਲਾ ਸਚ ਦਬਾਉਣ ਵਾਲ ਆਦਿ। ਇਹ ਵੀ ਕਹਿਆ ਜਾਂਦਾ ਹੈ ਕਿ ਲੇਖਕ ਦੀ ਨਿਜ ਸ਼ਖਸੀਅਤ ਉਸ ਨਾਲੋਂ ਵਖਰੀ ਹੁੰਦੀ ਹੈ ਤੇ ਹੋਣੀ ਚਾਹੀਦੀ ਹੈ ਜੇਹੜੀ ਸ਼ਖਸੀਅਤ ਕਿ ਉਸਦੀ ਲੇਖਣੀ ਅਥਵਾ ਰਚਨਾ ਵਿਚੋਂ ਪ੍ਰਾਪਤ ਹੁੰਦੀ ਹੈ। ਇਸ ਤਰ੍ਹਾਂ ਚਿਤਵਨ ਵਾਲੇ ਸਮਝਦੇ ਹਨ ਕਿ ਮਨੁਖੀ ਮਨ ਦੀਆਂ ਸਾਧਾਰਨ ਕਮਜ਼ੋਰੀਆਂ ਜਿਹੜੀਆਂ ਲੇਖਕ ਦੀ ਸ਼ਖਸੀਅਤ ਵਿਚ ਅਸੀਂ ਵੇਖਦੇ ਹਾਂ ਉਹ ਇਕ ਭਾਂਤ ਸਮਾਜਕ ਜੀਵਨ ਵਿਚ ਵਿਆਪਕ ਕਮਜ਼ੋਰੀਆਂ ਦੀ ਪ੍ਰਤੀਨਿਧਤਾ ਕਰਦੀਆਂ ਹਨ ਅਤੇ ਲੇਖਕ ਜੇ ਉਹਨਾਂ ਕਮਜ਼ੋਰੀਆਂਨੂੰ ਜਿਤ ਨਹੀਂ ਸਕਦਾ ਤਾਂ ਘਟੋ ਘਟ ਉਨ੍ਹਾਂ ਸਬੰਧੀ ਚੇਤਨ ਹੋਕੇ ਤੇ ਨਿਜੀ ਅਨੁਭਵ ਪ੍ਰਾਪਤ ਕਰਕੇ ਜੇਕਰ ਉਹ ਉਹਨਾਂ ਦੇ ਸਿੰਘਾਰਨ ਅਤੇ ਮਨੁਖੀ ਆਦ੍ਰਸ਼, ਮਨੁਖੀ ਜੀਵਨ ਦੀਆਂ ਨੇਕ, ਉਸਾਰੂ ਤੇ ਸ਼ਕਤੀ ਵਰ ਕਦਰਾਂ ਕੀਮਤਾਂ ਨੂੰ ਪਰਚਾਰਨ ਦਾ ਹੀਲਾ ਕਰਦਾ ਹੈ ਤਾਂ ਸਾਹਿਤਕਾਰ ਦੇ ਰੂਪ ਵਿਚ ਉਹ ਆਪਣੀ ਨਿਜੀ ਸ਼ਖਸੀਅਤ ਦੀਆਂ ਕੋਰੂਪ ਸ਼ਕਤੀਆਂ ਉਤੇ ਵਿਜੈ ਪਾ ਲੈਂਦਾ ਹੈ। ਇਹ ਕਰਮ ਉਸਦਾ ਮਹਾਨ ਅਤੇ ਆਦਰਨੀ ਕਹਿਆ ਜਾਣਾ ਚਾਹੀਦਾ ਹੈ ਕਿਉਂਕਿ ਉਹ ਆਪਣੀਆਂ ਕਮਜ਼ੋਰੀਆਂ ਦੇ ਉਹਲੇ ਵਿਚ ਹੀ ਸਮਾਜਕ ਕਮਜ਼ੋਰੀਆਂ ਨੂੰ



Digitized by Panjab Digital Library | www.panjabdigilib.org

ਵੰਗਾਰ ਰਿਹਾ ਹੁੰਦਾ ਹੈ ਤੇ ਸਮਾਜ ਨੂੰ ਨਰੋਆ ਸੰਦੇਸ਼ ਦੇ ਰਿਹਾ ਹੁੰਦਾ ਹੈ ।

ਮੈਂ ਇਸ ਸਿਧਾਂਤ ਦੇ ਖੰਡਨ ਮੰਡਨ ਲਈ ਇਥੇ ਲੰਮੇ ਵਾਦ ਵਿਵਾਦ ਵਿਚ ਉਲਝਣਾ ਨਹੀਂ ਚਾਹੁੰਦਾ ਪਰੰਤੂ ਮੇਰਾ ਹਾਲੀ ਤਕ ਆਪਣਾ ਵਿਚਾਰ ਇਹਹੈ ਕਿ ਲੇਖਕ ਦੀ ਨਿਜੀ ਸ਼ਖਸੀਅਤ ਅਥਵਾ ਉਸਦੇ ਆਪਣੇ ਨਿਜੀ ਚਲਨ ਤੇ ਆਚਾਰ ਵਿਚ ਅਤੇ ਉਸ ਵਲੋਂ ਉਸਦੀਆਂ ਰਚਨਾਵਾਂ ਤੇ ਕਿਰਤਾਂ ਵਿਚ ਅਭਵਿਅਕਤ ਮਨੁਖੀ ਸਿਸ਼ਟਾਚਾਰ,ਦੀਆਂਕੀਮਤਾਂ ਤੇ ਕਦਰਾਂ ਵਿਚ ਇਕਸਾਰਤਾ ਹੋਣੀ ਅਵੱਸ਼ਕ ਹੈ ਤਾਂ ਹੀ ਉਸ ਦੀ ਰਚਨਾ ਇਕ ਸਮਾਜਕ ਆਦਸ਼ ਬਣ ਸਕੇਗੀ ਅਤੇ ਉਸਦਾ ਪ੍ਰਭਾਵ ਚਿਰਸਥਾਈ ਅਤੇ ਵਡ ਅਕਾਰਾ ਹੋ ਸਕੇਗਾ । ਜਿਹੜੀ ਕਿਰਤ ਲੇਖਕ ਦੀ ਆਪਣੀ ਇਕ ਸ਼ਖਸੀਅਤ ਉਤੇ ਪ੍ਰਭਾਵ ਪਾਉਣ ਤੋਂ ਅਸਮਰਥ ਰਹਿੰਦੀ ਹੈ ਉਹ ਸਮਾਜ ਦੇ ਵਡੇ ਖੇਤਰ ਉਤੇ ਕਿਵੇਂ ਪਰਭਾਵ ਪਾ ਸਕੇਗੀ ਇਸ ਸਬੰਧੀ ਵਧੇਰੇ ਵਿਸ਼ਵਾਸ਼ ਨਾਲ ਕੁਝ ਕਹਿਣਾ ਸੰਭਵ ਨਹੀਂ ।

ਪ੍ਰੰਤੂ ਜਦ ਮੈਂ ਗਿਆਨੀ ਗਿਆਨ ਸਿੰਘ ਜੀ ਜਾਂ ਇਨ੍ਹਾਂ ਤੋਂ ਪੂਰਵਕਾਲੀ ਅਥਵਾ ਇਨ੍ਹਾਂ ਦੇ ਸਮਕਾਲੀ ਲੇਖਕਾਂ ਜਾਂ ਕਵੀਆਂ ਤੇ ਸਾਹਿਤਕਾਰਾਂ ਦੇ ਜੀਵਨ ਉਤੇ ਝਾਤ ਪਾਉਂਦਾ ਹੈ, ਤੇ ਜਿਵੇਂ ਕਿ ਇਸ ਗਰੰਥ ਦੇ ਪਾਠਕਾਂ ਨੇ ਵੀ ਗਿਆਨੀ ਜਾਂ ਹੋਰ ਮਹਾਨ ਸਾਹਿਤਕਾਰਾਂ ਦੀਆਂ ਜੀਵਨੀਆਂ ਦਾ ਅਧਿਐਨ ਕੀਤਾ ਹੋਵੇਗਾ ਤਾਂ ਉਹ ਮੇਰੇ ਇਨ੍ਹਾਂ ਵਿਚਾਰਾਂ ਨਾਲ ਸਹਿਮਤ ਹੋਣਗੇ ਕਿ ਇਕ ਮਹਾਨ ਸਾਹਿਤਕਾਰ ਲਈ ਇਹ ਜ਼ਰੂਰੀ ਹੈ ਕਿ ਉਹ ਕਥਨੀ ਦਾ ਪੂਰਾ ਅਤੇ ਆਪਣੇ ਵਿਚਾਰਾਂ ਅਤੇ ਉਹਨਾਂ ਉਤੇ ਵਰਤੋਂ ਕਰਨ ਵਿਚ ਪਰਪੱਕਤਾ ਅਤੇ ਇਕਸਾਰਤਾ ਦਾ ਨਮੂਨਾ ਹੋਵੇ । ਜਿਥੇ ਇਸ ਗੁਣ ਵਿਸ਼ੇਸ਼ ਦੀ ਅਣਹੋਂਦ ਜਾ ਘਾਟ ਹੋਵੇਗੀ ਓਥੇ ਰਚਨਾ ਨਿਰੋਲ ਜ਼ਬਾਨੀ ਜਮ੍ਹਾ ਖਰਚ ਹੋਕੇ ਰਹਿ ਜਾਵੇਗੀ ਅਤੇ ਇਸਦਾ ਪ੍ਰਭਾਵ ਸੰਕੁਚਤ ਤੇ ਥੋੜ ਚਿਰਾ ਹੋਵੇਗਾ ।

ਗਿਆਨੀ ਗਿਆਨ ਸਿੰਘ ਜੀ ਮੁਢਲੇ ਰੂਪ ਵਿਚ ਇਕ ਇਤਿਹਾਸਕਾਰ ਸਨ ਅਤੇ ਫਿਰ ਇਕ ਕਵੀ, ਉਸਤੋਂ ਉਪ੍ਰੰਤ ਉਹ ਸਿਖ ਇਤਿਹਾਸਕਾਰ ਸਨ ਅਤੇ ਇਸਦੇ ਨਾਲ ਹੀ ਉਹ ਪੰਜਾਬ ਦੇ ਇਤਿਹਾਸਕਾਰ ਸਨ । ਇਸ ਦ੍ਰਿਸ਼ਟੀ ਨਾਲ ਅਸੀਂ ਜੇ ਗਿਆਨ ਸਿੰਘ ਜੀ ਦੀ ਸ਼ਖਸੀਅਤਨੂੰ ਇਕ ਲੇਖਕ ਤੇ ਇਕ ਮਨੁਖ ਦੇ ਰੂਪ ਵਿਚ ਅਡ ਅਡ ਕਰਕੇ ਤੋਲੀਏ ਤਾਂ ਸਾਨੂੰ ਦੋਹਾਂ ਵਿਚ ਕਾਫ਼ੀ ਇਕਸਾਰਤਾ, ਪੂਰਨਤਾ ਅਤੇ ਸਮਾਨਤਾ ਦਿਸ ਆਵੇਗੀ । ਗਿਆਨੀ ਜੀ ਨੇ ਪ੍ਰਸਿਧੀ, ਰਵਾਜ ਜਾਂ ਪਦਾਰਥਕ ਲਾਭਾਂ ਲਈ ਇਤਿਹਾਸ



Digitized by Panjab Digital Library | www.panjabdigilib.org

ਨਹੀਂ ਲਿਖਿਆ—ਗਿਆਨੀ ਜੀ ਨੇ ਸਿਖ ਗੁਰੂਆਂ,ਸਿਖ ਲਹਿਰ ਅਤੇ ਸਿਖ ਸੂਰਮਿਆਂ ਅਥਵਾ ਸਿਖ ਸੰਤਾਂ ਤੇ ਜਪੀਆਂ ਤਪੀਆਂ ਦਾ ਇਤਿਹਾਸ ਲਿਖਿਆ ਹੈ ਤੇ ਕਿੰਨੀ ਵਚਿਤਰ ਗਲ ਹੈ ਕਿ ਇਨ੍ਹਾਂ ਸਭ ਦੇ ਗੁਣ ਉਨ੍ਹਾਂ ਦੀ ਕੇਵਲ ਲੇਖਣੀ ਵਿਚੋਂ ਹੀ ਨਹੀਂ ਪ੍ਰਗਟ ਹੁੰਦੇ ਸਗੋਂ ਉਨ੍ਹਾਂ ਦੀ ਆਪਣੀ ਸ਼ਖਸੀਅਤ ਵਿਚੋਂ ਵੀ ਡੁਲ੍ਹ ਡੁਲ੍ਹ ਪੈਂਦੇ ਨਜ਼ਰ ਆਉਂਦੇ ਹਨ।

ਗਿਆਨੀ ਜੀ ਇਕ ਤਪਸਵੀ ਸਨ—ਧੂਣੀ ਲਾਉਣ ਵਾਲੇ ਨਹੀਂ ਸਗੋਂ ਇਕ ਸਾਹਿਤਕਾਰ ਦੇ ਰੂਪ ਵਿਚ ਆਪਣੇ ਲਖਸ਼ ਲਈ ਬੇਓੜਕ ਘਾਲ, ਮਿਹਨਤ ਦੇ ਤੇ ਉਦਮ ਕਰਨ ਵਾਲੇ।ਉਹ ਹਠੀ ਸਨ ਤੇ ਨਿਡਰ ਸਨ ਤੇ ਇਸੇ ਕਰਕੇ ਡਰਾਉਣੇ ਜੰਗਲਾਂ ਵਿਚ ਵੀ ਉਹ ਸ਼ੇਰਾਂ, ਚੀਤਿਆਂ ਤੇ ਮਾਸਖੋਰ ਭੀਲਾਂ ਵਿਚ ਵਿਚਰਦੇ ਰਹੇ। ਉਹ ਸੁਹਿਰਦ ਸਨ ਸੁਚੇ ਸਨ ਤੇ ਸੂਝਵਾਨ ਸਨ, ਇਸਲਈ ਉਨ੍ਹਾਂ ਨੇ ਆਪਣੇ ਵਿਸ਼ੇ ਦੀ ਖੋਜ ਲਈ ਸਾਰਾ ਜੀਵਨ ਲਾ ਦਿਤਾ।ਉਹ ਦੂਰ ਦੂਰ ਤਕ ਗਏ,ਅਨੇਕਾਂ ਥਾਵਾਂ ਆਪ ਵੇਖੀਆਂ ਤੇ ਅਨੇਕਾਂ ਵਿਅਕਤੀਆਂ ਨੂੰ ਮਿਲੇ ਅਤੇ ਉਨ੍ਹਾਂ ਤੋਂ ਤਸਦੀਕ ਕਰ ਕਰਕੇ ਲਿਖਦੇ ਰਹੇ। ਉਹ ਤਰਕਵਾਦੀ ਸਨ ਇਸ ਲਈ ਆਪਣੀ ਰਚਨਾ ਵਿਚ ਜਿਥੇ ਕੋਈ ਤਰੁਟੀ ਸੀ ਉਸ ਨੂੰ ਮੁੜ ਸੋਧਣ ਤੋਂ ਕਦੇ ਸੰਕੋਚ ਨ ਕੀਤਾ। ਜਿਹੜੇ ਦੇਸ਼ ਦਾ, ਜਿਨ੍ਹਾਂ ਮਨੁਖਾਂ ਦਾ ਉਹ ਇਤਿਹਾਸ ਲਿਖਦੇ ਸਨ ਉਨ੍ਹਾਂ ਨਾਲ ਉਨ੍ਹਾਂ ਨੂੰ ਇਸ਼ਕ ਸੀ, ਪਿਆਰ ਸੀ ਤੇ ਉਨ੍ਹਾਂ ਪ੍ਰਤੀ ਉਹ ਸੁਹਿਰਦ ਸਨ। ਆਪਣੇ ਪੰਜਾਬ ਨੂੰ ਉਨ੍ਹਾਂ ਨੇ ਉਚੇਰੀ ਕਾਵਿ ਕਲਾ ਵਿਚ ਚਿਤਰਿਆ। ਆਪਣੇ ਪੰਜਾਬੀਆਂ ਦੇ ਉਚ ਆਚਰਨ ਅਤੇ ਮਹਾਨ ਕਰਤੱਵ ਨੂੰ ਉਨ੍ਹਾਂ ਨੇ ਸ਼ਰਧਾ ਭਾਵੀ ਹੋਕੇ ਅੰਕਿਆ। ਇਹੋ ਕਾਰਨ ਸੀ ਕਿ ਉਨ੍ਹਾਂ ਦੀ ਲਿਖਤ ਵਿਚ ਇਕ ਪ੍ਰਚੰਡ ਸਪਿਰਟ ਭਰ ਗਈ, ਅਤੇ ਇਹੋ ਕਾਰਨ ਸੀ ਕਿ ਇਸ ਪ੍ਰਚੰਡ ਭਾਵੀ ਰਚਨਾ ਨੇ ਹੋਰਨਾਂ ਅਨੇਕਾਂ ਵਿਚ ਵੀ ਪ੍ਰਚੰਡ ਭਾਵਨਾਵਾਂ ਭਰੀਆਂ।

ਗਿਆਨੀ ਜੀ ਨਿਸ਼ਕਾਮ ਤੇ ਨਿਮਰ ਵਿਅਕਤੀ ਸਨ। ਉਨ੍ਹਾਂ ਨੇ ਆਪਣੀਆਂ ਲਿਖਤਾਂ ਤੋਂ ਰਾਇਲਟੀਆਂ ਨਹੀਂ ਲਈਆਂ। ਪੰਥਕ ਪਿਆਰ ਦੇ ਭਾਵਾਂ ਨੂੰ ਜਦੋਂ ਟੁੰਬਿਆ ਗਿਆ ਤਾਂ ਸਾਰੀਆਂ ਲਿਖਤਾਂ ਖਾਲਸਾ ਟ੍ਰੈਕਟ ਸੁਸਾਇਟੀ ਨੂੰ ਬਿਨਾ ਕਿਸੇ ਮਾਇਕ ਇਵਜ਼ਾਨੇ ਜਾਂ ਲਾਭ ਤੋਂ ਭੇਟ ਕਰ ਦਿਤੀਆਂ। ਨਿਰਮਾਨਤਾ ਦਾ ਉਦਾਹਰਨ ਇਹ ਹੈ ਕਿ ਹਰ ਸੰਪਰਦਾ ਦਾ ਵਰਨਣ ਪੂਰੀ ਪੂਰੀ ਇਮਾਨਦਾਰੀ



Digitized by Panjab Digital Library | www.panjabdigilib.org

ਨਾਲ ਕੀਤਾ ਅਤੇ ਹਰ ਸ੍ਰੇਣੀ ਤੇ ਹਰ ਇਲਾਕੇ ਪ੍ਰਤੀ ਵਿਚਾਰ ਬੜੇ ਨਿਆਂ-ਕਾਰੀ ਪ੍ਰਗਟ ਕੀਤੇ

ਕਵੀ ਦੇ ਰੂਪ ਵਿਖ ਉਨ੍ਹਾਂ ਨੇ ਉਚ ਭਾਂਤ ਦੀ ਕਾਵਿ ਕਲਾ ਦਾ ਸਬੂਤ ਦਿਤਾ। ਭਾਸ਼ਾ ਉਤੇ (ਬ੍ਰਜ ਜਾਂ ਸਾਧ ਭਾਸ਼ਾ ਉਤੇ) ਅਤੇ ਆਪਣੇ ਲੋਕਾਂ ਦੀ ਲੋਕ ਬੋਲੀ ਪੰਜਾਬੀ ਉਤੇ ਉਨ੍ਹਾਂ ਨੂੰ ਪੂਰਾ ਪੂਰਾ ਅਬੂਰ ਸੀ । ਛਦੰ ਵਿਧਾਨ ਦੇ ਉਹ ਪੂਰਨ ਗਿਆਨੀ ਸਨ ਅਤੇ ਕਾਵਿ ਕੌਸ਼ਲ ਵਿਚ ਪੂਰੀ ਭਾਂਤ ਨਿਪੁਨ । ਭਾਈ ਮਨੀ ਸਿੰਘ ਜੀ ਤੋਂ ਉਪਰੰਤ ਪੰਜਾਬੀ ਵਾਰਤਕ ਦੇ ਉਹ ਸਫ਼ਲ ਲਿਖਾਰੀ ਸਗੋਂ ਇਸ ਨੂੰ ਪ੍ਰਚਲਤ ਕਰਨ ਵਾਲੇ ਮੋਢੀਆਂ ਵਿਚੋਂ ਸਨ ।ਇਤਿਹਾਸ ਲਿਖਣ ਲਈ ਕਾਵਿ ਸ਼ੈਲੀ ਦੀ ਪ੍ਰਥਾ ਨੂੰ ਸ਼ਾਇਦ ਇਨ੍ਹਾਂ ਨੇ ਪਹਿਲੀ ਵਾਰ ਵਾਰਤਕ ਸ਼ੈਲੀ ਵਲ ਮੋੜਿਆ ।

ਕਿਹਾ ਚੰਗਾ ਹੋਵੇ ਜੇ ਗਿਆਨੀ ਗਿਆਨ ਸਿੰਘ ਜੀ ਦੇ ਜੀਵਨ ਅਥਵਾ ਉਨ੍ਹਾਂ ਦੀ ਸ਼ਖਸੀਅਤ ਦੇ ਕੁਝ ਇਕ ਨਿਜੀ ਗੁਣਾਂ ਅਤੇ ਅੰਸ਼ਾਂ ਦਾ ਸੰਚਾਰ ਅਜ ਦੇ ਲੇਖਕ ਆਪਣੀਆਂ ਸ਼ਖਸੀਅਤਾਂ ਵਿਚ ਕਰ ਸਕਣ ਅਤੇ ਆਪਣੀਆਂ ਰਚਨਾਵਾਂ ਨੂੰ ਆਪਣੇ ਕਰਤਵਾਂ ਨਾਲ ਮਿਲਾਕੇ ਕਿਸੇ ਚਿਰ ਥੀਵੀ ਕਿਰਤ ਦੇ ਪ੍ਰਯਤਨ ਕਰ ਸਕਣ ।



Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-1541

Digitized by Panjab Digital Library | www.panjabdigilib.org

ਪ·ਸ ਸ·ਬ

Digitized by Panjab Digital Library | www.panjabdigilib.org